Punjabi Parwaz
# ਪੰਜਾਬੀ ਪਰਵਾਜ਼
ਅੰਕ 33ਵਾਂ (ਸ਼ਿਕਾਗੋ): 17 ਅਗਸਤ ਤੋਂ 30 ਅਗਸਤ 2024 ਤੱਕ
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ
e-mail: punjabiparwaz@gmail.com
www.punjabiparwaz.com
Address: 827 E. Kings Row, Unit# 7, Palatine, IL 60074 - Ph: 224-386-4548

# ਪੰਜਾਬ ਵਿੱਚ ਹਾਈਵੇਅ ਪ੍ਰੌਜੈਕਟਾਂ ਦੀ ਭਸੂੜੀ

**ਪੰਜਾਬੀ ਪਰਵਾਜ਼ ਬਿਊਰੋ**

ਕੇਂਦਰੀ ਅਵਾਜਾਈ ਬਾਰੇ ਮੰਤਰੀ ਨਿਤਿਨ ਗਡਕਰੀ ਨੇ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਪੱਤਰ ਲਿਖ ਕੇ ਕਿਹਾ ਹੈ ਕਿ ਰਾਜ ਵਿੱਚ ਬਣ ਰਹੇ 8 ਹਾਈਵੇ ਪ੍ਰੋਜੈਕਟਾਂ ਲਈ ਜ਼ਮੀਨ ਅਕਵਾਇਰ ਕਰ ਕੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਦਿੱਤੀ ਜਾਵੇ ਤਾਂ ਕਿ ਇਹ ਹਾਈਵੇ ਪ੍ਰੋਜੈਕਟ ਸਮੇਂ ਸਿਰ ਪੂਰੇ ਕੀਤੇ ਜਾ ਸਕਣ। ਲੁਧਿਆਣਾ ਅਤੇ ਜਲੰਧਰ ਦੇ ਕੁਝ ਪਿੰਡਾਂ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਦੇ ਮੁਲਾਜ਼ਮਾਂ ਅਤੇ ਪੇਂਡੂਆਂ ਜਾਂ ਲੋਕਾਂ ਅਤੇ ਇਨ੍ਹਾਂ ਪ੍ਰੋਜੈਕਟਾਂ ਦੇ ਠੇਕੇਦਾਰਾਂ ਵਿਚਕਾਰ ਆਪਸ ਵਿੱਚ ਬੀਤੇ ਦਿਨੀਂ ਕੁਝ ਝਗੜੇ ਸਾਹਮਣੇ ਆਏ ਹਨ, ਜਿਨ੍ਹਾਂ ਕਾਰਨ ਕੁਝ ਪ੍ਰੋਜੈਕਟਾਂ ‘ਤੇ ਕੰਮ ਰੁਕ ਗਿਆ ਹੈ। ਕੇਂਦਰੀ ਮੰਤਰੀ ਨੇ ਮੁੱਖ ਮੰਤਰੀ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਜ਼ਮੀਨ ਅਕਵਾਇਰ ਕਰਕੇ ਨਾ ਦਿੱਤੀ ਗਈ ਤਾਂ ਪੰਜਾਬ ਵਿੱਚ ਚੱਲ ਰਹੇ ਇਹ ਪ੍ਰੋਜੈਕਟ ਰੱਦ ਕਰ ਦਿੱਤੇ ਜਾਣਗੇ। ਅੰਮ੍ਰਿਤਸਰ ਕੁਨੈਕਟਿਵਿਟੀ, ਲੁਧਿਆਣਾ-ਬਠਿੰਡਾ ਹਾਈਵੇ, ਲੁਧਿਆਣਾ-ਰੂਪਨਗਰ ਹਾਈਵੇ, ਅੰਮ੍ਰਿਤਸਰ-ਬਠਿੰਡਾ ਹਾਈਵੇ, ਮਲੇਰਕੋਟਲਾ-ਲੁਧਿਆਣਾ ਹਾਈਵੇ, ਜਲੰਧਰ-ਕਪੂਰਥਲਾ-ਗੁਰਦਾਸਪੁਰ ਹਾਈਵੇਅ, ਗੁਰਦਾਸਪੁਰ ਅੰਮ੍ਰਿਤਸਰ ਹਾਈਵੇ ਇਨ੍ਹਾਂ ਪ੍ਰੋਜੈਕਟਾਂ ਦਾ ਹਿੱਸਾ ਹਨ। ਇਸ ਤੋਂ ਇਲਾਵਾ ਤਿੰਨ ਪ੍ਰੋਜੈਕਟ ਪਹਿਲਾਂ ਹੀ ਰੱਦ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਲੁਧਿਆਣਾ-ਰੂਪਨਗਰ-ਖਰੜ ਹਾਈਵੇ, ਦੱਖਣੀ ਲੁਧਿਆਣਾ ਬਾਈਪਾਸ ਅਤੇ ਅੰਮ੍ਰਿਤਸਰ-ਘੁਮਾਣ-ਟਾਂਡਾ ਪ੍ਰੋਜੈਕਟ ਸ਼ਾਮਲ ਹਨ।

ਦਿੱਲੀ-ਅੰਮ੍ਰਿਤਸਰ-ਕਟੜਾ ਹਾਈਵੇ ਵੀ ਪੰਜਾਬ ਵਿੱਚ ਬਣ ਰਿਹਾ ਹੈ। ਇਹ 650 ਕਿਲੋਮੀਟਰ ਲੰਬਾ ਹਾਈਵੇ ਹੋਵੇਗਾ। ਇਸ ਦਾ ਵੱਡਾ ਹਿੱਸਾ ਪੰਜਾਬ ਵਿੱਚ ਪੈਣਾ ਹੈ। ਕੇਂਦਰੀ ਮੰਤਰੀ ਨਿਤਿਨ ਗੜਕਰੀ ਅਨੁਸਾਰ ਜਿਨ੍ਹਾਂ ਉਪਰੋਕਤ ਅੱਠ ਪ੍ਰੋਜੈਕਟਾਂ ‘ਤੇ ਕੰਮ ਚੱਲ ਰਿਹਾ ਹੈ, ਉਨ੍ਹਾਂ ‘ਤੇ ਕੰਮ ਕਰਦੇ ਠੇਕੇਦਾਰਾਂ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਮੁਲਾਜ਼ਮਾਂ ‘ਤੇ ਹੋ ਰਹੇ ਹਮਲਿਆਂ ਤੇ ਮਿਲ ਰਹੀਆਂ ਧਮਕੀਆਂ ਨੂੰ ਰੋਕਿਆ ਜਾਵੇ ਅਤੇ ਜਿਸ ਜ਼ਮੀਨ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ, ਉਹ ਨੈਸ਼ਨਲ ਹਾਈਵੇ ਅਥਾਰਿਟੀ ਦੇ ਹਵਾਲੇ ਕੀਤੀ ਜਾਵੇ, ਤਾਂ ਕਿ ਇਨ੍ਹਾਂ ‘ਤੇ ਕੰਮ ਅੱਗੇ ਤੁਰ ਸਕੇ। ਇਸ ਤੋਂ ਇਲਾਵਾ ਇਸ ਪੱਤਰ ਵਿੱਚ ਇਹ ਕਿਹਾ ਗਿਆ ਹੈ ਕਿ ਤਜਵੀਜ਼ਤ ਬਹੁਮਾਰਗੀ ਸੜਕਾਂ ਲਈ ਜ਼ਮੀਨ ਅਕਵਾਇਰ ਕਰ ਕੇ ਦਿੱਤੀ ਜਾਵੇ। ਯਾਦ ਰਹੇ, ਇਸ ਮਾਮਲੇ ਵਿੱਚ ਲੱਖਾ ਸਿਧਾਣਾ, ਉਸ ਦੇ ਸਾਥੀਆਂ ਅਤੇ ਕਿਸਾਨ ਸੰਗਠਨਾਂ ਦਾ ਨਾਂ ਵੀ ਜੁੜਿਆ ਸੀ।

***ਖੇਤਾਂ-ਫਸਲਾਂ ਦੀ ਥਾਂ ਸੜਕਾਂ ਵਿਛਾ ਦੇਣੀਆਂ**




ਉਧਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਹਾਈਵੇ ਅਥਾਰਟੀ ‘ਤੇ ਦੋਸ਼ ਲਾਇਆ ਕਿ ਉਹ ਆਪਣੇ ਪੈਰੀਂ ਇਨ੍ਹਾਂ ਪ੍ਰਾਜੈਕਟਾਂ ਦਾ ਕੰਮ ਲੇਟ ਕਰ ਰਹੀ ਹੈ। ਕਈ ਥਾਵਾਂ ‘ਤੇ ਹਾਈਵੇ ਅਥਾਰਟੀ ਲੋਕਾਂ ਨੂੰ ਜ਼ਮੀਨਾਂ ਦੇ ਤੈਅ ਮੁਆਵਜ਼ੇ ਦੇਣ ਲਈ ਰਾਜੀ ਨਹੀਂ ਹੈ, ਵਧ ਮੁਆਵਜ਼ੇ ਖਿਲਾਫ ਅਪੀਲ ਕਰਨ ਦੇ ਚੱਕਰ ਵਿੱਚ ਪੈ ਗਈ ਹੈ, ਇਸ ਕਾਰਨ ਇਨ੍ਹਾਂ ਪ੍ਰੋਜੈਕਟਾਂ ਵਿੱਚ ਦੇਰੀ ਹੋ ਗਈ। ਇਸ ਤੋਂ ਇਲਾਵਾ ਮੁਆਵਜ਼ੇ ਦੀ ਰਕਮ ਵੀ ਇਕਸਾਰ ਨਹੀਂ ਹੈ। ਕਿਤੇ ਇੱਕ ਕਰੋੜ ਨੂੰ ਕਿੱਲਾ ਹੈ, ਕਿਧਰੇ 7 ਲੱਖ ਨੂੰ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਹਾਈਵੇਜ਼ ਲਈ ਜ਼ਮੀਨ ਅਕਵਾਇਰ ਕਰਵਾ ਕੇ ਦੇਣ ਲਈ ਤਿਆਰ ਹੈ। ਅਮਨ ਕਾਨੂੰਨ ਕਾਇਮ ਰੱਖਣ ਲਈ ਵੀ ਸਥਾਨਕ ਪੁਲਿਸ ਨੂੰ ਹੁਕਮ ਦਿੱਤੇ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਈ ਪ੍ਰੋਜੈਕਟਾਂ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਜ਼ਮੀਨ ਅਕਵਾਇਰ ਕਰਕੇ ਵੀ ਦਿੱਤੀ ਗਈ, ਪਰ ਉਥੇ ਕੰਮ ਨਹੀਂ ਸ਼ੁਰੂ ਕੀਤਾ ਗਿਆ ਅਤੇ ਕਿਸਾਨਾਂ ਨੇ ਉਸ ਜ਼ਮੀਨ ਵਿੱਚ ਫਿਰ ਝੋਨਾ ਲਗਾ ਦਿੱਤਾ ਹੈ।

ਇੱਧਰ ਦਿੱਲੀ-ਅੰਮ੍ਰਿਤਸਰ ਤੇ ਜੰਮੂ-ਕਟੜਾ ਹਾਈਵੇਅ ਨਾਲ ਲਗਦੇ ਪਿੰਡਾਂ ਅਤੇ ਕਿਸਾਨ ਯੂਨੀਅਨਾਂ ਨੇ ਦੋਸ਼ ਲਾਇਆ ਹੈ ਕਿ ਨੈਸ਼ਨਲ ਹਾਈਵੇ ਅਥਾਰਟੀ ਲਈ ਕੰਮ ਕਰਦੇ ਠੇਕੇਦਾਰ ਹੱਦੋਂ ਵੱਧ ਖੁਦਾਈ ਕਰ ਰਹੇ ਹਨ। ਇਸ ਨਾਲ ਆਲੇ-ਦੁਆਲੇ ਦੀ ਜ਼ਮੀਨ ਅਤੇ ਵਾਤਾਵਰਣ ਨੂੰ ਵੀ ਖਤਰਾ ਖੜ੍ਹਾ ਹੋ ਗਿਆ ਹੈ। ਜਲੰਧਰ ਵਿੱਚ ਪੈਂਦੇ ਪਿੰਡ ਰਾਮਵਾਲ, ਨਾਹਲਾਂ, ਫਤਹਿਪੁਰ ਅਤੇ ਕੋਟ ਬਾਦਲ ਖਾਨ ਦੇ ਲੋਕਾਂ ਨੇ ਇਕੱਠੇ ਹੋ ਕੇ ਐਨ.ਐਚ.ਏ.ਆਈ. ਅਤੇ ਐਮ.ਕੇ.ਸੀ. ਕੰਪਨੀ ਦੇ ਅਧਿਕਾਰੀਆਂ ਦੀ ਕਥਿਤ ਰੂਪ ਵਿੱਚ ਕੁੱਟਮਾਰ ਕਰ ਦਿੱਤੀ ਤੇ ਖੁਦਾਈ ਦਾ ਕੰਮ ਰੋਕ ਦਿੱਤਾ ਗਿਆ। ਐਮ.ਕੇ.ਸੀ. ਇਨਫਰਾਸਟਰਕਚਰ ਦਾ ਲਾਈਨਿੰਗ ਐਗਜ਼ੈਕਟਿਵ ਮੁਨੀਸ਼ ਸ਼ਰਮਾ ਮੌਕਾ ਵੇਖਣ ਗਿਆ ਤਾਂ ਪਿੰਡਾਂ ਦੇ ਲੋਕਾਂ ਨੇ ਕਥਿਤ ਰੂਪ ਵਿੱਚ ਉਸ ‘ਤੇ ਹਮਲਾ ਕਰ ਦਿੱਤਾ। ਕੁਝ ਪਿੰਡਾਂ ਦੇ ਲੋਕਾਂ ਨੇ ਰਾਮੇਵਾਲ ਅਤੇ ਫਤਹਿਪੁਰ ਦੇ ਵਿਚਕਾਰ ਹਾਈਵੇ ਦੀ ਉਸਾਰੀ ਦਾ ਕੰਮ ਰੋਕ ਦਿੱਤਾ ਹੈ। ਇਸ ਮਾਮਲੇ ਵਿੱਚ ਐਫ.ਆਈ.ਆਰ. 9 ਦਿਨ ਬਾਅਦ ਦਰਜ ਕੀਤੀ ਗਈ। ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਅਸੀਂ ਖਣਨ ਵਿਭਾਗ ਤੋਂ ਰਿਪੋਰਟ ਮੰਗੀ ਹੈ, ਕਿਉਂਕਿ ਕਥਿਤ ਮੁਲਜ਼ਮਾਂ ਨੇ ਦੋਸ਼ ਲਾਇਆ ਕਿ ਜ਼ਮੀਨ ਯੋਗ ਹੱਦ ਤੋਂ ਵੱਧ ਖੋਦੀ ਜਾ ਰਹੀ ਹੈ। ਇਸ ਤੋਂ ਇਲਾਵਾ ਜਲੰਧਰ ਦੇ ਡਿਪਟੀ ਕਮਿਸ਼ਨਰ ਦਾ ਆਖਣਾ ਹੈ ਕਿ ਪ੍ਰਸ਼ਾਸਨ ਆਪਣੇ ਤੌਰ ‘ਤੇ ਵੱਖ ਪੜਤਾਲ ਕਰ ਰਿਹਾ ਹੈ। ਜੇ ਖੁਦਾਈ ਕਾਨੂੰਨੀ ਹੱਦ ਤੋਂ ਵੱਧ ਕੀਤੀ ਗਈ ਹੋਈ ਤਾਂ ਇਸ ਦੀ ਨੈਸ਼ਨਲ ਹਾਈਵੇ ਅਥਾਰਟੀ ਕੋਲ ਰਿਪੋਰਟ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਦੂਜੀ ਘਟਨਾ ਲੁਧਿਆਣਾ ਦੇ ਪਿੰਡ ਦਾਖਾ ਲਾਗੇ ਚੱਲ ਰਹੇ ਹਾਈਵੇ ਪ੍ਰੋਜੈਕਟ ‘ਤੇ ਵਾਪਰੀ। ਨੈਸ਼ਨਲ ਹਾਈਵੇ ਅਥਾਰਿਟੀ ਦੇ ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਕੁੱਝ ਆਪਣੇ ਆਪ ਨੂੰ ਕਿਸਾਨ ਸੰਗਠਨਾਂ ਦੇ ਵਰਕਰ ਦੱਸਦੇ ਲੋਕਾਂ ਅਤੇ ਲੱਖਾ ਸਿਧਾਣਾ ਦੇ ਹਮਾਇਤੀਆਂ ਨੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ। ਪੁਲਿਸ ਅਨੁਸਾਰ 4 ਸ਼ੱਕੀਆਂ ਵਿੱਚੋਂ ਦੋ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਅਸਲ ਵਿੱਚ ਦੋ ਠੇਕੇਦਾਰਾਂ ਦੇ ਵਿਚਕਾਰ ਆਪਸੀ ਝਗੜਾ ਸੀ। ਇਨ੍ਹਾਂ ਕਥਿਤ ਦੋਸ਼ੀਆਂ ਵਿੱਚ ਬਾਲਾਜੀ ਟਰੇਡਿੰਗ ਕੰਪਨੀ ਦੇ ਸੰਦੀਪ ਸ਼ਰਮਾ ਅਤੇ ਮਨੀਸ਼ ਗੋਦਾਰਾ ਸ਼ਾਮਲ ਹਨ। ਇਸ ਪ੍ਰਾਜੈਕਟ ਨੂੰ ਉਸਾਰਨ ਨੂੰ ਲੈ ਕੇ ਬਾਲਾਜੀ ਟਰੇਡਿੰਗ ਕੰਪਨੀ ਦਾ ਟੈਂਡਰ ਰੱਦ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਹ ਪੈਸੇ ਦੇ ਲੈਣ-ਦੇਣ ਦਾ ਝਗੜਾ ਹੈ, ਜਿਹੜਾ ਕੇਂਦਰੀ ਮੰਤਰੀ ਦੇ ਬਿਆਨ ਨੇ ਖਿੱਚ ਕੇ ਵੱਡਾ ਕਰ ਦਿੱਤਾ। ਉਂਝ ਪੰਜਾਬ ਸਰਕਾਰ ਚਲ ਰਹੇ ਇਨ੍ਹਾਂ ਸੜਕੀ ਪ੍ਰੋਜੈਕਟਾਂ ਦੇ ਕੰਮ ਦੀ ਸੁਰੱਖਿਆ ਵਧਾਉਣ ਦੀ ਤਿਆਰੀ ਕਰ ਰਹੀ ਹੈ। ਇਸ ਸੰਬੰਧ ਵਿੱਚ ਪੰਜਾਬ ਦੇ ਚੀਫ ਸੈਕਰੇਟਰੀ ਅਨੁਰਾਗ ਵਰਮਾ ਐਨ.ਐਚ.ਏ.ਆਈ. ਦੇ ਅਧਿਕਾਰੀਆਂ, ਡਿਪਟੀ ਕਮਿਸ਼ਨਰਾਂ ਅਤੇ ਪੀ.ਡਬਲਿਊ.ਡੀ. ਮਹਿਕਮੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ।

ਪੰਜਾਬ ਵਿੱਚ ਉਸਰ ਰਹੇ ਇਨ੍ਹਾਂ ਹਾਈਵੇ ਪ੍ਰੋਜੈਕਟਾਂ ਦਾ ਸਭ ਤੋਂ ਵੱਡਾ ਖਦਸ਼ਾ ਵਾਤਾਵਰਣ ਪੱਖੀ ਕਾਰਕੁੰਨਾਂ ਵੱਲੋਂ ਜਤਾਇਆ ਜਾ ਰਿਹਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਪੰਜਾਬ ਦੇ ਬਹੁਤੇ ਹਾਈਵੇ ਪ੍ਰਾਜੈਕਟ ਪਾਣੀ ਦੇ ਕੁਦਰਤੀ ਵਹਾ ਨੂੰ ਕੱਟਦੇ ਹਨ। ਜਦੋਂ ਵੀ ਕਦੀ ਬਾਰਸ਼ ਜ਼ਿਆਦਾ ਹੋਈ, ਇਨ੍ਹਾਂ ਦੇ ਆਲੇ-ਦੁਆਲੇ ਹੜ੍ਹ ਆਉਣ ਦਾ ਖਤਰਾ ਬਣਿਆ ਰਹੇਗਾ। ਸੜਕਾਂ ਦਾ ਇਹ ਜਾਲ ਪੰਜਾਬ ਦੇ ਪਿੰਡਾਂ ਦੀ ਅਬਾਦੀ ਨਾਲੋਂ ਨਾਤਾ ਤੋੜ ਲਵੇਗਾ। ਸਭ ਤੋਂ ਵੱਡੀ ਮਾਰ

⇒ ਬਾਕੀ ਸਫਾ 7 ਉਤੇ ਪੜ੍ਹੋ









# ਬੰਗਲਾਦੇਸ਼ ਵਿੱਚ ਤਖਤ ਪਲਟਿਆ

ਜੇ.ਐਸ. ਮਾਂਗਟ

*ਮੁਹੰਮਦ ਯੂਨਸ ਬਣੇ ਅੰਤ੍ਰਿਮ ਸਰਕਾਰ ਦੇ ਮੁਖੀ

*ਹਸੀਨਾ ਦਾ 15 ਸਾਲਾਂ ਦਾ ਸ਼ਾਸਨ ਅਚਾਨਕ ਖ਼ਤਮ

*ਘਰ 'ਚ ਨਜ਼ਰਬੰਦ ਖਾਲਿਦਾ ਜ਼ਿਆ ਹੋਈ ਰਿਹਾਅ


ਮੁਹੰਮਦ ਯੂਨਸ



ਭਾਰਤ ਦੇ ਗੁਆਂਢੀ ਦੇਸ ਬੰਗਲਾਦੇਸ਼ ਵਿੱਚ ਜੁਲਾਈ ਮਹੀਨੇ ਤੋਂ ਚੱਲ ਰਹੀ ਵਿਦਿਆਰਥੀਆਂ ਦੀ ਵਿਰੋਧ ਲਹਿਰ ਨੇ ਪ੍ਰਧਾਨ ਮੰਤਰੀ (ਹੁਣ ਸਾਬਕਾ) ਸ਼ੇਖ ਹਸੀਨਾ ਦਾ ਤਖਤਾ ਪਲਟ ਦਿੱਤਾ ਹੈ। ਵੱਡੇ ਵਿਰੋਧ ਪ੍ਰਦਰਸ਼ਨ ਅਤੇ ਇਸ ਕਾਰਨ ਕਾਫੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਨੇ ਅਖੀਰ ਦੇਸ ਦੇ ਬਾਨੀ ਸ਼ੇਖ ਮੁਜ਼ਬੀ-ਉਰ-ਰਹਿਮਾਨ ਦੀ ਬੇਟੀ ਸ਼ੇਖ ਹਸੀਨਾ ਨੂੰ ਅਚਾਨਕ ਪ੍ਰਧਾਨ ਮੰਤਰੀ ਦਾ ਅਹੁਦਾ ਤਿਆਗਣ ਲਈ ਮਜਬੂਰ ਕਰ ਦਿੱਤਾ। ਉਹ ਸੈਨਾ ਦੇ ਜਹਾਜ਼ ਰਾਹੀਂ ਭਾਰਤ ਪਹੁੰਚੀ ਅਤੇ ਇੱਥੇ ਕਿਤੇ ਅਣਦੱਸੀ ਥਾਂ 'ਤੇ ਰਹਿ ਰਹੀ ਹੈ। ਹਸੀਨਾ ਵੱਲੋਂ ਆਪਣੀ ਇੱਕ ਭੈਣ ਸ਼ੇਖ ਰਿਹਾਨਾ ਸਮੇਤ ਇੰਗਲੈਂਡ ਵਿੱਚ ਰਾਜਨੀਤਿਕ ਸ਼ਰਨ ਲੈਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦਾ ਬੇਟਾ ਇੰਗਲੈਂਡ ਵਿੱਚ ਰਹਿ ਰਿਹਾ ਹੈ। ਇੰਜ ਬੰਗਲਾਦੇਸ਼ ਵਿੱਚ ਹਸੀਨਾ ਦੀ ਪਾਰਟੀ ਅਵਾਮੀ ਲੀਗ ਦਾ ਸਾਸ਼ਨ ਖਤਮ ਹੋ ਗਿਆ ਹੈ ਅਤੇ ਉਸ ਦੀ ਥਾਂ 'ਤੇ ਸ਼ਾਂਤੀ ਲਈ ਨੋਬਲ ਇਨਾਮ ਜੇਤੂ ਮੁਹੰਮਦ ਯੂਨਸ ਨੇ ਅੰਤ੍ਰਿਮ ਸਰਕਾਰ ਦੇ ਮੁਖੀ ਵਜੋਂ ਸਹੁੰ ਚੁੱਕ ਲਈ ਹੈ।

ਬੰਗਲਾਦੇਸ਼ ਵਿੱਚ ਮਾਈਕਰੋ ਲੋਨ ਦੇਣ ਲਈ ਮਸ਼ਹੂਰ ਹੋਏ ਮੁਹੰਮਦ ਯੂਨਸ ਫਰਾਂਸ ਵਿੱਚ ਰਹਿ ਰਹੇ ਸਨ ਅਤੇ ਹਾਲ ਹੀ ਵਿੱਚ ਪਰਤੇ ਹਨ। ਪੱਛਮ ਵਾਲੇ ਉਸ ਨੂੰ ਮਾਈਕਰੋ ਫਾਈਨੈਂਸ (ਛੋਟੇ ਛੋਟੇ ਕਰਜ਼ੇ) ਰਾਹੀਂ ਗਰੀਬੀ ਖਤਮ ਕਰਨ ਵਾਲਾ ਮਸੀਹਾ ਸਮਝਦੇ ਹਨ। ਹਸੀਨਾ ਸਰਕਾਰ ਨੇ ਉਨ੍ਹਾਂ ਦੇ ਖਿਲਾਫ ਵੀ ਕੁਝ ਆਰਥਕ ਬੇਨਿਯਮੀਆਂ ਦੇ ਦੋਸ਼ ਆਇਦ ਕੀਤੇ ਸਨ। ਸ਼ੇਖ ਹਸੀਨਾ ਵਿਰੁਧ ਸੰਘਰਸ਼ ਲੜ ਰਹੇ ਵਿਦਿਆਰਥੀ ਆਗੂਆਂ ਨੇ ਬੀਤੇ ਦਿਨੀਂ ਮੁਹੰਮਦ ਯੂਨਸ ਨੂੰ ਸਰਕਾਰ ਦਾ ਮੁਖੀ ਬਣਾਏ ਜਾਣ ਦੀ ਮੰਗ ਕੀਤੀ ਸੀ। ਇਸ ਤਰ੍ਹਾਂ ਬੰਗਲਾਦੇਸ਼ ਦੀ ਫੌਜ ਅਤੇ ਰਾਸ਼ਟਰਪਤੀ ਦੀ ਸਹਿਮਤੀ ਨਾਲ ਮੁਹੰਮਦ ਯੂਨਸ ਨੂੰ ਸਰਕਾਰ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਉਹ ਚੋਣਾਂ ਕਰਵਾਏ ਜਾਣ ਤੱਕ ਸਰਕਾਰ ਦੇ ਮੁਖੀ ਰਹਿਣਗੇ।

ਯਾਦ ਰਹੇ, ਸ਼ੇਖ ਹਸੀਨਾ ਦੀ ਅਵਾਮੀ ਲੀਗ ਸਰਕਾਰ ਵਿਰੁਧ ਚੱਲ ਰਹੀ ਵਿਦਿਆਰਥੀਆਂ ਦੀ ਪ੍ਰਤੀਰੋਧ ਲਹਿਰ ਬੀਤੀ 5 ਅਗਸਤ ਨੂੰ ਆਖਿਰ ਉਨ੍ਹਾਂ ਦੇ ਘਰ ਤੱਕ ਪਹੁੰਚ ਗਈ ਸੀ। ਭੀੜ ਬੰਗਲਾਦੇਸ਼ ਦੀ ਪਾਰਲੀਮੈਂਟ ਵਿੱਚ ਵੀ ਦਾਖਲ ਹੋ ਗਈ। ਅੰਦੋਲਨਕਾਰੀ ਹਸੀਨਾ ਦੇ ਸਰਕਾਰੀ ਘਰ ਵਿੱਚੋਂ ਕੁਝ ਨਿੱਜੀ ਵਸਤਾਂ ਵੀ ਚੁੱਕ ਕੇ ਲੈ ਗਏ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਬੰਗਲਾਦੇਸ਼ੀ ਫੌਜ ਨੇ ਅੰਦੋਲਨਕਾਰੀ ਨੌਜਵਾਨਾਂ 'ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਪਿੱਛੋਂ ਥਲ ਸੈਨਾ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਨ ਨੇ ਸੱਤਾ ਸੰਭਾਲਣ ਦਾ ਐਲਾਨ ਕੀਤਾ ਅਤੇ ਲੋਕਾਂ ਨੂੰ ਸ਼ਾਂਤੀ ਬਹਾਲ ਕਰਨ ਵਿੱਚ ਮੱਦਦ ਕਰਨ ਦੀ ਅਪੀਲ ਕੀਤੀ। ਫੌਜ ਦੇ ਮੁਖੀ ਨੇ ਇਹ ਵੀ ਕਿਹਾ ਸੀ ਕਿ ਹਾਲਾਤ ਆਮ ਵਾਂਗ ਹੋਣ 'ਤੇ ਜਲਦੀ ਹੀ ਚੋਣਾਂ ਕਰਵਾਈਆਂ ਜਾਣਗੀਆਂ ਅਤੇ ਸੱਤਾ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਸੌਂਪ ਦਿੱਤੀ ਜਾਵੇਗੀ।

ਬੰਗਲਾਦੇਸ਼ੀ ਥਲ ਸੈਨਾ ਦੇ ਮੁਖੀ ਨੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦੇ ਦਬਾਅ ਅਧੀਨ ਸ਼ੇਖ ਹਸੀਨਾ ਨੂੰ ਗੱਦੀ ਤਿਆਗਣ ਲਈ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ੇਖ ਹਸੀਨਾ ਗੱਦੀ ਛੱਡਣ ਲਈ ਤਿਆਰ ਨਹੀਂ ਸੀ। ਉਸ ਦਾ ਕਹਿਣਾ ਸੀ ਕਿ ਫੌਜ ਪ੍ਰਦਰਸ਼ਨਕਾਰੀਆਂ ਵਿਰੁਧ ਸਖਤੀ ਨਾਲ ਨਿਪਟੇ; ਪਰ ਬਾਅਦ ਵਿੱਚ ਫੌਜ ਦੇ ਮੁਖੀ ਵੱਲੋਂ ਹਸੀਨਾ ਦੇ ਬੇਟੇ ਦੀ ਸਾਲਸੀ ਰਾਹੀਂ ਉਨ੍ਹਾਂ ਨੂੰ ਮਨਾ ਲਿਆ ਗਿਆ ਅਤੇ ਬੰਗਲਾਦੇਸ਼ ਦੀ ਹਵਾਈ ਸੈਨਾ ਦੇ ਜਹਾਜ਼ ਰਾਹੀਂ ਭਾਰਤ ਭੇਜ ਦਿੱਤਾ ਗਿਆ। 5 ਅਗਸਤ ਨੂੰ ਦੁਪਹਿਰੇ ਡੇਢ ਵਜੇ ਸ਼ੇਖ ਹਸੀਨਾ ਹਵਾਈ ਜਹਾਜ਼ ਰਾਹੀਂ ਦਿੱਲੀ ਨੇੜੇ ਸਥਿਤ ਗਾਜ਼ੀਆਬਾਦ ਹਿੰਡਨ ਹਵਾਈ ਅੱਡੇ 'ਤੇ ਪੁੱਜੀ ਤਾਂ ਪ੍ਰਧਾਨ ਮੰਤਰੀ ਦੇ ਸਲਾਹਕਾਰ ਅਜੀਤ ਡੋਵਾਲ ਹਵਾਈ ਅੱਡੇ 'ਤੇ ਮੌਜੂਦ ਸਨ। ਇਸ ਪਿੱਛੋਂ ਉਨ੍ਹਾਂ ਨੂੰ ਸੁਰੱਖਿਅਤ ਟਿਕਾਣੇ 'ਤੇ ਭੇਜ ਦਿੱਤਾ ਗਿਆ। ਉਨ੍ਹਾਂ ਦੀ ਇੱਕ ਧੀ ਦਿੱਲੀ ਰਹਿ ਰਹੀ ਹੈ ਅਤੇ ਡਬਲਿਊ.ਐਚ.ਓ. ਲਈ ਖੇਤਰੀ ਡਾਇਰੈਕਟਰ ਵਜੋਂ ਕੰਮ ਕਰਦੀ ਹੈ। ਹਸੀਨਾ ਦੇ ਗੱਦੀ ਛੱਡਣ ਤੋਂ ਇਕਦਮ ਪਿੱਛੋਂ ਬੰਗਲਾਦੇਸ਼ ਨੈਸ਼ਨੇਲਿਸਟ ਪਾਰਟੀ ਦੀ ਆਗੂ ਖਾਲਿਦਾ ਜ਼ਿਆ ਨੂੰ ਬੰਗਲਾਦੇਸ਼ ਦੇ ਰਾਸ਼ਟਰਪਤੀ ਸ਼ਹਾਬੂਦੀਨ ਵੱਲੋਂ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਹਸੀਨਾ ਦੇ ਪੁੱਤਰ ਸਾਜੀਬ ਵਾਜਿਦ ਜੋਏ ਅਨੁਸਾਰ ਉਨ੍ਹਾਂ ਦੀ ਮਾਂ ਨੇ ਪਰਿਵਾਰ ਦੇ ਜ਼ੋਰ ਪਾਉਣ 'ਤੇ ਬੰਗਲਾਦੇਸ਼ ਛੱਡ ਦਿੱਤਾ ਹੈ।

ਯਾਦ ਰਹੇ, ਇਸ ਸਾਲ ਜਨਵਰੀ ਵਿੱਚ ਬੰਗਲਾਦੇਸ਼ ਵਿੱਚ ਚੋਣਾਂ ਹੋਈਆਂ ਸਨ। ਖਾਲਿਦਾ ਜ਼ਿਆ ਦੀ ਅਗਵਾਈ ਵਾਲੀ ਵਿਰੋਧੀ ਪਾਰਟੀ ਬੰਗਲਾਦੇਸ਼ ਨੈਸ਼ਨਲ ਪਾਰਟੀ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ। ਇਸ ਦੌਰਾਨ ਹਸੀਨਾ ਦੀ ਪਾਰਟੀ ਅਵਾਮੀ ਲੀਗ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਇਸ ਤਰ੍ਹਾਂ ਉਹ ਪੰਜਵੀਂ ਵਾਰ ਪ੍ਰਧਾਨ ਮੰਤਰੀ ਬਣਨ ਵਿੱਚ ਕਾਮਯਾਬ ਹੋ ਗਈ ਸੀ। ਵਿਰੋਧੀ ਧਿਰਾਂ ਵੱਲੋਂ ਇਨ੍ਹਾਂ ਚੋਣਾਂ ਨੂੰ ਇੱਕ ਫਰਾਡ ਕਰਾਰ ਦਿੱਤਾ ਗਿਆ। ਪਿਛੋਂ ਜੁਲਾਈ ਮਹੀਨੇ ਵਿੱਚ ਵਿਦਿਆਰਥੀਆਂ ਨੇ ਅਵਾਮੀ ਲੀਗ ਵੱਲੋਂ 1971 ਵਿੱਚ ਦੇਸ਼ ਦੀ ਕਾਇਮੀ ਲਈ ਜੰਗ ਲੜਨ ਵਾਲੇ ਪਰਿਵਾਰਾਂ ਨਾਲ ਸੰਬੰਧਤ ਵਿਦਿਆਰਥੀਆਂ ਲਈ 30 ਫੀਸਦੀ ਨੌਕਰੀਆਂ ਰਾਖਵੀਆਂ ਕਰਨ ਵਿਰੁਧ ਅੰਦੋਲਨ ਛੇੜ ਦਿੱਤਾ ਗਿਆ। ਆਰਥਕ ਮੰਦੇ ਵਾਲੇ ਹਾਲਾਤ ਦੇ ਦਰਮਿਆਨ ਇਹ ਅੰਦੋਲਨ ਸਾਰੇ ਦੇਸ਼ ਵਿੱਚ ਫੈਲ ਗਿਆ ਅਤੇ ਹਾਲ ਹੀ ਵਿੱਚ ਵਿਰੋਧੀ ਧਿਰਾਂ ਅੰਦੋਲਨ ਦੀ ਹਮਾਇਤ ਵਿੱਚ ਆ ਗਈਆਂ। ਇੰਜ ਨੌਕਰੀਆਂ ਦੇ ਕੋਟੇ ਵਿਰੁਧ ਆਰੰਭ ਹੋਇਆ ਅੰਦੋਲਨ 'ਹਸੀਨਾ ਗੱਦੀ ਛੱਡੋ' ਦੇ ਨਾਹਰੇ ਤੱਕ ਪਹੁੰਚ ਗਿਆ। ਵਿਦਿਆਰਥੀ ਅੰਦੋਲਨ ਕਾਰਨ ਹੁਣ ਤੱਕ 300 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ 11000 ਲੋਕ ਗ੍ਰਿਫਤਾਰ ਕੀਤੇ ਗਏ ਹਨ। ਇਕੱਲੇ ਪੰਜ ਅਗਸਤ ਨੂੰ ਹੀ ਪੁਲਿਸ ਅਤੇ ਅੰਦੋਲਨਕਾਰੀਆਂ ਦਰਮਿਆਨ ਹੋਈਆਂ ਝੜਪਾਂ ਵਿੱਚ 15 ਪੁਲਿਸ ਮੁਲਾਜ਼ਮਾਂ ਸਮੇਤ 100 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਇੱਥੇ ਇਹ ਵੀ ਨੋਟ ਕਰਨਾ ਬਣਦਾ ਹੈ ਕਿ ਸ਼ੇਖ ਹਸੀਨਾ ਨੇ ਇੱਕ ਤਾਨਾਸ਼ਾਹ ਵਾਂਗ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜਨਵਰੀ ਵਿੱਚ ਹੋਈਆਂ ਇਕਤਰਫਾ ਚੋਣਾਂ ਵਿੱਚ ਸਿਰਫ 40 ਫੀਸਦੀ ਵੋਟਾਂ ਪਈਆਂ। ਉਸ ਨੇ ਹਰ ਵਿਰੋਧੀ ਵਿਅਕਤੀ ਜਾਂ ਪਾਰਟੀ ਉੱਪਰ ਅਤਿਵਾਦੀ ਜਾਂ ਦੇਸ਼ ਧਰੋਹੀ ਹੋਣ ਦਾ ਲੇਬਲ ਲਗਾਉਣਾ ਸ਼ੁਰੂ ਕਰ ਦਿੱਤਾ। ਹਸੀਨਾ ਦੇ ਸਾਸ਼ਨ ਕਾਲ ਵਿੱਚ ਬੰਗਲਾਦੇਸ਼ ਵਿੱਚ ਸਰਕਾਰ ਵਿਰੋਧੀ ਸਿਆਸੀ ਕਾਰਕੁੰਨਾਂ 'ਤੇ ਤਸ਼ੱਦਦ, ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਲਾਪਤਾ ਕਰਨ ਵਰਗੀਆਂ ਘਟਨਾਵਾਂ ਆਮ ਹੋ ਗਈਆਂ ਸਨ। ਸਰਕਾਰ ਵਿਰੋਧੀ ਮੀਡੀਆ ਦੀ ਆਵਾਜ਼ ਨੂੰ ਵੀ ਜ਼ੋਰ ਨਾਲ ਦਬਾਉਣ ਦਾ ਯਤਨ ਕੀਤਾ ਗਿਆ। ਇਸ ਸਾਰੇ ਕੁਝ ਦਾ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਵਿਰੋਧ ਵੀ ਕੀਤਾ ਗਿਆ। 2021 ਵਿੱਚ ਬੰਗਲਾਦੇਸ਼ ਦੇ ਇੱਕ ਵਿਸ਼ੇਸ਼ ਸੁਰੱਖਿਆ ਦਸਤੇ ਦੇ ਮੈਂਬਰਾਂ ਅਤੇ ਅਫਸਰਾਂ 'ਤੇ ਅਮਰੀਕਾ ਵੱਲੋਂ ਪਾਬੰਦੀਆਂ ਵੀ ਲਗਾਈਆਂ ਗਈਆਂ ਸਨ।

ਜਦੋਂ ਤੱਕ ਪੁਲਿਸ ਨੇ ਪ੍ਰਦਸ਼ਨਕਾਰੀਆਂ ਨੇ ਹਮਲਾ ਨਹੀਂ ਕੀਤਾ, ਇਹ ਪ੍ਰਦਰਸ਼ਨ ਸ਼ਾਂਤਮਈ ਰਹੇ। ਪੁਲਿਸ ਦੇ ਤਸ਼ੱਦਦ ਤੋਂ ਬਾਅਦ ਅੰਦੋਲਨਕਾਰੀ ਵੀ ਹਿੰਸਕ ਹੋਣ ਲੱਗੇ ਅਤੇ ਅਖ਼ੀਰ ਹਸੀਨਾਂ ਨੂੰ ਗੱਦੀ ਛੱਡਣੀ ਪਈ। ਕਿਹਾ ਜਾ ਰਿਹਾ ਹੈ ਕਿ ਅਫਰਾ-ਤਫਰੀ ਦਾ ਫਾਇਦਾ ਉਠਾ ਕੇ ਪਿਛਲੇ ਕੁਝ ਸਮੇਂ ਵਿੱਚ ਇਸਲਾਮੀ ਸਾਸ਼ਨ ਤੰਤਰ ਅਤੇ ਜਮਾਤ-ਏ-ਇਸਲਾਮੀ ਵਰਗੇ ਕੱਟੜਪੰਥੀ ਵੀ ਇਸ ਅੰਦੋਲਨ ਵਿੱਚ ਘੁਸਪੈਠ ਕਰ ਗਏ ਸਨ; ਪਰ ਵਿਦਿਆਰਥੀ ਆਗੂਆਂ ਨੇ ਆਪਣੀ ਲਹਿਰ ਨੂੰ ਧਰਮ ਨਿਰਲੇਪ ਲੀਹਾਂ 'ਤੇ ਚਲਾਉਣ ਦਾ ਯਤਨ ਜਾਰੀ ਰੱਖਿਆ। ਇਸ ਦਰਮਿਆਨ ਬੰਗਲਾਦੇਸ਼ ਵਿੱਚ ਹਿੰਦੂਆਂ ਅਤੇ ਹੋਰ ਘੱਟਗਿਣਤੀ ਵਰਗਾਂ 'ਤੇ ਭੀੜ ਵੱਲੋਂ ਹਮਲਿਆਂ ਦੀ ਖ਼ਬਰਾਂ ਵੀ ਆਉਣ ਲੱਗੀਆਂ, ਪਰ ਫੌਜ ਅਤੇ ਵਿਦਿਆਰਥੀ ਆਗੂਆਂ ਨੇ ਸਿਆਣਪ ਨਾਲ ਇਸ ਨੂੰ ਹੱਲ ਕਰ ਲਿਆ।

ਸ਼ੇਖ ਹਸੀਨਾ 1996 ਤੋਂ ਬਾਅਦ ਲਗਾਤਾਰ ਸੱਤਾ ਵਿੱਚ ਰਹੀ। ਇਸ ਵਾਰ ਜਨਵਰੀ ਮਹੀਨੇ ਦੀਆਂ ਚੋਣਾਂ ਵਿੱਚ ਉਹ ਪੰਜਵੀਂ ਵਾਰ ਪ੍ਰਧਾਨ ਮੰਤਰੀ ਬਣੀ ਸੀ। ਰਾਜਨੀਤਿਕ ਵਿਸ਼ਲੇਸ਼ਨਕਾਰਾਂ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਬੰਗਲਾਦੇਸ਼ ਵਿੱਚ ਰਾਜਪਲਟੇ ਦੇ ਪਿੱਛੇ ਕੋਈ ਅੰਤਰਰਾਸ਼ਟਰੀ ਸਾਜ਼ਿਸ਼ ਵੀ ਹੋ ਸਕਦੀ ਹੈ। ਕੁਝ ਸਾਲ ਪਹਿਲਾਂ ਹਸੀਨਾ ਸਰਕਾਰ ਚੀਨ ਵੱਲ ਝੁਕੀ ਰਹੀ। ਚੀਨੀ ਕੰਪਨੀਆਂ ਨੇ ਬੰਗਲਾਦੇਸ਼ ਵਿੱਚ ਸੜਕਾਂ ਸਮੇਤ ਹੋਰ ਆਧਾਰ ਢਾਂਚਾ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਮਰੀਕਾ ਦੇ ਵਿਰੋਧ ਦੇ ਮੱਦੇਨਜ਼ਰ ਸ਼ੇਖ ਹਸੀਨਾ ਨੇ ਆਪਣੇ ਆਪ ਨੂੰ ਸੰਤੁਲਿਤ ਕਰਨ ਦਾ ਯਤਨ ਕੀਤਾ, ਅਜਿਹਾ ਕਰਦਿਆਂ ਉਹ ਭਾਰਤ ਦੇ ਨੇੜੇ ਆ ਗਈ। ਭਾਰਤ ਵੱਲੋਂ ਲਗਾਤਾਰ ਹਸੀਨਾ ਸਾਸ਼ਨ ਦੀ ਮੱਦਦ ਕੀਤੀ ਜਾ ਰਹੀ ਸੀ। ਕੇਂਦਰ ਸਰਕਾਰ ਨੇ ਗੁਆਂਢੀ ਦੇਸ਼ ਵਿੱਚ ਗੜਬੜ-ਚੌਥ ਦੇ ਮੱਦੇਨਜ਼ਰ ਭਾਰਤ ਨਾਲ ਲਗਦੀ ਬੰਗਲਾਦੇਸ਼ ਦੀ ਸਰਹੱਦ ਉੱਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਦਸਤੇ ਤਾਇਨਾਤ ਕਰ ਦਿੱਤੇ ਹਨ। ਭਾਰਤ ਬੰਗਲਾਦੇਸ਼ ਵਿੱਚ ਬਣ-ਤਣ ਰਹੀ ਸਥਿਤੀ 'ਤੇ ਨੇੜਿਉਂ ਨਿਗਾਹ ਰੱਖ ਰਿਹਾ ਹੈ ਅਤੇ ਨਵੀਂ ਸਰਕਾਰ ਨਾਲ ਰਾਬਤਾ ਬਣਾਉਣ ਦੇ ਯਤਨ ਵਿੱਚ ਹੈ। ਇਹ ਖਦਸ਼ੇ ਵੀ ਹਨ ਕਿ ਇਸ ਅਫਰਾਤਫਰੀ ਵਿੱਚ ਇਸਲਾਮਿਕ ਕੱਟੜਪੰਥੀ ਸੱਤਾ 'ਤੇ ਕਾਬਜ਼ ਹੋ ਸਕਦੇ ਹਨ।

# ਸ਼ੇਖ ਹਸੀਨਾ ਬਨਾਮ ਖਾਲਿਦਾ ਜ਼ਿਆ


ਖਾਲਿਦਾ ਜ਼ਿਆ


ਸ਼ੇਖ ਹਸੀਨਾ

ਸ਼ੇਖ ਹਸੀਨਾ ਅਤੇ ਖਾਲਿਦਾ ਜ਼ਿਆ ਦਾ 1991 ਤੋਂ ਦੇਸ਼ 'ਤੇ ਦਬਦਬਾ ਬਣਿਆ ਰਿਹਾ ਹੈ। ਸ਼ੇਖ ਹਸੀਨਾ ਨੇ ਆਪਣੇ ਪਿਤਾ, ਰਾਜ ਦੇ ਸੰਸਥਾਪਕ ਮੁਜੀਬੁਰ ਰਹਿਮਾਨ ਦੀ ਅਵਾਮੀ ਲੀਗ ਦੀ ਅਗਵਾਈ ਕੀਤੀ, ਜਿਸ ਦਾ 1975 ਵਿੱਚ ਕਤਲ ਕਰ ਦਿੱਤਾ ਗਿਆ ਸੀ। ਖਾਲਿਦਾ ਨੇ 1981 ਵਿੱਚ ਮਾਰੇ ਗਏ ਆਪਣੇ ਪਤੀ ਜ਼ਿਆਉਰ ਰਹਿਮਾਨ ਤੋਂ ਬੀ.ਐਨ.ਪੀ. ਦੀ ਕਮਾਨ ਸੰਭਾਲੀ ਸੀ। ਦੋਹਾਂ ਦਾ ਝਗੜਾ, ਜਿਸ ਨੂੰ 'ਬੇਗਮਾਂ ਦੀ ਲੜਾਈ' ਵਜੋਂ ਜਾਣਿਆ ਜਾਂਦਾ ਹੈ, ਦਹਾਕਿਆਂ ਤੋਂ ਬੰਗਲਾਦੇਸ਼ੀ ਰਾਜਨੀਤੀ ਵਿੱਚ ਫੈਲਿਆ ਰਿਹਾ ਹੈ। ਸਾਲ 2009 ਵਿੱਚ ਹਸੀਨਾ ਦੇ ਜਿੱਤਣ ਤੋਂ ਬਾਅਦ ਖਾਲਿਦਾ ਨੂੰ ਕਈ ਅਪਰਾਧਿਕ ਦੋਸ਼ਾਂ ਅਤੇ ਜੇਲ੍ਹ ਦਾ ਸਾਹਮਣਾ ਕਰਨਾ ਪਿਆ। ਉਹ ਜਨਤਕ ਜੀਵਨ ਤੋਂ ਪਿੱਛੇ ਹਟ ਗਈ ਅਤੇ ਆਪਣੇ ਜਲਾਵਤਨ ਵੱਡੇ ਪੁੱਤਰ ਨੂੰ ਆਪਣੀ ਰਾਜਨੀਤਿਕ ਲਹਿਰ ਦੇ ਕਾਰਜਕਾਰੀ ਨੇਤਾ ਵਜੋਂ ਇੰਚਾਰਜ ਛੱਡ ਦਿੱਤਾ। ਖਾਲਿਦਾ ਨੂੰ, 1981 ਵਿੱਚ ਇੱਕ ਫੌਜੀ ਤਖਤਾਪਲਟ ਦੀ ਕੋਸ਼ਿਸ਼ ਵਿੱਚ ਉਸ ਦੇ ਪਤੀ ਦੇ ਕਤਲ ਤੋਂ ਪਹਿਲਾਂ ਵਿਆਪਕ ਤੌਰ 'ਤੇ ਇੱਕ ਸ਼ਰਮੀਲੀ ਪਤਨੀ ਅਤੇ ਸਮਰਪਿਤ ਮਾਂ ਵਜੋਂ ਦੇਖਿਆ ਜਾਂਦਾ ਸੀ।

ਰਾਜਨੀਤੀ ਵਿੱਚ ਸਰਗਰਮ ਹੋਣ ਨਾਲ ਉਹ ਤਿੰਨ ਸਾਲ ਬਾਅਦ ਆਪਣੇ ਪਤੀ ਦੀ ਰੂੜੀਵਾਦੀ ਬੀ.ਐਨ.ਪੀ. ਦੀ ਮੁਖੀ ਬਣ ਗਈ ਅਤੇ 'ਬੰਗਲਾਦੇਸ਼ ਨੂੰ ਗਰੀਬੀ ਅਤੇ ਆਰਥਿਕ ਪਛੜੇਪਣ ਤੋਂ ਆਜ਼ਾਦ' ਕਰਨ ਦੇ ਆਪਣੇ ਉਦੇਸ਼ ਨੂੰ ਪੂਰਾ ਕਰਨ ਦੀ ਸਹੁੰ ਖਾਧੀ। ਉਸਨੇ ਅਤੇ ਹਸੀਨਾ ਨੇ ਜਮਹੂਰੀਅਤ ਲਈ ਇੱਕ ਪ੍ਰਸਿੱਧ ਵਿਦਰੋਹ ਦੀ ਅਗਵਾਈ ਕਰਨ ਲਈ ਹੱਥ ਮਿਲਾਇਆ ਸੀ, ਜਿਸਨੇ 1990 ਵਿੱਚ ਫੌਜੀ ਸ਼ਾਸਕ ਹੁਸੈਨ ਮੁਹੰਮਦ ਇਰਸ਼ਾਦ ਨੂੰ ਸੱਤਾ ਤੋਂ ਹਟਾ ਦਿੱਤਾ; ਪਰ ਸਿਆਸੀ ਦੁਸ਼ਮਣੀ ਨੇ ਰਿਸ਼ਤੇ ਨੂੰ ਵਿਗਾੜ ਦਿੱਤਾ ਸੀ, ਉਦੋਂ ਤੋਂ ਹੀ ਦੋਹਾਂ ਵਿਚਕਾਰ ਝਗੜਾ ਵਧ ਗਿਆ।

1991 ਵਿੱਚ ਬੰਗਲਾਦੇਸ਼ ਵਿੱਚ ਪਹਿਲੀ ਸੁਤੰਤਰ ਚੋਣ ਦੇ ਰੂਪ ਵਿੱਚ ਸ਼ਲਾਘਾ ਕੀਤੀ ਗਈ ਸੀ। ਖਾਲਿਦਾ ਨੇ ਇਸਲਾਮਿਕ ਸਿਆਸੀ ਸਹਿਯੋਗੀਆਂ ਦਾ ਸਮਰਥਨ ਹਾਸਲ ਕਰਕੇ ਹਸੀਨਾ 'ਤੇ ਹੈਰਾਨੀਜਨਕ ਜਿੱਤ ਹਾਸਲ ਕੀਤੀ। ਅਜਿਹਾ ਕਰਨ ਨਾਲ ਉਹ ਬੰਗਲਾਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣ ਗਈ ਸੀ; ਪਾਕਿਸਤਾਨ ਦੀ ਬੇਨਜ਼ੀਰ ਭੁੱਟੋ ਤੋਂ ਬਾਅਦ ਮੁੱਖ ਤੌਰ 'ਤੇ ਮੁਸਲਿਮ ਦੇਸ ਦੀ ਲੋਕਤੰਤਰੀ ਸਰਕਾਰ ਦੀ ਅਗਵਾਈ ਕਰਨ ਵਾਲੀ ਦੂਜੀ ਔਰਤ ਹੈ। ਉਸਨੇ ਰਾਸ਼ਟਰਪਤੀ ਪ੍ਰਣਾਲੀ ਦੀ ਥਾਂ ਇੱਕ ਸੰਸਦੀ ਰੂਪ ਦੀ ਸਰਕਾਰ ਚਲਾਈ, ਤਾਂ ਜੋ ਸ਼ਕਤੀ ਪ੍ਰਧਾਨ ਮੰਤਰੀ ਕੋਲ ਰਹੇ; ਵਿਦੇਸ਼ੀ ਨਿਵੇਸ਼ 'ਤੇ ਪਾਬੰਦੀਆਂ ਹਟਾ ਦਿੱਤੀਆਂ ਅਤੇ ਪ੍ਰਾਇਮਰੀ ਸਿੱਖਿਆ ਨੂੰ ਲਾਜ਼ਮੀ ਅਤੇ ਮੁਫਤ ਬਣਾਇਆ।

ਉਹ 1996 ਦੀਆਂ ਚੋਣਾਂ ਵਿੱਚ ਹਸੀਨਾ ਤੋਂ ਹਾਰ ਗਈ, ਫਿਰ ਪੰਜ ਸਾਲ ਬਾਅਦ ਇੱਕ ਹੋਰ ਚੋਣ ਵਿੱਚ ਸੱਤਾ ਵਿੱਚ ਵਾਪਸ ਆਈ। ਉਸ ਦਾ ਦੂਜਾ ਕਾਰਜਕਾਲ ਇਸਲਾਮੀ ਖਾੜਕੂਆਂ ਦੇ ਉਭਾਰ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਪ੍ਰਭਾਵਿਤ ਹੋਇਆ ਸੀ। 2004 ਵਿੱਚ ਹਸੀਨਾ ਜਿਸ ਰੈਲੀ ਨੂੰ ਸੰਬੋਧਿਤ ਕਰ ਰਹੀ ਸੀ, ਉਸ ਉੱਤੇ ਗਰਨੇਡ ਨਾਲ ਹਮਲਾ ਕੀਤਾ ਗਿਆ ਸੀ। ਹਸੀਨਾ ਬਚ ਗਈ, ਪਰ 20 ਤੋਂ ਵੱਧ ਲੋਕ ਮਾਰੇ ਗਏ ਅਤੇ 500 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਖਾਲਿਦਾ ਦੀ ਸਰਕਾਰ ਅਤੇ ਇਸਦੇ ਇਸਲਾਮੀ ਸਹਿਯੋਗੀਆਂ ਨੂੰ ਵਿਆਪਕ ਤੌਰ 'ਤੇ ਦੋਸ਼ੀ ਠਹਿਰਾਇਆ ਗਿਆ ਸੀ, ਅਤੇ ਕਈ ਸਾਲਾਂ ਬਾਅਦ ਖਾਲਿਦਾ ਦੇ ਵੱਡੇ ਪੁੱਤਰ ਵਿਰੁੱਧ ਉਸਦੀ ਗੈਰ-ਹਾਜ਼ਰੀ ਵਿੱਚ ਮੁਕੱਦਮਾ ਚਲਾਇਆ ਗਿਆ ਸੀ ਅਤੇ ਹਮਲੇ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਬੀ.ਐਨ.ਪੀ. ਨੇ ਦਲੀਲ ਦਿੱਤੀ ਕਿ ਦੋਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

ਹਾਲਾਂਕਿ ਖਾਲਿਦਾ ਨੇ ਬਾਅਦ ਵਿੱਚ ਇਸਲਾਮੀ ਕੱਟੜਪੰਥੀ ਸਮੂਹਾਂ 'ਤੇ ਨਕੇਲ ਕੱਸ ਲਈ। ਪ੍ਰਧਾਨ ਮੰਤਰੀ ਵਜੋਂ ਉਸਦਾ ਦੂਜਾ ਕਾਰਜਕਾਲ 2006 ਵਿੱਚ ਖਤਮ ਹੋਇਆ, ਜਦੋਂ ਇੱਕ ਫੌਜ-ਸਮਰਥਿਤ ਅੰਤ੍ਰਿਮ ਸਰਕਾਰ ਨੇ ਰਾਜਨੀਤਿਕ ਅਸਥਿਰਤਾ ਅਤੇ ਸੜਕੀ ਹਿੰਸਾ ਦੇ ਵਿਚਕਾਰ ਸੱਤਾ ਸੰਭਾਲੀ। ਬੀ.ਐਨ.ਪੀ. ਨੇ 2008 ਦੀਆਂ ਚੋਣਾਂ ਦਾ ਬਾਈਕਾਟ ਕੀਤਾ ਸੀ ਅਤੇ ਹਸੀਨਾ ਦੇ ਨਾਲ ਖਾਲਿਦਾ ਦਾ ਵਿਵਾਦ ਬੰਗਲਾਦੇਸ਼ੀ ਰਾਜਨੀਤੀ 'ਤੇ ਹਾਵੀ ਰਿਹਾ। ਦੋਹਾਂ ਧਿਰਾਂ ਵਿਚਕਾਰ ਤਣਾਅ ਅਕਸਰ ਹੜਤਾਲਾਂ, ਹਿੰਸਾ ਅਤੇ ਮੌਤਾਂ ਦਾ ਕਾਰਨ ਬਣਦਾ ਰਿਹਾ ਹੈ ਅਤੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਰੁਕਾਵਟ ਪਾਉਂਦਾ ਰਿਹਾ ਹੈ। ਵਿਦੇਸ਼ੀ ਦਾਨ ਵਿੱਚ ਘਪਲੇ ਦੇ ਦੋਸ਼ਾਂ ਤਹਿਤ ਖਾਲਿਦਾ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ, ਪਰ ਉਸ ਦੀ ਸਿਹਤ ਵਿਗੜਨ ਕਾਰਨ ਮਨੁੱਖੀ ਆਧਾਰ 'ਤੇ ਮਾਰਚ 2020 ਵਿੱਚ ਉਸ ਨੂੰ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ।

-ਪੰਜਾਬੀ ਪਰਵਾਜ਼ ਬਿਊਰੋ

# ਹਿੰਡਨਬਰਗ ਰਿਸਰਚ ਦੀ ਤਾਜ਼ਾ ਰਿਪੋਰਟ ਨੇ ਫਿਰ ਝੰਜੋੜੀ ਭਾਰਤੀ ਸਿਆਸਤ

***ਵਿਰੋਧੀ ਧਿਰਾਂ ਵੱਲੋਂ ਸਾਂਝੀ ਪਾਰਲੀਮਾਨੀ ਕਮੇਟੀ ਕਾਇਮ ਕਰਨ ਦੀ ਮੰਗ   *ਸਰਕਾਰ ਨੇ ਦੋਸ਼ਾਂ ਨੂੰ ਭਾਰਤ ਵਿਰੁੱਧ ਸਾਜ਼ਿਸ਼ ਕਰਾਰ ਦਿੱਤਾ***

**ਜਸਵੀਰ ਸਿੰਘ ਸ਼ੀਰੀ**

ਹਿੰਡਨਬਰਗ ਰਿਸਰਚ ਦੀ ਤਾਜ਼ਾ ਰਿਪੋਰਟ ਵਿੱਚ ਸਿਕਿਉਰਿਟੀ ਐਂਡ ਐਕਸਚੇਂਜ ਬੋਰਡ (ਸੇਬੀ) ਦੀ ਚੇਅਰਪਰਸਨ ਮਧਾਬੀ ਪੁਰੀ ਬੁਚ ਅਤੇ ਉਨ੍ਹਾਂ ਦੇ ਪਤੀ ਧਾਵਲ ਬੁਚ 'ਤੇ ਇਹ ਦੋਸ਼ ਲਾਏ ਗਏ ਹਨ ਕਿ ਅਡਾਨੀ ਗਰੁੱਪ ਦੀਆਂ ਵਿਦੇਸ਼ੀ ਕੰਪਨੀਆਂ ਦੇ ਫੰਡਾਂ ਵਿੱਚ ਉਨ੍ਹਾਂ ਦਾ ਵੀ ਹਿੱਸਾ-ਪੱਤੀ ਸੀ। ਇਨ੍ਹਾਂ ਕੰਪਨੀਆਂ ਦੇ ਫੰਡ ਭਾਰਤ ਵਿੱਚ ਸ਼ੇਅਰਾਂ ਦੇ ਫਰਜ਼ੀ ਉਤਰਾਅ-ਚੜ੍ਹਾਅ ਲਈ ਵਰਤੇ ਗਏ ਹਨ। ਆਪਣੀਆਂ ਹੀ ਵਿਦੇਸ਼ੀ ਕੰਪਨੀਆਂ ਰਾਹੀਂ ਪੈਸਾ ਲਗਾ ਕੇ ਅਡਾਨੀ ਸਮੂਹ ਦੀਆਂ ਭਾਰਤ ਵਿੱਚ ਮੌਜੂਦ ਕੰਪਨੀਆਂ ਦੇ ਸ਼ੇਅਰਾਂ ਦੇ ਰੇਟ ਉੱਪਰ ਚੁੱਕੇ ਗਏ ਤੇ ਫਿਰ ਇਹ ਰੇਟ ਇਕਦਮ ਹੇਠਾਂ ਸੁੱਟ ਕੇ ਨਿਵੇਸ਼ਕਾਂ ਦਾ ਪੈਸਾ ਹਜ਼ਮ ਕਰ ਲਿਆ ਗਿਆ। ਇਹ ਫੰਡ ਲਾਉਣ ਵਾਲੀਆਂ ਫਰਜ਼ੀ ਕੰਪਨੀਆਂ ਬਰਮੂਡਾ ਅਤੇ ਮੌਰੀਸ਼ਸ਼ ਆਧਾਰਤ ਹਨ। ਰਿਪੋਰਟ ਅਨੁਸਾਰ ਇਨ੍ਹਾਂ ਕੰਪਨੀਆਂ ਦੀ ਦੇਖ-ਰੇਖ ਗੌਤਮ ਅਡਾਨੀ ਦੇ ਵੱਡੇ ਭਰਾ ਵਿਨੋਧ ਅਡਾਨੀ ਕਰਦੇ ਹਨ।

ਹਿੰਡਨਬਰਗ ਵੱਲੋਂ ਇੱਕ ਬਲਾਗ 'ਤੇ ਬੀਤੇ ਸ਼ਨੀਵਾਰ ਸ਼ਾਮ ਨੂੰ ਜਾਰੀ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਡਾਨੀ ਗਰੁੱਪ ਦੀ ਘਪਲੇਬਾਜ਼ੀ ਬਾਰੇ ਪਹਿਲੀ ਰਿਪੋਰਟ ਨੂੰ ਜਾਰੀ ਕੀਤਿਆਂ 18 ਮਹੀਨੇ ਗੁਜ਼ਰ ਜਾਣ ਤੋਂ ਬਾਅਦ ਵੀ ਸੇਬੀ ਵੱਲੋਂ ਇਸ ਮਸਲੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਯਾਦ ਰਹੇ, ਪਿਛਲੇ ਸਾਲ ਜਨਵਰੀ ਮਹੀਨੇ ਵਿੱਚ ਹਿੰਡਨਬਰਗ ਰਿਸਰਚ ਨੇ ਇੱਕ ਰਿਪੋਰਟ ਜਾਰੀ ਕਰ ਕੇ ਦਾਅਵਾ ਕੀਤਾ ਸੀ ਕਿ ਅਡਾਨੀ ਗਰੁੱਪ ਨੇ ਆਪਣਾ ਮਾਲੀਆ ਵਧਾਉਣ ਅਤੇ ਸ਼ੇਅਰਾਂ ਦੀ ਕੀਮਤਾਂ ਵਿੱਚ ਹੇਰਾਫੇਰੀ ਕਰਨ ਲਈ ਵਿਦੇਸ਼ੀ ਕੰਪਨੀਆਂ ਦੀ ਵਰਤੋਂ ਕਰ ਕੇ ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਘੁਟਾਲਾ ਕੀਤਾ। ਇਸ ਰਿਪੋਰਟ ਦੇ ਜਾਰੀ ਹੋਣ ਤੋਂ ਬਾਅਦ ਅਡਾਨੀ ਸਮੂਹ ਦੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤਾਂ ਵਿੱਚ ਭਾਰੀ ਗਿਰਾਵਟ ਆ ਗਈ ਸੀ, ਪਰ ਸੇਬੀ ਅਤੇ ਭਾਰਤ ਸਰਕਾਰ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਸੀ। ਹਿੰਡਨਬਰਗ ਰਿਸਰਚ ਦੀ ਰਿਪੋਰਟ ਛਪਣ ਮਗਰੋਂ ਸੁਪਰੀਮ ਕੋਰਟ ਨੇ ਮਾਮਲੇ ਦੀ ਨਿਰਪੱਖ ਜਾਂਚ ਲਈ ਸੇਬੀ ਨੂੰ ਮਾਹਿਰਾਂ ਦੀ ਇੱਕ ਵੱਖਰੀ ਕਮੇਟੀ ਬਣਾਉਣ ਦੇ ਆਦੇਸ਼ ਦਿੱਤੇ ਸਨ। ਇਸ ਕਮੇਟੀ ਨੇ ਵੀ ਅਡਾਨੀ ਸਮੂਹ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਕਹਿ ਦਿੱਤਾ ਸੀ ਕਿ 'ਸੇਬੀ' ਦੀ ਜਾਂਚ ਤੋਂ ਬਾਅਦ ਕਿਸੇ ਹੋਰ ਜਾਂਚ ਦੀ ਲੋੜ ਨਹੀਂ ਹੈ। ਇਸ ਰਿਪੋਰਟ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ 'ਸੇਬੀ' ਦੀ ਚੇਅਰਪਰਸਨ ਮਧਾਬੀ ਪੁਰੀ ਬੁੱਚ ਅਤੇ ਉਨ੍ਹਾਂ ਦੇ ਪਤੀ ਧਾਵਲ ਬੁੱਚ ਨੇ ਅਜਿਹੇ ਕਿਸੇ ਵੀ ਕਿਸਮ ਦੇ ਨਿਵੇਸ਼ ਦਾ ਖੰਡਨ ਕੀਤਾ ਹੈ। ਇਸ ਜੋੜੇ ਵੱਲੋਂ



ਮਧਾਬੀ ਪੁਰੀ ਬੁਚ

ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਦੀ 'ਕਿਰਦਾਰ ਕੁਸ਼ੀ' ਕਰਨ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਸਾਰਾ ਕੁਝ ਪਾਰਦਰਸ਼ੀ ਢੰਗ ਨਾਲ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਆਰਥਕ ਜ਼ਿੰਦਗੀ ਇੱਕ ਖੁੱਲ੍ਹੀ ਕਿਤਾਬ ਵਾਂਗ ਹੈ।

ਦੂਜੇ ਪਾਸੇ ਹਿੰਡਨਬਰਗ ਰਿਸਰਚ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਬੁੱਚ ਜੋੜੇ ਦੇ ਫੰਡ ਅਡਾਨੀ ਵਾਲੇ ਸਕੈਂਡਲ ਵਿੱਚ ਵਰਤੇ ਗਏ ਹਨ। ਜਿਨ੍ਹਾਂ ਫੰਡਾਂ ਵਿੱਚ ਇਸ ਜੋੜੇ ਦਾ ਪੈਸਾ ਲੱਗਿਆ ਦੱਸਿਆ ਜਾ ਰਿਹਾ ਹੈ, ਉਸ ਦਾ ਨਾਂ 'ਗਲੋਬਲ ਡਾਇਨੇਮਿਕ ਔਫਸ਼ੋਰ ਫੰਡ' ਹੈ। ਦੂਜੀ ਕੰਪਨੀ 'ਮਾਰੀਸ਼ੀਅਨ ਆਈ.ਪੀ.ਈ. ਪਲੱਸ ਫੰਡ-1' ਹੈ। ਇਹ 360-1 (ਸਾਬਕਾ ਆਈ.ਆਈ.ਐਫ. ਵੈਲਥ ਅਤੇ ਅਸੈਸ ਮੈਨੇਜਮੈਂਟ) ਵੱਲੋਂ ਮੈਨੇਜ ਕੀਤੀ ਜਾ ਰਹੀ ਹੈ। ਇਨ੍ਹਾਂ ਕੰਪਨੀਆਂ ਦੇ ਫੰਡਾਂ ਨੂੰ ਗੌਤਮ ਅਡਾਨੀ ਦੇ ਵੱਡੇ ਭਰਾ ਵਿਨੋਧ ਅਡਾਨੀ ਵੱਲੋਂ ਸੇਬੀ ਦੇ ਪਬਲਿਕ ਸ਼ੇਅਰ ਹੋਲਡਰਾਂ ਵਾਸਤੇ ਬਣੇ ਨਿਯਮਾ ਦੀ ਉਲੰਘਣਾ ਕਰਕੇ ਨਿਵੇਸ਼ ਕੀਤਾ ਗਿਆ। ਉਧਰ ਬੁਚ ਜੋੜੇ ਨੇ ਆਪਣੀ ਸਫਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਮਾਰੀਸ਼ੀਅਨ ਕੰਪਨੀ ਵਿੱਚ ਨਿਵੇਸ਼ ਸੇਬੀ ਦੇ ਚੇਅਰਪਰਸਨ ਨਿਯੁਕਤ ਹੋਣ ਤੋਂ ਦੋ ਸਾਲ ਪਹਿਲਾਂ 2015 ਵਿੱਚ ਕੀਤਾ ਸੀ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਉਨ੍ਹਾਂ ਨੇ ਇਹ ਨਿਵੇਸ਼ 'ਫੰਡ' ਦੇ ਚੀਫ ਨਿਵੇਸ਼ ਅਫਸਰ ਅਨਿਲ ਅਹੂਜਾ ਨਾਲ ਦੋਸਤੀ ਕਰਕੇ ਕੀਤਾ ਸੀ। ਪਰਿਵਾਰ ਅਨੁਸਾਰ ਅਹੂਜਾ ਧਾਵਲ ਬੁਚ ਦਾ ਸਕੂਲ ਸਮੇਂ ਅਤੇ ਆਈ.ਆਈ.ਟੀ. ਦਿੱਲੀ ਵਿੱਚ ਦੋਸਤ ਰਿਹਾ ਹੈ। ਜਦੋਂ ਸ੍ਰੀ ਅਹੂਜਾ ਉਸ ਫੰਡ ਦੇ ਚੀਫ ਇਨਵੈਸਟਮੈਂਟ ਅਫਸਰ ਨਹੀਂ ਸਨ ਰਹੇ ਤਾਂ 2018 ਵਿੱਚ ਉਨ੍ਹਾਂ (ਬੁਚ ਜੋੜੇ) ਨੇ ਆਪਣਾ ਨਿਵੇਸ਼ ਵਾਪਸ ਕਰ ਲਿਆ ਸੀ। ਹਿੰਡਨਬਰਗ ਰਿਸਰਚ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਅਹੂਜਾ ਜੂਨ 2017 ਸਮੇਤ 9 ਸਾਲ ਅਡਾਨੀ ਇੰਟਰਪਰਾਈਜ਼ਜ਼ ਦਾ ਡਾਇਰੈਕਟਰ ਰਿਹਾ ਹੈ।





ਹਿੰਡਨਬਰਗ ਅਨੁਸਾਰ ਵਾਪਸ ਲਏ ਗਏ ਫੰਡ 8,72,000 ਡਾਲਰ ਸਨ। ਹਿੰਡਨਬਰਗ ਅਨੁਸਾਰ ਇਨ੍ਹਾਂ ਸੱਚਾਈਆਂ ਦੇ ਸਾਹਮਣੇ ਆਉਣ ਨਾਲ ਬਹੁਤ ਸਾਰੇ ਨਵੇਂ ਅਤੇ ਮਹੱਤਵਪੂਰਨ ਸਵਾਲ ਖੜ੍ਹੇ ਹੋ ਗਏ ਹਨ। ਧਾਵਲ ਬੁੱਚ ਦੀ ਬਲੈਕ ਸਟੋਨ ਦੇ ਸੀਨੀਅਰ ਅਡਵਾਈਜ਼ਰ ਵਜੋਂ ਨਿਯੁਕਤੀ ਸੰਬੰਧੀ ਬੁੱਚ ਜੋੜੇ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦੀ ਇਹ ਭੂਮਿਕਾ ਸਪਲਾਈ ਚੇਨ ਦੀ ਮੈਨੇਜਮੈਂਟ ਦੇ ਸੰਬੰਧ ਵਿੱਚ ਸੀ ਅਤੇ ਇਹ ਮਧਾਬੀ ਬੁਚ ਦੇ 'ਸੇਬੀ' ਦੇ ਚੇਅਰਪਰਸਨ ਨਿਯੁਕਤ ਹੋਣ ਤੋਂ ਪਹਿਲਾਂ ਦੀ ਸੀ। ਦੋ ਕਨਸਲਟੇਂਸੀ ਫਰਮਾਂ ਵਿੱਚ ਮਧਾਬੀ ਦੇ ਸ਼ੇਅਰਾਂ ਬਾਰੇ ਬੁਚ ਜੋੜੇ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਸੇਬੀ ਦੇ ਚੇਅਰਪਰਸਨ ਵਜੋਂ ਸੇਵਾ ਸ਼ੁਰੂ ਕਰਨ ਤੋਂ ਬਾਅਦ ਤੁਰੰਤ ਨਿਸ਼ਕ੍ਰਿਆ (ਡੌਰਮੈਂਟ) ਕਰ ਦਿੱਤੇ ਗਏ ਸਨ।

ਅਡਾਨੀ ਗਰੁਪ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਖਿਲਾਫ ਇਹ ਦੋਸ਼ ਦੁਰਭਾਵਨਾ ਪੂਰਨ, ਸ਼ਰਾਰਤੀ ਅਤੇ ਜਨਤਕ ਤੌਰ 'ਤੇ ਮੌਜੂਦ ਸੂਚਨਾ ਦੀ ਭੰਨਤੋੜ ਕਰਕੇ ਲਗਾਏ ਗਏ ਹਨ। ਬੁਚ ਜੋੜੇ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਹਿੰਡਨਬਰਗ ਦੀ ਨਵੀਂ ਰਿਪੋਰਟ ਵਿੱਚ ਲਗਾਏ ਗਏ ਦੋਸ਼ ਪੁਰਾਣੇ ਦੋਸ਼ਾਂ ਦਾ ਹੀ ਦੁਹਰਾ ਹੈ; ਜਿਨ੍ਹਾਂ ਦੀ ਵਿਅਪਕ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਵਲੋਂ ਇਨ੍ਹਾਂ ਨੂੰ ਰੱਦ ਕੀਤਾ ਜਾ ਚੁੱਕਾ ਹੈ।

ਉਧਰ ਵਿਰੋਧੀ ਸਿਆਸੀ ਧਿਰਾਂ ਹਿੰਡਨਬਰਗ ਦੀ ਇਸ ਰਿਪੋਰਟ ਨੂੰ ਲੈ ਕੇ ਸਰਗਰਮ ਹੋ ਗਈਆਂ ਹਨ ਅਤੇ ਇਸ ਮਾਮਲੇ 'ਤੇ ਸਾਂਝੀ ਪਾਰਲੀਮਾਨੀ ਕਮੇਟੀ ਬਣਾਏ ਜਾਣ ਦੀ ਮੰਗ ਕਰ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਨੇ ਹਿੰਡਨਬਰਗ ਦੀ ਇਸ ਰਿਪੋਰਟ ਨੂੰ ਇੱਕ ਸਾਜ਼ਿਸ਼ ਕਰਾਰ ਦਿੱਤਾ ਹੈ, ਜਿਹੜੀ ਦੇਸ਼ ਦੇ ਵਿੱਤੀ ਪ੍ਰਬੰਧ ਨੂੰ ਅਸਥਿਰ ਕਰਨ ਦਾ ਯਤਨ ਹੈ। ਕਾਂਗਰਸ ਪਾਰਟੀ ਨੇ ਮੰਗ ਕੀਤੀ ਹੈ ਕਿ ਭਾਰਤ ਸਰਕਾਰ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰੇ ਅਤੇ ਸੇਬੀ ਦੀ ਚੇਅਰਪਰਸਨ ਮਧਾਵੀ ਬੁਚ ਆਪਣੇ ਅਹੁਦੇ ਤੋਂ ਅਸਤੀਫਾ ਦੇਵੇ। ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਐਕਸ 'ਤੇ ਆਪਣੀ ਇੱਕ ਪੋਸਟ ਵਿੱਚ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਸਾਂਝੀ ਪਾਰਲੀਮਾਨੀ ਕਮੇਟੀ ਕਾਇਮ ਕਰ ਕੇ ਨਿਰਪੱਖ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ 'ਸੇਬੀ' ਅਤੇ ਇਸ ਦੀ ਚੇਅਰਪਰਸਨ ਦੀ ਸ਼ਾਖ ਦਾਅ 'ਤੇ ਲੱਗ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਭਰ ਵਿੱਚ ਨਿਵੇਸ਼ ਕਰਤਾ ਸਵਾਲ ਕਰ ਰਹੇ ਹਨ ਕਿ 'ਸੇਬੀ' ਦੀ ਚੇਅਰਪਰਸਨ ਮਧਾਵੀ ਬੁਚ ਨੂੰ ਹਟਾਇਆ ਕਿਉਂ ਨਹੀਂ ਜਾ ਰਿਹਾ? ਉਨ੍ਹਾਂ ਹੋਰ ਕਿਹਾ ਕਿ ਜੇ ਨਿਵੇਸ਼ਕਾਂ ਦੀ ਖੂਨ ਪਸੀਨੇ ਦੀ ਕਮਾਈ ਡੁੱਬ ਗਈ ਤਾਂ ਇਸ ਦੇ ਲਈ ਕੌਣ ਉੱਤਰਦਾਈ ਹੈ? ਤ੍ਰਿਣਮੂਲ ਕਾਂਗਰਸ ਪਾਰਟੀ ਦੇ ਆਗੂ ਡੇਰਕ-ਓ-ਬਰਾਇਨ ਨੇ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਜਿਓਤੀ ਰਾਓ ਸਿੰਧੀਆ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਵਿਰੋਧੀ ਪਾਰਟੀਆਂ ਭਾਰਤ ਵਿਰੁਧ ਸਾਜ਼ਿਸ਼ ਦਾ ਹਿੱਸਾ ਬਣ ਗਈਆਂ ਹਨ। ਭਾਜਪਾ ਨੇ ਇਸ ਨੂੰ ਮੋਦੀ ਅਤੇ ਮੋਦੀ ਸਰਕਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਵੀ ਕਿਹਾ ਹੈ।


ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ




BUYING OR SELLING?

FREE HOME EVALUATION

Contact me to find out what your home is worth!

AYUSHI KUKREJA-RAJU

REAL ESTATE AGENT

630-825-4652



ATPROPERTIES.COM/SITE/AYUSHIKUKREJA

# ਓਲੰਪਿਕ ਖੇਡਾਂ ਵਿੱਚ ਅਮਰੀਕਾ ਦੀ ਝੰਡੀ

***ਮੈਡਲ ਸੂਚੀ ਵਿੱਚ ਦੂਜੇ ਨੰਬਰ 'ਤੇ ਰਿਹਾ ਚੀਨ   *ਭਾਰਤ ਦਾ ਸਥਾਨ 69ਵਾਂ***

**ਪੰਜਾਬੀ ਪਰਵਾਜ਼ ਬਿਊਰੋ**

26 ਜੁਲਾਈ ਨੂੰ ਸ਼ੁਰੂ ਹੋਈਆਂ ਪੈਰਿਸ ਓਲੰਪਿਕ ਖੇਡਾਂ ਬੀਤੇ ਐਤਵਾਰ ਸਮਾਪਤ ਹੋ ਗਈਆਂ ਹਨ। ਸਮਾਪਤ ਹੋਣ ਸਮੇਂ ਦੇ ਸਮਾਰੋਹ ਵਿੱਚ ਭਾਰਤੀ ਖਿਡਾਰੀਆਂ ਦੀ ਟੋਲੀ ਨੇ ਵੀ ਹਿੱਸਾ ਲਿਆ। ਇਨ੍ਹਾਂ ਖਿਡਾਰੀਆਂ ਦੀ ਝੰਡਾ ਬਰਦਾਰੀ ਭਾਰਤੀ ਹਾਕੀ ਟੀਮ ਦੇ ਗੋਲ ਕੀਪਰ ਰਹੇ ਸ੍ਰੀਜੇਸ਼ ਅਤੇ ਸ਼ੂਟਿੰਗ ਵਿੱਚ ਡਬਲ ਮੈਡਲ ਜਿੱਤਣ ਵਾਲੀ ਮਨੂ ਭਾਕਰ ਨੇ ਕੀਤੀ। ਭਾਰਤੀ ਖਿਡਾਰੀ ਰਵਾਇਤੀ ਭਾਰਤੀ ਪੁਸ਼ਾਕਾਂ ਵਿੱਚ ਸਜ-ਧਜ ਕੇ ਸਮਾਪਨ ਸਮਾਰੋਹ ਵਿੱਚ ਸ਼ਾਮਲ ਹੋਏ।

ਇਨ੍ਹਾਂ ਖੇਡਾਂ ਦੇ ਆਖਰੀ ਦਿਨ ਅਮਰੀਕਾ ਨੇ ਮਹਿਲਾ ਬਾਸਕਟਬਾਲ ਦੇ ਫਾਈਨਲ ਵਿੱਚ ਸੋਨ ਤਮਗਾ ਜਿੱਤਿਆ ਅਤੇ ਚੀਨ ਨੂੰ ਪਛਾੜ ਕੇ ਤਮਗਾ ਸੂਚੀ ਵਿੱਚ ਪਹਿਲੇ ਨੰਬਰ 'ਤੇ ਆ ਗਿਆ। ਅਮਰੀਕਾ ਨੇ ਸੋਨੇ ਦੇ 40 ਤਮਗੇ ਜਿੱਤੇ। ਇਸ ਦੇਸ਼ ਨੇ 44 ਚਾਂਦੀ, 42 ਕਾਂਸੇ ਸਮੇਤ ਕੁੱਲ 126 ਤਮਗੇ ਜਿੱਤੇ ਹਨ। 40 ਸੋਨੇ, 27 ਚਾਂਦੀ ਅਤੇ 24 ਕਾਂਸੇ ਦੇ ਸਮੇਤ ਕੁੱਲ 91 ਤਮਗੇ ਜਿੱਤ ਕੇ ਚੀਨ ਦੂਜੇ ਨੰਬਰ 'ਤੇ ਰਿਹਾ। 20 ਸੋਨੇ, 12 ਚਾਂਦੀ ਅਤੇ 13 ਕਾਂਸੇ ਸਮੇਤ ਕੁੱਲ 45 ਤਮਗੇ ਜਿੱਤ ਕੇ ਜਪਾਨ ਤੀਜੇ ਸਥਾਨ 'ਤੇ ਰਿਹਾ ਹੈ। ਆਸਟਰੇਲੀਆ 18 ਸੋਨੇ, 19 ਚਾਂਦੀ ਅਤੇ 16 ਕਾਂਸੇ ਸਮੇਤ ਕੁੱਲ 53 ਤਮਗਿਆਂ ਨਾਲ ਮੈਡਲ ਟੈਲੀ ਵਿੱਚ ਚੌਥੇ ਸਥਾਨ 'ਤੇ ਰਿਹਾ।

ਭਾਰਤ ਨੇ ਇਨ੍ਹਾਂ ਓਲੰਪਿਕ ਖੇਡਾਂ ਵਿੱਚ 6 ਤਮਗੇ ਜਿੱਤੇ ਹਨ, ਜਿਨ੍ਹਾਂ ਵਿੱਚੋਂ 5 ਕਾਂਸੇ ਦੇ ਤਮਗੇ ਹਨ ਜਦਕਿ 1 ਚਾਂਦੀ ਦਾ ਤਮਗਾ ਜਿੱਤਿਆ ਹੈ। ਭਾਰਤੀ ਹਾਕੀ ਟੀਮ 1972 ਦੀਆਂ ਮਿਊਨਿਖ ਓਲੰਪਿਕ ਤੋਂ ਬਾਅਦ ਲਗਾਤਾਰ ਦੂਜੀ ਵਾਰ ਕਾਂਸੇ ਦਾ ਤਮਗਾ ਜਿੱਤਣ ਵਿੱਚ ਕਾਮਯਾਬ ਰਹੀ। ਕੁਆਰਟਰ ਫਾਈਨਲ ਮੁਕਾਬਲਿਆਂ ਤੱਕ ਜਿਸ ਦ੍ਰਿੜਤਾ ਅਤੇ ਲਗਨ ਨਾਲ ਭਾਰਤੀ ਟੀਮ ਖੇਡੀ, ਉਸ ਤੋਂ ਆਸ ਬੱਝ ਗਈ ਸੀ ਕਿ ਇਹ ਟੀਮ ਇਸ ਵਾਰ ਸੋਨੇ ਦੇ ਮੈਡਲ ਨੂੰ ਵੀ ਹੱਥ ਮਾਰ ਸਕਦੀ ਹੈ; ਪਰ ਸੈਮੀਫਾਈਨਲ ਵਿੱਚ ਜਰਮਨੀ ਤੋਂ 3-2 ਦੇ ਫਰਕ ਨਾਲ ਹਾਰ ਜਾਣ ਕਾਰਨ ਇਹ ਸੁਪਨਾ ਅਧੂਰਾ ਰਹਿ ਗਿਆ। ਫਿਰ ਸਪੇਨ ਖਿਲਾਫ ਹੋਏ ਤੀਜੀ ਪੁਜੀਸ਼ਨ ਲਈ ਮੁਕਾਬਲੇ ਵਿੱਚ ਇਸ ਯੂਰਪੀ ਮੁਲਕ ਨੂੰ 2-1 ਦੇ ਫਰਕ ਨਾਲ ਹਰਾ ਕੇ ਕਾਂਸੇ ਦਾ ਤਮਗਾ ਜਿੱਤਣ ਵਿੱਚ ਭਾਰਤੀ ਟੀਮ ਸਫਲ ਰਹੀ। ਇਸ ਖੇਡ ਨਾਲ ਜੁੜੇ ਮਾਹਿਰਾਂ ਦਾ ਆਖਣਾ ਹੈ ਕੇ ਪਿਛਲੇ ਵਰਲਡ ਕੱਪ ਵਿੱਚ ਮਾੜੇ ਪ੍ਰਦਰਸ਼ਨ ਤੋਂ ਬਾਅਦ ਭਾਰਤ ਨੇ ਆਪਣੇ ਆਪ ਨੂੰ ਮੁੜ ਸੰਭਾਲਿਆ ਹੈ ਅਤੇ ਇਹ ਦਰਸਾਉਂਦਾ ਹੈ ਕਿ ਭਾਰਤੀ ਹਾਕੀ ਪੁਨਰਸੁਰਜੀਤ ਹੋ ਰਹੀ ਹੈ। ਭਾਰਤ ਨੂੰ ਸੈਮੀਫਾਈਨਲ ਵਿੱਚ ਮਾਤ ਦੇਣ ਵਾਲੀ ਜਰਮਨੀ ਦੀ ਹਾਕੀ ਟੀਮ ਪੈਰਿਸ ਓਲੰਪਿਕ ਵਿੱਚ ਸੋਨੇ ਦਾ ਤਮਗਾ ਜਿੱਤੀ। ਜਰਮਨ ਟੀਮ ਨੇ ਨੀਦਰਲੈਂਡ ਨੂੰ 1-0 ਨਾਲ ਹਰਾਇਆ।

ਹਾਕੀ ਤੋਂ ਇਲਾਵਾ ਨੀਰਜ ਚੋਪੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਉਸ ਤੋਂ ਸੋਨੇ ਦੇ ਤਮਗੇ ਦੀ ਆਸ ਕੀਤੀ ਜਾ ਰਹੀ ਸੀ, ਪਰ ਸੋਨਾ ਪਾਕਿਸਤਾਨ ਜੈਵਲਿਨ ਸੁਟਾਵਾ ਅਰਸ਼ਦ ਨਦੀਮ ਜਿੱਤ ਗਿਆ। ਅਰਸ਼ਦ ਪੱਛਮੀ ਪੰਜਾਬ ਦਾ ਰਹਿਣ ਵਾਲਾ ਅਤੇ ਨੀਰਜ ਚੋਪੜਾ ਦਾ ਗੂੜ੍ਹਾ ਦੋਸਤ ਹੈ। ਦੋਹਾਂ ਦੀਆਂ ਮਾਵਾਂ ਨੇ ਇੱਕ ਦੂਜੇ ਨਾਲ ਮੋਹ ਮੁਹੱਬਤ ਦਾ ਇਜ਼ਹਾਰ ਕੀਤਾ। ਨੀਰਜ ਦੀ ਮਾਂ ਨੇ ਆਪਣੇ ਬਿਆਨ ਵਿੱਚ ਕਿਹਾ, ਅਰਸ਼ਦ ਵੀ ਸਾਡਾ ਹੀ ਪੁੱਤ ਹੈ, ਉਹਨੇ ਵੀ ਮਿਹਨਤ ਕੀਤੀ ਹੈ। ਸਾਨੂੰ ਚਾਂਦੀ ਹੀ ਸੋਨੇ ਵਰਗੀ ਹੈ। ਦੂਜੇ ਪਾਸੇ ਅਰਸ਼ਦ ਦੀ ਮਾਂ ਨੇ ਵੀ ਤਕਰੀਬਨ ਇਸੇ ਕਿਸਮ ਦੇ ਜਜ਼ਬਾਤ ਦਾ ਇਜ਼ਹਾਰ ਕੀਤਾ।



ਜੈਵਲਿਨ ਸੁਟਾਵੇ- ਨੀਰਜ ਚੋਪੜਾ ਤੇ ਅਰਸ਼ਦ ਨਦੀਮ

ਭਾਰਤ ਲਈ ਨਿਸ਼ਾਨੇਬਾਜ਼ਾਂ ਨੇ ਤਿੰਨ ਕਾਂਸੀ ਦੇ ਤਮਗੇ ਜਿੱਤੇ ਹਨ। ਹਰਿਆਣਾ ਦੀ ਇੱਕ ਮੁਟਿਆਰ ਮਨੂ ਭਾਕਰ ਨੇ ਦੋ ਕਾਂਸੀ ਦੇ ਤਮਗਿਆਂ ਨਾਲ ਆਪਣਾ ਨਾਤਾ ਜੋੜਿਆ। ਉਸ ਨੇ ਕਾਂਸੇ ਦਾ ਇੱਕ ਤਮਗਾ ਇੰਡਵਿਜੂਅਲ ਈਵੈਂਟ ਵਿੱਚ ਜਿੱਤਿਆ ਅਤੇ ਦੂਜਾ ਹਰਿਆਣਾ ਦੇ ਹੀ ਵਸਨੀਕ ਇਕ ਨੌਜੁਆਨ ਸਰਬਜੀਤ ਸਿੰਘ ਨਾਲ ਮਿਲ ਕੇ ਪ੍ਰਾਪਤ ਕੀਤਾ। ਨਿਸ਼ਾਨੇਬਾਜ਼ੀ ਵਿੱਚ ਇੱਕ ਹੋਰ ਤਮਗਾ ਸਵਪਨਿਲ ਕੁਸਾਲੇ ਨੇ ਜਿੱਤਿਆ। ਪਹਿਲਵਾਨ ਅਮਨ ਸਹਿਰਾਵਤ ਨੇ ਵੀ 57 ਕਿੱਲੋ ਭਾਰ ਵਰਗ ਵਿੱਚ ਕਾਂਸੇ ਦਾ ਤਮਗਾ ਜਿੱਤਣ ਵਿੱਚ ਕਾਮਯਾਬੀ ਪ੍ਰਾਪਤ ਕੀਤੀ। 50 ਕਿੱਲੋ ਭਾਰ ਵਰਗ ਵਿੱਚ ਔਰਤਾਂ ਦੀ ਕੁਸ਼ਤੀ 'ਚ ਹਰਿਆਣਾ ਦੀ ਵਸਨੀਕ ਵਿਨੇਸ਼ ਫੋਗਾਟ ਫਾਈਨਲ ਵਿੱਚ ਪਹੁੰਚ ਗਈ ਸੀ। ਉਸ ਤੋਂ ਸੋਨੇ ਦੇ ਤਮਗੇ ਦੀ ਆਸ ਕੀਤੀ ਜਾ ਰਹੀ ਸੀ, ਪਰ ਉਹ ਫਾਈਨਲ ਤੋਂ ਪਹਿਲਾਂ 100 ਗਰਾਮ ਭਾਰ ਜ਼ਿਆਦਾ ਹੋਣ ਕਾਰਨ ਡਿਸਕੁਆਲੀਫਾਈ ਕਰ ਦਿੱਤੀ ਗਈ। ਉਸ ਨੇ ਓਲੰਪਿਕ ਅਰਬੀਟਰੇਰੀ ਕਮਿਸ਼ਨ ਕੋਲ ਅਪੀਲ ਦਾਖਲ ਕੀਤੀ ਹੈ ਕਿ ਉਸ ਨੂੰ ਚਾਂਦੀ ਦਾ ਤਮਗਾ ਦਿੱਤਾ ਜਾਵੇ; ਕਿਉਂਕਿ ਸੈਮੀਫਾਈਨਲ ਵਿੱਚ ਜਿੱਤਣ ਤੱਕ ਉਸ ਦਾ ਭਾਰ ਸਹੀ ਪਾਇਆ ਗਿਆ ਸੀ। ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਬਹੁਤ ਸਾਰੇ ਖਿਡਾਰੀਆਂ ਨੇ ਵਿਨੇਸ਼ ਦੇ ਹੱਕ ਵਿੱਚ ਆਵਾਜ਼ ਉਠਾਈ ਹੈ। ਅਰਬੀਟਰੇਰੀ ਕਮਿਸ਼ਨ ਕੋਲ ਉਸ ਦੀ ਅਪੀਲ ਦਾ ਫੈਸਲਾ ਇੱਕ ਅੱਧ ਦਿਨ ਵਿੱਚ ਹੋਣ ਵਾਲਾ ਹੈ। ਪਿਛਲੀ ਵਾਰ ਦੀ ਕਾਂਸੀ ਦਾ ਤਮਗਾ ਜੇਤੂ ਭਾਰ ਤੋਲਾਵੀ ਮੀਰਾ ਬਾਈ ਚਾਨੂ ਵੀ ਇਸ ਵਾਰ ਮੈਡਲ ਤੋਂ ਖੁੰਝ ਗਈ ਅਤੇ ਚੌਥੇ ਸਥਾਨ 'ਤੇ ਰਹੀ। ਨਿਸ਼ਾਨੇਬਾਜ਼ ਅਰਜਨ ਬਬੂਟਾ ਵੀ ਚੌਥੇ ਸਥਾਨ 'ਤੇ ਰਿਹਾ। ਦੋ ਤਮਗੇ ਜਿੱਤਣ ਵਾਲੀ ਮਨੂ ਭਾਕਰ ਵੀ ਇੱਕ ਹੋਰ ਮੁਕਾਬਲੇ ਵਿੱਚ ਮਾਮੂਲੀ ਅੰਤਰ ਨਾਲ ਖੁੰਝ ਗਈ ਅਤੇ ਚੌਥੇ ਸਥਾਨ 'ਤੇ ਰਹੀ। ਦੋ ਓਲੰਪਿਕ ਖੇਡਾਂ ਵਿੱਚ ਲਗਾਤਾਰ ਦੋ ਤਮਗੇ ਜਿੱਤਣ ਵਾਲਾ ਨੀਰਜ ਚੋਪੜਾ ਭਾਰਤ ਦਾ ਚੌਥਾ ਖਿਡਾਰੀ ਹੈ। ਉਸ ਤੋਂ ਪਹਿਲਾਂ ਕੁਸ਼ਤੀ ਵਿੱਚ ਸੁਸ਼ੀਲ ਕੁਮਾਰ ਅਤੇ ਬੈਡਮਿੰਟਨ ਵਿੱਚ ਪੀ.ਵੀ. ਸਿੰਧੂ ਕ੍ਰਮਵਾਰ 2008-2012 ਤੇ 2016-2020 ਵਿੱਚ ਦੋ ਵਾਰ ਤਮਗੇ ਜਿੱਤ ਚੁੱਕੇ ਹਨ।

ਕੈਨੇਡਾ 7 ਸੋਨੇ, 6 ਚਾਂਦੀ ਅਤੇ 11 ਕਾਂਸੇ ਦੇ ਤਮਗੇ ਜਿੱਤ ਕੇ ਤਮਗਾ ਸੂਚੀ ਵਿੱਚ ਗਿਆਰਵੇਂ ਸਥਾਨ 'ਤੇ ਰਿਹਾ। ਜਦਕਿ ਭਾਰਤ ਤਮਗਾ ਸੂਚੀ ਵਿੱਚ 69ਵੇਂ ਸਥਾਨ 'ਤੇ ਰਿਹਾ। ਆਲੋਚਕ ਸਵਾਲ ਕਰ ਰਹੇ ਹਨ ਕਿ 140 ਕਰੋੜ ਅਬਾਦੀ ਵਾਲਾ ਇਹ ਮੁਲਕ ਅਤੇ ਸੰਸਾਰ ਦੀ ਤੀਜੇ ਨੰਬਰ ਦੀ ਆਰਥਿਕਤਾ ਖੇਡਾਂ ਵਿੱਚ ਇਸ ਕਦਰ ਪਛੜੇ ਹੋਏ ਕਿਉਂ ਹਨ? ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਜਲੰਧਰ ਦੱਖਣੀ ਤੋਂ ਮੌਜੂਦਾ ਐਮ.ਐਲ.ਏ. ਪਰਗਟ ਸਿੰਘ ਇਸ ਦਾ ਜਵਾਬ ਇਹ ਦਿੰਦੇ ਹਨ ਕਿ ਵਿਕਸਤ ਦੇਸ਼ਾਂ ਅਤੇ ਚੀਨ ਵਾਂਗ ਸਾਡੇ ਕੋਲ ਖੇਡਾਂ ਦਾ ਵਧੀਆਂ ਢਾਂਚਾ ਤੇ ਖੇਡ ਸਭਿਆਚਾਰ ਨਹੀਂ ਹੈ। ਇਸ ਦੇ ਨਾਲ ਹੀ ਖੇਡਾਂ ਦਾ ਬਜਟ ਵੀ ਘੱਟ ਰੱਖਿਆ ਜਾਂਦਾ ਹੈ। ਖੇਡ ਸਭਿਆਚਾਰ ਦੀ ਘਾਟ ਹੋਣ ਕਾਰਨ ਸਾਡੇ ਲੋਕਾਂ ਵਿੱਚ ਖੇਡਾਂ ਵਿੱਚ ਹਿੱਸਾ ਲੈਣ ਦੀ ਰੁਚੀ ਵੀ ਬਹੁਤ ਜ਼ਿਆਦਾ ਨਹੀਂ ਹੈ।

ਇੱਥੇ ਇਹ ਅੰਕੜੇ ਵੀ ਦਿਲਚਸਪ ਹੋਣਗੇ ਕਿ ਇਸ ਵਾਰ 'ਖੇਲੋ ਇੰਡੀਆ' ਦੇ ਬਜਟ ਦੀ ਅਲਾਟਮੈਂਟ ਵਿੱਚ ਪੰਜਾਬ ਅਤੇ ਹਰਿਆਣਾ ਨਾਲ ਧੱਕੇ ਦੀ ਗੱਲ ਵੀ ਤੁਰ ਪਈ ਹੈ। 'ਖੇਲੋ ਇੰਡੀਆ' ਤਹਿਤ ਗੁਜਾਰਤ ਅਤੇ ਯੂ.ਪੀ. ਨੂੰ ਕ੍ਰਮਵਾਰ 608 ਅਤੇ 503 ਕਰੋੜ ਦਾ ਬਜਟ ਅਲਾਟ ਕੀਤਾ ਗਿਆ ਹੈ। ਇਸ ਵਾਰ ਓਲੰਪਿਕ ਵਿੱਚ ਗੁਜਰਾਤ ਦੇ ਦੋ ਅਤੇ ਉੱਤਰ ਪ੍ਰਦੇਸ਼ ਦੇ 8 ਖਿਡਾਰੀ ਖੇਡ ਰਹੇ ਸਨ; ਜਦਕਿ ਪੰਜਾਬ ਦੇ 20 ਅਤੇ ਹਰਿਆਣਾ ਦੇ 24 ਖਿਡਾਰੀ ਖੇਡੇ ਹਨ। ਪੰਜਾਬ ਨੂੰ 91 ਕਰੋੜ ਅਤੇ ਹਰਿਆਣਾ ਨੂੰ 'ਖੇਲੋ ਇੰਡੀਆ' ਤਹਿਤ 89 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। ਖੇਡ ਮਾਹਿਰਾਂ ਅਨੁਸਾਰ ਇਨ੍ਹਾਂ ਨੀਤੀਆਂ ਦਾ ਸਿੱਟਾ ਇਹ ਹੈ ਕਿ ਭਾਰਤ ਪੈਰਿਸ ਓਲੰਪਿਕ ਖੇਡਾਂ ਦੀ ਮੈਡਲ ਸੂਚੀ ਵਿੱਚ 69 ਨੰਬਰ 'ਤੇ ਰਿਹਾ ਹੈ। ਕੁਝ ਆਸ਼ਾਵਾਦੀ ਖੇਡ ਮਾਹਿਰਾਂ ਦਾ ਆਖਣਾ ਹੈ ਕਿ ਇਸ ਵਾਰ ਤਮਗੇ ਜਿੱਤਣ ਵਾਲੇ ਬਹੁਤੇ ਖਿਡਾਰੀ ਨੌਜਵਾਨ ਹਨ, ਇਸ ਲਈ ਅਗਲੀਆਂ ਖੇਡਾਂ ਤੱਕ ਉਹ ਆਪਣਾ ਪ੍ਰਦਰਸ਼ਨ ਸੁਧਾਰ ਸਕਦੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਇਸੇ ਕਰਕੇ ਭਾਰਤ ਦਾ ਖੇਡਾਂ ਵਿੱਚ ਭਵਿੱਖ ਰੋਸ਼ਨ ਵਿਖਾਈ ਦਿੰਦਾ ਹੈ।




13th Annual
Golf Tournament
on August 25th Sunday
Highland Woods Golf Course
Hoffman Estates, IL

Midwest Punjabi Golf Association (MPGA)



*Prizes For First, Second And Hole Prizes.

Featuring 2 Man Scramble
Registration Fee $100
Registration Start at 10:30 AM
Tee Time Start 11:30 AM and onwards
(Drinks and Dinner included)

For More Information, Please Contact:
Dr. Harjinder Khaira 630-479-0031
Kamaldip Sangha 630-946-4150
Balwinder Singh (A-One) 773-988-6181
Harry Kang 847-456-8651
Jagmeet Singh 847-606-3664

Kuljeet Dyalpuri

# ਪ੍ਰਸਤਾਵਿਤ 'ਮਾਲਵਾ ਨਹਿਰ' ਸਬੰਧੀ ਸਿਆਸੀ ਮਤਭੇਦ ਉਭਰੇ

**ਪੰਜਾਬੀ ਪਰਵਾਜ਼ ਬਿਊਰੋ**

***ਵਿਰੋਧੀ ਧਿਰ ਤੇ ਕਿਸਾਨ ਜਥੇਬੰਦੀਆਂ ਨੇ ਸਵਾਲ ਉਠਾਏ**

***ਨਹਿਰ ਉਸਾਰੀ ਲਈ ਸਵਾ ਲੱਖ ਦਰਖਤਾਂ ਦਾ ਹੋਵੇਗਾ ਵਢਾਂਗਾ**




ਪ੍ਰਸਤਾਵਿਤ 'ਮਾਲਵਾ ਨਹਿਰ' ਨੂੰ ਲੈ ਕੇ ਪੰਜਾਬ ਵਿਚ ਸਿਆਸੀ ਮਤਭੇਦ ਉਭਰ ਆਏ ਹਨ। ਜੰਗਲਾਤ ਵਿਭਾਗ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਾਂਝੇ ਨਿਰੀਖਣ ਤੋਂ ਪਤਾ ਲੱਗਾ ਹੈ ਕਿ ਮੁਕਤਸਰ ਵਿੱਚ 50,000 ਤੋਂ ਵੱਧ ਦਰੱਖਤ ਅਤੇ ਫਿਰੋਜ਼ਪੁਰ ਜੰਗਲਾਤ ਮੰਡਲਾਂ ਵਿੱਚ 70,000 ਤੋਂ ਵੱਧ ਦਰੱਖਤ ਨਹਿਰ ਦੀ ਉਸਾਰੀ ਲਈ ਵੱਢਣੇ ਪੈਣਗੇ। 'ਮਾਲਵਾ ਨਹਿਰ' ਦੇ ਪ੍ਰੋਜੈਕਟ ਸਬੰਧੀ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਇਸ ਨਹਿਰ ਨਾਲ ਪੰਜਾਬ ਵਿੱਚ ਕਰੀਬ 2 ਲੱਖ ਹੈਕਟੇਅਰ ਜ਼ਮੀਨ ਦੀ ਸਿੰਜਾਈ ਕਰਨ ਵਿੱਚ ਮਦਦ ਮਿਲੇਗੀ। ਸਰਕਾਰ ਅਨੁਸਾਰ ਇਸ ਨਹਿਰ ਦੇ ਨਿਰਮਾਣ ਨਾਲ ਉਹ ਨਹਿਰੀ ਪਾਣੀ ਨਾਲ ਖੇਤੀ ਕਰਨ ਤੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਵੱਲ ਵੱਡਾ ਕਦਮ ਪੁੱਟ ਰਹੀ ਹੈ। ਦੂਜੇ ਪਾਸੇ ਵਿਰੋਧੀ ਧਿਰ ਤੇ ਕਿਸਾਨ ਜਥੇਬੰਦੀਆਂ ਸਰਕਾਰ ਦੇ ਇਸ ਫੈਸਲੇ ਉੱਤੇ ਸਵਾਲ ਉਠਾ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਦਰਖਤਾਂ ਦੀ ਕਟਾਈ ਇਸ ਖੇਤਰ ਦੀ ਜੈਵ ਵਿਭਿੰਨਤਾ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਸਥਾਨਕ ਜੰਗਲੀ ਜੀਵਨ ਨੂੰ ਵੀ ਪ੍ਰਭਾਵਿਤ ਕਰੇਗੀ। ਇਸ ਪ੍ਰਾਜੈਕਟ 'ਤੇ ਫੈਸਲਾ ਲੈਣ ਤੋਂ ਪਹਿਲਾਂ ਤਕਨੀਕੀ, ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਮਾਪਦੰਡਾਂ 'ਤੇ ਵਿਚਾਰ ਕਰਨ ਦੀ ਲੋੜ ਸੀ।

ਸਿਆਸੀ ਤੌਰ 'ਤੇ ਪੰਜਾਬ ਦੀ ਅਗਵਾਈ ਕਰਨ ਵਾਲੇ ਮਾਲਵਾ ਖੇਤਰ ਨੂੰ ਇਸ ਨਹਿਰ ਨਾਲ ਫਾਇਦਾ ਪਹੁੰਚਣ ਦੀ ਗੱਲ ਕੀਤੀ ਜਾ ਰਹੀ ਹੈ, ਤਾਂ ਹੀ ਇਸ ਦਾ ਨਾਂ 'ਮਾਲਵਾ ਨਹਿਰ' ਰੱਖਿਆ ਗਿਆ ਹੈ। 'ਮਾਲਵਾ ਨਹਿਰ' ਕਰੀਬ 149.53 ਕਿੱਲੋਮੀਟਰ ਲੰਬੀ ਬਣੇਗੀ, ਜਿਸ ਦੀ ਪ੍ਰਸਤਾਵਿਤ ਪਾਣੀ ਦੀ ਸਮਰੱਥਾ 2000 ਕਿਊਸਿਕ ਹੋਵੇਗੀ। ਇਹ ਨਹਿਰ ਹਰੀਕੇ ਹੈੱਡਵਰਕਸ ਤੋਂ ਲੈ ਕੇ ਰਾਜਸਥਾਨ ਫੀਡਰ ਨਹਿਰ ਦੇ ਖੱਬੇ ਪਾਸੇ ਦੇ ਨਾਲ-ਨਾਲ ਇਸ ਦੇ ਹੈੱਡਵਰਕ ਤੋਂ ਪਿੰਡ ਵੜਿੰਗ ਖੇੜਾ ਤੱਕ ਬਣਾਉਣ ਦੀ ਤਜਵੀਜ਼ ਹੈ ਅਤੇ ਨਹਿਰ ਦਾ ਕੁਝ ਹਿੱਸਾ ਰਾਜਸਥਾਨ ਵਿੱਚ ਸਥਿਤ ਜ਼ਮੀਨ ਵਿੱਚ ਵੀ ਬਣੇਗਾ, ਜੋ ਰਾਜਸਥਾਨ ਫੀਡਰ ਦੇ ਨਿਰਮਾਣ ਲਈ ਐਕੁਆਇਰ ਕੀਤੀ ਗਈ ਸੀ। ਇਸ ਪ੍ਰੋਜੈਕਟ ਉੱਤੇ ਕਰੀਬ 2300 ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਹੈ।

ਯਾਦ ਰਹੇ, ਪੰਜਾਬ ਵਿੱਚ ਜੋ ਮੌਜੂਦਾ ਨਹਿਰੀ ਪਾਣੀ ਦਾ ਢਾਂਚਾ ਹੈ, ਉਸ ਦਾ ਮੁੱਢ ਤਾਂ ਕਾਫੀ ਪੁਰਾਣਾ ਹੈ। ਪੰਜਾਬ ਸਰਕਾਰ ਦੇ ਪਾਣੀ ਦੇ ਸਰੋਤਾਂ ਦੇ ਮੰਤਰਾਲੇ ਅਨੁਸਾਰ ਸਰਹਿੰਦ ਕਨਾਲ ਸਿਸਟਮ ਕਰੀਬ 150 ਸਾਲ ਪੁਰਾਣਾ ਹੈ, ਜੋ ਰੋਪੜ ਹੈੱਡਵਰਕਸ ਤੋਂ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ 1954-55 ਵਿੱਚ ਬਣੀ ਸਰਹਿੰਦ ਫੀਡਰ ਫਿਰੋਜ਼ਪੁਰ ਫੀਡਰ ਤੋਂ ਨਿਕਲਦੀ ਹੈ। ਰਾਜਸਥਾਨ ਫੀਡਰ ਨਹਿਰ ਹਰੀਕੇ ਹੈੱਡਵਰਕਸ ਤੋਂ ਰਾਵੀ ਤੇ ਬਿਆਸ ਦਾ ਪਾਣੀ ਲੈ ਕੇ ਨਿਕਲਦੀ ਹੈ। ਇਸ ਨਹਿਰ ਦੇ ਪਾਣੀ ਦੀ ਵਰਤੋਂ ਸਿਰਫ ਰਾਜਸਥਾਨ ਹੀ ਕਰ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਨਹਿਰਾਂ ਨਾਲ ਸਿੰਜਾਈ ਦੇ ਸਿਸਟਮ ਵਿੱਚ ਭਾਖੜਾ ਮੇਨ ਲਾਈਨ ਸਿਸਟਮ, ਬਿਸਟ ਦੋਆਬ ਕਨਾਲ ਸਿਸਟਮ, ਅਪਰ ਬਾਰੀ ਕਨਾਲ ਸਿਸਟਮ, ਫਿਰੋਜ਼ਪੁਰ ਫੀਡਰ ਕਨਾਲ, ਈਸਟਸਨ ਕਨਾਲ ਸਿਸਟਮ, ਮੱਖੂ ਕਨਾਲ ਸਿਸਟਮ ਤੇ ਸ਼ਾਹ ਨਹਿਰ ਫੀਡਰ ਸ਼ਾਮਲ ਹੈ।

ਮੁੱਖ ਮੰਤਰੀ ਅਨੁਸਾਰ "ਸਾਉਣੀ ਦੇ ਸੀਜ਼ਨ ਦੌਰਾਨ ਫਿਰੋਜ਼ਪੁਰ ਫੀਡਰ ਦੀ ਮੰਗ ਜ਼ਿਆਦਾ ਹੋਣ ਕਾਰਨ ਪੰਜਾਬ ਦੀ ਸਮੁੱਚੀ ਮੰਗ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਕਾਰਨ ਸਰਹਿੰਦ ਫੀਡਰ ਦੀ ਸਪਲਾਈ ਵੀ ਪ੍ਰਭਾਵਿਤ ਹੁੰਦੀ ਹੈ ਤੇ ਪੰਜਾਬ ਨੂੰ ਆਪਣੀਆਂ ਨਹਿਰਾਂ ਰੋਟੇਸ਼ਨ ਉੱਤੇ ਚਲਾਉਣੀਆਂ ਪੈਂਦੀਆਂ ਹਨ। ਪਿਛਲੀਆਂ ਸਰਕਾਰਾਂ ਨੇ ਸਰਹਿੰਦ ਨਹਿਰ ਸਿਸਟਮ ਦੇ ਟੇਲ ਵਾਲੇ ਹਿੱਸੇ (ਜਿੱਥੇ ਨਹਿਰ ਖ਼ਤਮ ਹੋ ਰਹੀ ਹੁੰਦੀ ਹੈ) ਵਿੱਚ ਪਾਣੀ ਦੀ ਸਪਲਾਈ ਵਿੱਚ ਸੁਧਾਰ ਕਰਨ ਦੀ ਬਜਾਏ ਸਰਹਿੰਦ ਫੀਡਰ ਤੋਂ ਲਿਫਟ ਪੰਪਾਂ ਰਾਹੀਂ ਪਾਣੀ ਦੀ ਸਪਲਾਈ ਕਰਨ ਦਾ ਫੈਸਲਾ ਲਿਆ। ਇਸ ਨਾਲ ਅਬੋਹਰ ਅਤੇ ਫਾਜ਼ਿਲਕਾ ਦੀ ਨਹਿਰੀ ਸਪਲਾਈ ਲਈ ਪਾਣੀ ਦੀ ਘਾਟ ਹੁੰਦੀ ਹੈ। ਮਾਲਵਾ ਨਹਿਰ ਨਾਲ ਸਰਹਿੰਦ ਫੀਡਰ ਤੋਂ ਅਬੋਹਰ ਖੇਤਰ ਲਈ ਵਧੇਰੇ ਪਾਣੀ ਮੁਹੱਈਆ ਹੋਵੇਗਾ। ਇਸ ਨਹਿਰ ਦੇ ਬਣਨ ਨਾਲ ਮੁਕਤਸਰ, ਗਿੱਦੜਬਾਹਾ, ਬਠਿੰਡਾ, ਜ਼ੀਰਾ ਦੇ ਖੇਤਰਾਂ ਦੇ ਨਾਲ-ਨਾਲ ਅਬੋਹਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਖੇਤਰਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਪਾਣੀ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ ਸੀ ਕਿ ਇਸ ਨਹਿਰ ਦੀ ਉਸਾਰੀ 40 ਸਾਲ ਪਹਿਲਾਂ ਹੋ ਜਾਣੀ ਚਾਹੀਦੀ ਸੀ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਾਲਵਾ ਨਹਿਰ ਦੇ ਪ੍ਰੋਜੈਕਟ ਉੱਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਵੀ ਮਾਲਵਾ ਨਹਿਰ ਲਈ ਸਰਵੇ ਕਰਵਾਇਆ ਸੀ, ਪਰ ਤਕਨੀਕੀ ਕਾਰਨਾਂ ਕਰਕੇ ਇਹ ਪ੍ਰੋਜੈਕਟ ਵਾਜਿਬ ਨਹੀਂ ਲੱਗਿਆ। ਖ਼ਬਰ ਏਜੰਸੀ ਪੀ.ਟੀ.ਆਈ. ਮੁਤਾਬਕ ਰਾਜਾ ਵੜਿੰਗ ਨੇ ਕਿਹਾ, "ਇਸ ਪ੍ਰੋਜੈਕਟ ਨੂੰ ਸੈੱਟ ਕਰਨ ਤੋਂ ਪਹਿਲਾਂ ਇਸ ਦੇ ਤਕਨੀਕੀ, ਸਮਾਜਿਕ, ਆਰਥਿਕ ਤੇ ਵਾਤਾਵਰਨ ਸਬੰਧੀ ਮਾਪਦੰਡਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ। ਨਹਿਰ ਨੂੰ ਜਿਸ ਇਲਾਕੇ ਵਿੱਚ ਉਸਾਰਨ ਦੀ ਗੱਲ ਕੀਤੀ ਜਾ ਰਹੀ ਹੈ, ਉੱਥੇ ਪਹਿਲਾਂ ਦੀ ਜੰਗਲ ਹੈ, ਜਿਸ ਦੇ ਦਰਖ਼ਤਾਂ ਨੂੰ ਇਸ ਪ੍ਰੋਜੈਕਟ ਲਈ ਵੱਢਣਾ ਪਵੇਗਾ। ਇਸ ਦੇ ਨਾਲ ਹੀ ਖੇਤਰ ਦੇ ਸਾਰੇ 22 ਬਲਾਕਾਂ ਨੂੰ ਪਾਣੀ ਖੇਤਰ ਦੇ ਵੱਖ-ਵੱਖ ਪੱਧਰ ਉੱਤੇ ਹੋਣ ਕਾਰਨ ਪਹੁੰਚਾਉਣਾ ਔਖਾ ਹੋਵੇਗਾ।"

ਸਿਰਫ਼ ਵਿਰੋਧੀ ਧਿਰ ਹੀ ਨਹੀਂ 'ਮਾਲਵਾ ਕਨਾਲ' ਦੇ ਇਸ ਪ੍ਰੋਜੈਕਟ ਬਾਰੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੀ ਖਦਸ਼ੇ ਪ੍ਰਗਟ ਕਰ ਰਹੀਆਂ ਹਨ। ਕਿਸਾਨ ਆਗੂ ਰਾਜਿੰਦਰ ਸਿੰਘ ਦੀਪਸਿੰਘ ਵਾਲਾ ਅਨੁਸਾਰ "ਬੀ.ਬੀ.ਐੱਮ.ਬੀ. ਵਿੱਚੋਂ ਪੰਜਾਬ ਦੀ ਮੈਂਬਰਸ਼ਿਪ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੈ। ਹੁਣ ਹੈੱਡਵਰਕਸ ਦਾ ਕੰਟਰੋਲ ਪੂਰੇ ਤਰੀਕੇ ਨਾਲ ਕੇਂਦਰ ਸਰਕਾਰ ਕੋਲ ਹੈ। ਅਜਿਹੇ ਵਿੱਚ ਪੰਜਾਬ ਸਰਕਾਰ ਨੂੰ ਇਹ ਸਾਫ ਕਰਨਾ ਚਾਹੀਦਾ ਹੈ ਕਿ ਆਖਿਰ ਉਹ ਪਾਣੀ ਕਿੱਥੋਂ ਲੈਣਗੇ!

ਅਜਿਹੇ ਖਦਸ਼ਿਆਂ ਵਿੱਚ ਘਿਰੀ 'ਮਾਲਵਾ ਨਹਿਰ' ਕੀ ਕਾਰਗਰ ਸਾਬਿਤ ਹੋ ਸਕਦੀ ਹੈ? ਪੰਜਾਬ ਸਰਕਾਰ ਮਾਲਵਾ ਨਹਿਰ ਬਾਰੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਸਵਾਲ ਹੈ ਕਿ ਇਹ ਦਾਅਵੇ ਜ਼ਮੀਨੀ ਪੱਧਰ ਉੱਤੇ ਕਿੱਥੇ ਖੜ੍ਹੇ ਹਨ? ਸਿੰਜਾਈ ਵਿਭਾਗ ਦੇ ਸਾਬਕਾ ਇੰਜੀਨੀਅਰ ਸੁਖਦਰਸ਼ਨ ਨੱਤ ਕਹਿੰਦੇ ਹਨ ਕਿ ਇਸ ਖੇਤਰ ਵਿੱਚ ਨਹਿਰ ਦੀ ਲੋੜ ਤਾਂ ਸੀ। ਹਰੀਕੇ ਪੱਤਣ ਤੋਂ ਸਰਹਿੰਦ ਫੀਡਰ ਤੇ ਰਾਜਸਥਾਨ ਫੀਡਰ ਨਿਕਲਦੀਆਂ ਹਨ। ਸਰਹਿੰਦ ਫੀਡਰ ਜੋ ਕਿ ਰਾਜਸਥਾਨ ਫੀਡਰ ਦੇ ਥੱਲੜੇ ਪਾਸੇ ਹੈ, ਇਸ ਦਾ ਪਾਣੀ ਕਦੇ ਫ਼ਾਜ਼ਿਲਕਾ ਅਤੇ ਅਬੋਹਰ ਤੱਕ ਜਾਂਦਾ ਸੀ, ਪਰ ਇਸ ਦੇ ਬਾਵਜੂਦ ਉੱਪਰ ਵਾਲੇ ਪਾਸੇ ਪੰਪਾਂ ਨਾਲ ਦੂਜੇ ਪਾਸੇ ਭੇਜਿਆ ਜਾਂਦਾ ਸੀ, ਇਸ ਲਈ ਉਸ ਇਲਾਕੇ ਵਿੱਚ ਇੱਕ ਨਹਿਰ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਸਤਾਵਿਤ ਨਹਿਰ ਦੀ ਕਿੰਨੀ ਸਮਰੱਥਾ ਹੈ ਤੇ ਕੀ ਪੰਜਾਬ ਕੋਲ ਇਸ ਨਹਿਰ ਨੂੰ ਲਗਾਤਾਰ ਚਾਲੂ ਰੱਖਣ ਦੀ ਸਮਰੱਥਾ ਹੈ, ਇਹ ਸਮਝਣ ਵਾਲੀ ਗੱਲ ਹੈ।

ਹੈੱਡਵਰਕਸ ਦਾ ਕੰਟਰੋਲ ਨਾ ਹੋਣ ਕਾਰਨ ਪੰਜਾਬ ਕੋਲ ਜੋ ਕੋਟਾ ਹੈ, ਉਸ ਵਿੱਚੋਂ ਹੀ ਉਹ ਪਾਣੀ ਲੈ ਸਕਦਾ ਹੈ। ਪੰਜਾਬ ਆਪਣੀ ਮਰਜ਼ੀ ਨਾਲ ਵਾਧੂ ਪਾਣੀ ਨਹੀਂ ਲੈ ਸਕਦਾ। ਹੋ ਸਕਦਾ ਹੈ ਕਿ ਸਰਹਿੰਦ ਫੀਡਰ ਦੇ ਕੋਟੇ ਵਿੱਚੋਂ ਉਹ ਪਾਣੀ ਲੈਣ ਜਾਂ ਕੁਝ ਦਿਨ ਬੰਦ ਕਰਕੇ ਪਾਣੀ ਇਸ ਨਹਿਰ ਲਈ ਵਰਤਣ। ਜੇ ਪੰਜਾਬ ਸਰਹਿੰਦ ਫੀਡਰ ਦੇ ਕੋਟੇ ਤੋਂ ਪਾਣੀ ਲੈਂਦਾ ਹੈ ਤਾਂ ਉਨ੍ਹਾਂ ਇਲਾਕਿਆਂ ਦੇ ਕਿਸਾਨ ਰੋਸ ਮੁਜ਼ਾਹਰਾ ਕਰ ਸਕਦੇ ਹਨ, ਜਿਨ੍ਹਾਂ ਨੂੰ ਸਰਹਿੰਦ ਫੀਡਰ ਨਾਲ ਫਾਇਦਾ ਹੁੰਦਾ ਹੈ। ਸਰਕਾਰ ਨੇ ਅਜੇ ਤੱਕ ਇਹ ਸਾਫ਼ ਨਹੀਂ ਕੀਤਾ ਕਿ ਇਸ ਨਹਿਰ ਲਈ ਪਾਣੀ ਉਹ ਕਿੱਥੋਂ ਲਵੇਗੀ! ਪੰਜਾਬ ਦਾ ਜੋ ਮੌਜੂਦਾ ਨਹਿਰੀ ਸਿਸਟਮ ਹੈ, ਉਸ ਨੂੰ ਰੈਗੂਲਰ ਚਲਾਉਣ ਲਈ ਵੀ ਪਾਣੀ ਨਹੀਂ ਹੈ। ਇਸ ਲਈ ਨਹਿਰੀ ਵਿਭਾਗ ਵੀ ਇੱਕ ਸ਼ਿਡਿਊਲ ਜਾਰੀ ਕਰਦਾ ਹੈ ਕਿ ਕਿਹੜੀ ਨਹਿਰ ਵਿੱਚ ਕਦੋਂ ਪਾਣੀ ਛੱਡਿਆ ਜਾਵੇਗਾ। ਮਾਲਵਾ ਨਹਿਰ ਬਾਰੇ ਵਿਰੋਧੀ ਧਿਰ ਦੇ ਖਦਸ਼ਿਆਂ ਮੁਤਾਬਕ ਇਹ ਇੱਕ ਕੌੜੀ ਸੱਚਾਈ ਹੈ ਕਿ ਜਦੋਂ ਅਜਿਹੇ ਪ੍ਰੋਜੈਕਟ ਬਣਦੇ ਹਨ ਤਾਂ ਜੰਗਲਾਤ ਦੇ ਸਰੋਤਾਂ ਦਾ ਨੁਕਸਾਨ ਹੁੰਦਾ ਹੈ। ਸਰਕਾਰ ਇਸ ਹਾਲਾਤ ਵਿੱਚ ਨਹੀਂ ਹੈ ਕਿ ਉਹ ਵਾਧੂ ਥਾਂ ਐਕੁਆਇਰ ਕਰਕੇ ਉਸ ਉੱਤੇ ਦਰਖ਼ਤ ਲਗਾਏ।

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

Hiring Local & Midwest Drivers and Dedicated Lanes & Owner Operators

NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

## ਸਿਆਸੀ ਹਲਚਲ

ਜਸਵੀਰ ਸਿੰਘ ਸ਼ੀਰੀ

# 'ਆਪ' ਨੂੰ ਸਾਹ ਆਇਆ

### *ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ ਮਿਲੀ ਜ਼ਮਾਨਤ
### *ਅਰਵਿੰਦ ਕੇਜਰੀਵਾਲ ਦੀ ਅੰਤ੍ਰਿਮ ਜ਼ਮਾਨਤ ਤੋਂ ਇਨਕਾਰ

ਸੰਜੇ ਸਿੰਘ ਤੋਂ ਬਾਅਦ ਮਨੀਸ਼ ਸਿਸੋਦੀਆ ਨੂੰ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਰਿਹਾਅ ਕਰ ਦਿੱਤਾ ਹੈ। ਸਿਆਸੀ ਹੋਂਦ ਦੇ ਸੰਕਟ ਵਿੱਚ ਘਿਰੀ ਇੱਕ ਨਵੀਂ ਰਾਜਨੀਤਿਕ ਪਾਰਟੀ ਲਈ ਇਹ ਇੱਕ ਵੱਡੀ ਰਾਹਤ ਵਾਲੀ ਘਟਨਾ ਹੈ ਕਿ ਉਸ ਦੇ ਦੋ ਸੀਨੀਅਰ ਨੇਤਾ ਜਮਾਨਤ 'ਤੇ ਬਾਹਰ ਆ ਗਏ ਹਨ ਅਤੇ ਪਾਰਟੀ ਦੀ ਕਮਾਨ ਸੰਭਾਲਣ ਦੇ ਸਮਰੱਥ ਹਨ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਵੀ ਮਨੀਸ਼ ਸਿਸੋਦੀਆ ਦੀ ਰਿਹਾਈ ਦੇ ਹੁਕਮਾਂ ਨੂੰ ਆਧਾਰ ਬਣਾ ਕੇ ਆਪਣੀ ਰਿਹਾਈ ਦੀ ਅਰਜ਼ੀ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਸੀ, ਪਰ 14 ਅਗਸਤ ਨੂੰ ਸੁਪਰੀਮ ਕੋਰਟ ਨੇ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੇਜਰੀਵਾਲ ਦੀ ਰਿਹਾਈ ਲਈ ਇਹ ਪਟੀਸ਼ਨ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਅਤੇ ਸੀ.ਯੂ. ਸਿੰਘ ਵੱਲੋਂ ਦਾਇਰ ਕੀਤੀ ਗਈ ਸੀ। ਪਾਰਟੀ ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਕਰੀਬ 17 ਮਹੀਨਿਆਂ ਪਿੱਛੋਂ 10 ਲੱਖ ਦੇ ਮੁਚੱਲਕੇ 'ਤੇ ਜ਼ਮਾਨਤ ਦਿੱਤੀ ਗਈ ਹੈ ਅਤੇ ਇਸ ਨਾਲ ਕੁਝ ਸ਼ਰਤਾਂ ਵੀ ਜੁੜੀਆਂ ਹੋਈਆਂ ਹਨ। ਸੁਪਰੀਮ ਕੋਰਟ ਦੇ ਬੈਂਚ ਨੇ ਰਿਹਾਈ ਦੇ ਨਾਲ ਹੀ ਕਿਹਾ ਕਿ ਸਿਸੋਦੀਆ ਆਪਣਾ ਪਾਸਪੋਰਟ ਵਿਸ਼ੇਸ਼ ਅਦਾਲਤ ਕੋਲ ਜਮ੍ਹਾ ਕਰਵਾਉਣਗੇ। ਉਹ ਨਾ ਤਾਂ ਸਬੂਤਾਂ ਨਾਲ ਛੇੜ-ਛਾੜ ਕਰਨਗੇ ਅਤੇ ਨਾ ਹੀ ਗਵਾਹਾਂ ਨੂੰ ਪ੍ਰਭਾਵਤ ਕਰਨ ਦੀ ਕੋਈ ਕੋਸ਼ਿਸ਼ ਹੋਵੇਗੀ। ਉਨ੍ਹਾਂ ਨੂੰ ਹਰ ਸੋਮਵਾਰ ਅਤੇ ਵੀਰਵਾਰ ਜਾਂਚ ਅਧਿਕਾਰੀ ਅੱਗੇ ਪੇਸ਼ ਹੋਣਾ ਪਵੇਗਾ।

ਜਸਟਿਸ ਬੀ.ਆਰ. ਗਵਈ ਅਤੇ ਕੇ.ਵੀ. ਵਿਸ਼ਵਨਾਥਨ 'ਤੇ ਆਧਾਰਤ ਦੋ ਮੈਂਬਰੀ ਬੈਂਚ ਨੇ ਜ਼ਮਾਨਤ ਦਿੰਦਿਆਂ ਹੇਠਲੀਆਂ ਅਦਾਲਤਾਂ 'ਤੇ ਕਈ ਗੰਭੀਰ ਟਿੱਪਣੀਆਂ ਵੀ ਕੀਤੀਆਂ ਅਤੇ ਕਿਹਾ 'ਜ਼ਮਾਨਤ ਇੱਕ ਨਿਯਮ ਹੈ ਅਤੇ ਜੇਲ੍ਹ ਅਪਵਾਦ ਹੈ। ਹੇਠਲੀਆਂ ਅਦਾਲਤਾਂ ਅਤੇ ਹਾਈ ਕੋਰਟਾਂ ਕਿਉਂਕਿ ਜ਼ਮਾਨਤ ਲਈ ਦਰੁਸਤ ਕੇਸਾਂ ਵਿੱਚ ਵੀ ਜ਼ਮਾਨਤ ਨਹੀਂ ਦਿੰਦੀਆਂ, ਇਸ ਲਈ ਸੁਪਰੀਮ ਕੋਰਟ ਵਿੱਚ ਬਕਾਇਆ ਪਏ ਕੇਸਾਂ ਦੇ ਢੇਰ ਲੱਗ ਗਏ ਹਨ।' ਅਦਾਲਤ ਨੇ ਸਿਸੋਦੀਆ ਨੂੰ ਜ਼ਮਾਨਤ ਦਿੰਦਿਆਂ ਕਿਹਾ ਕਿ ਬਿਨਾ ਮੁਕੱਦਮੇ ਦੇ ਜੇਲ੍ਹ ਵਿੱਚ ਕਿਸੇ ਵਿਅਕਤੀ ਨੂੰ ਬੰਦ ਰੱਖਣਾ ਉਸ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੈ। ਜੱਜਾਂ ਨੇ ਇਹ ਵੀ ਕਿਹਾ ਕਿ ਜਦੋਂ ਬਹੁਤੀ ਪੜਤਾਲ ਪੂਰੀ ਹੋ ਚੁੱਕੀ ਹੈ ਅਤੇ ਉਸ ਵਿੱਚ ਕੁਝ ਵੀ ਮਹੱਤਵਪੂਰਨ ਹੱਥ ਨਹੀਂ ਲੱਗਿਆ। ਸੁਪਰੀਮ ਕੋਰਟ ਦੇ ਬੈਂਚ ਨੇ ਸਭ ਤੋਂ ਮਹੱਤਵਪੂਰਨ ਦਲੀਲ ਇਹ ਦਿੱਤੀ ਕਿ ਕਥਿਤ ਦੋਸ਼ੀ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਵਾਲਾ ਵਿਅਕਤੀ ਹੈ ਅਤੇ ਉਸ ਦੇ ਕਿਤੇ ਦੌੜ ਜਾਣ ਦੇ ਅਸਾਰ ਨਾਂਹ ਦੇ ਬਰਾਬਰ ਹਨ।




ਯਾਦ ਰਹੇ, ਆਮ ਆਦਮੀ ਪਾਰਟੀ ਦੇ ਦੋਨੋ ਆਗੂਆਂ 'ਤੇ ਦਿੱਲੀ ਦੀ ਸ਼ਰਾਬ ਨੀਤੀ ਵਿੱਚ ਕਥਿਤ ਰੂਪ ਵਿੱਚ 100 ਕਰੋੜ ਰੁਪਏ ਦਾ ਘਪਲਾ ਕੀਤੇ ਜਾਣ ਦੇ ਦੋਸ਼ ਹਨ। ਕੇਜਰੀਵਾਲ 'ਤੇ ਈ.ਡੀ. ਵਲੋਂ ਦੋਸ਼ ਲਾਇਆ ਗਿਆ ਹੈ ਕਿ ਉਪਰੋਕਤ ਮਾਮਲੇ ਵਿੱਚ ਮੁੱਖ ਮੰਤਰੀ ਮਾਸਟਰ ਮਾਈਂਡ ਹੈ। ਇੱਥੇ ਇਹ ਵੀ ਧਿਆਨ ਦੇਣਾ ਬਣਦਾ ਹੈ ਕਿ ਅਰਵਿੰਦ ਕੇਜਰੀਵਾਲ ਨੂੰ 12 ਜੁਲਾਈ ਨੂੰ ਸੁਪਰੀਮ ਕੋਰਟ ਨੇ ਇਸ ਅਧਾਰ 'ਤੇ ਜ਼ਮਾਨਤ ਦੇ ਦਿੱਤੀ ਸੀ ਕਿ ਉਨ੍ਹਾਂ ਨੂੰ ਹਿਰਾਸਤ ਵਿੱਚ 90 ਦਿਨ ਪੂਰੇ ਹੋ ਚੁੱਕੇ ਹਨ ਅਤੇ ਈ.ਡੀ. ਅਦਾਲਤ ਵਿੱਚ ਚਲਾਨ ਪੇਸ਼ ਨਹੀਂ ਕਰ ਸਕਿਆ, ਇਸ ਲਈ ਕੇਜਰੀਵਾਲ ਨੂੰ ਹੋਰ ਹਿਰਾਸਤ ਵਿੱਚ ਰੱਖਣਾ ਜਾਇਜ਼ ਨਹੀਂ ਹੋਵੇਗਾ; ਪਰ ਜ਼ਮਾਨਤ ਮਿਲਣ ਤੋਂ ਪਹਿਲਾਂ ਇਸੇ ਮਾਮਲੇ ਵਿੱਚ ਸੀ.ਬੀ.ਆਈ. ਨੇ ਵੀ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਕੇਜਰੀਵਾਲ ਹੁਣ ਸੀ.ਬੀ.ਆਈ. ਵਾਲੇ ਕੇਸ ਵਿੱਚ ਨਿਆਇਕ ਹਿਰਾਸਤ ਵਿੱਚ ਹਨ। ਇਸੇ ਕੇਸ ਵਿੱਚ ਜ਼ਮਾਨਤ ਦੀ ਮੰਗ ਕੀਤੀ ਗਈ ਹੈ। ਕੇਜਰੀਵਾਲ ਨੂੰ ਇਸ ਸਾਲ ਮਈ ਵਿੱਚ ਚੋਣ ਪ੍ਰਚਾਰ ਲਈ ਅਦਾਲਤ ਨੇ 21 ਦਿਨਾਂ ਲਈ ਅੰਤ੍ਰਿਮ ਜ਼ਮਾਨਤ ਦਿੱਤੀ ਸੀ। ਇਸ ਚੋਣ ਪ੍ਰਚਾਰ ਤੋਂ ਬਾਅਦ ਉਹ ਫਿਰ ਜੇਲ੍ਹ ਵਿੱਚ ਚਲੇ ਗਏ ਸਨ।

ਦਿੱਲੀ ਦੀ ਸ਼ਰਾਬ ਨੀਤੀ ਜਿਹੜੀ 2021-22 ਵਿੱਚ ਬਣਾਈ ਗਈ ਸੀ ਅਤੇ ਇਹ ਬਾਅਦ ਵਿੱਚ ਰੱਦ ਕਰ ਦਿੱਤੀ ਗਈ। ਵਿਰੋਧੀਆਂ ਵੱਲੋਂ ਇਹ ਸਵਾਲ ਉਠਾਏ ਜਾ ਰਹੇ ਹਨ ਕਿ ਜੇ ਇਸ ਨੀਤੀ ਵਿੱਚ ਕੋਈ ਵੀ ਗੜਬੜ ਨਹੀਂ ਸੀ ਤਾਂ ਇਸ ਨੂੰ ਰੱਦ ਕਿਉਂ ਕੀਤਾ ਗਿਆ? ਦਿੱਲੀ ਦੇ ਲੈਫਟੀਨੈਂਟ ਗਵਰਨਰ ਦੀ ਸਿਫਾਰਸ਼ 'ਤੇ ਸੀ.ਬੀ.ਆਈ. ਨੇ ਕੇਜਰੀਵਾਲ ਖਿਲਾਫ 26 ਜੂਨ ਨੂੰ ਮੁਕੱਦਮਾ ਦਾਇਰ ਕਰਕੇ ਪੜਤਾਲ ਆਰੰਭੀ ਸੀ। ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਦੇ ਆਸਾਰ ਸਨ। ਜੇ ਇਹ ਜ਼ਮਾਨਤ ਮਿਲ ਜਾਂਦੀ ਅਤੇ ਅਰਵਿੰਦ ਕੇਜਰੀਵਾਲ ਜੇਲ੍ਹ ਤੋਂ ਬਾਹਰ ਆ ਜਾਂਦੇ ਹਨ ਤਾਂ ਇਹ ਆਮ ਆਦਮੀ ਪਾਰਟੀ ਲਈ ਇੱਕ ਰਾਹਤ ਵਾਲੀ ਘਟਨਾ ਹੋਣੀ ਸੀ। ਪਹਿਲਾਂ ਸੰਜੇ ਸਿੰਘ ਅਤੇ ਫਿਰ ਮਨੀਸ਼ ਸਿਸੋਦੀਆ ਦੀ ਰਿਹਾਈ ਨੇ ਵੀ ਪਾਰਟੀ ਨੂੰ ਵੱਡਾ ਹੁਲਾਰਾ ਦਿੱਤਾ ਹੈ; ਪਰ ਕੇਜਰੀਵਾਲ ਮਾਮਲੇ 'ਤੇ ਅਗਲੀ ਸੁਣਵਾਈ 23 ਅਗਸਤ ਨੂੰ ਤੈਅ ਕੀਤੀ ਗਈ ਹੈ।

ਇਹ ਨੋਟ ਕਰਨ ਵਾਲਾ ਤੱਥ ਹੈ ਕਿ ਮਨੀਸ਼ ਸਿਸੋਦੀਆ ਨੇ ਜੇਲ੍ਹ ਤੋਂ ਬਾਹਰ ਪੈਰ ਧਰਦਿਆਂ ਹੀ ਭਾਰਤੀ ਸਵਿੰਧਾਨ ਅਤੇ ਡਾ. ਬੀ.ਆਰ. ਅੰਬੇਦਕਰ ਦੇ ਸੋਹਲੇ ਗਾਏ ਹਨ। ਇਸ ਤੋਂ ਲਗਦਾ ਹੈ ਕਿ ਆਮ ਆਦਮੀ ਵੀ ਕਾਂਗਰਸ ਪਾਰਟੀ ਵਾਂਗ 'ਸਵਿੰਧਾਨ ਬਚਾਉ' ਦੇ ਨਾਹਰੇ ਦੀ ਕਾਇਲ ਹੋ ਗਈ ਹੈ। ਮਨੀਸ਼ ਸਿਸੋਦੀਆ ਨੇ ਜੇਲ੍ਹ ਤੋਂ ਬਾਹਰ ਆਣ ਕੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਗੱਠਜੋੜ ਨੂੰ ਲੋਕ ਸਭਾ ਚੋਣਾਂ ਵਿੱਚ ਚੰਗਾ ਹੁੰਘਾਰਾ ਮਿਲਿਆ ਹੈ। ਵੱਖ-ਵੱਖ ਰਾਜਾਂ ਦੀਆਂ ਚੋਣਾਂ ਵਿੱਚ ਅਤੇ ਅਗਲੀਆਂ ਲੋਕ ਸਭਾ ਚੋਣਾਂ ਤੱਕ ਇਹ ਗੱਠਜੋੜ ਮਜਬੂਤ ਹੋ ਸਕਦਾ ਹੈ। 'ਇੰਡੀਆ' ਗੱਠਜੋੜ ਦੀਆਂ ਸਾਰੀਆਂ ਪਾਰਟੀਆਂ ਹੀ 'ਸੰਵਿਧਾਨ ਬਚਾਉ' ਦੇ ਨਾਹਰੇ 'ਤੇ ਜ਼ਿਆਦਾ ਪੀਢੀ ਤਰ੍ਹਾਂ ਇੱਕ ਦੂਜੇ ਨਾਲ ਜੁੜ ਸਕਦੀਆਂ ਹਨ। ਇਹ ਨਾਹਰਾ ਅਸਲ ਵਿੱਚ ਸੰਵਿਧਾਨ ਨਾਲ ਭਵੁਕ ਰੂਪ ਵਿੱਚ ਜੁੜੀ ਹੋਈ ਦਲਿਤ ਚੇਤਨਾ ਨੂੰ ਆਪਣੇ ਪੱਖ ਵਿੱਚ ਪ੍ਰਭਾਵਿਤ ਕਰਨ ਦਾ ਯਤਨ ਹੈ। ਬੀ.ਐਸ.ਪੀ. ਦੀ ਕਮਜ਼ੋਰੀ ਵਾਲੀ ਹਾਲਤ ਵਿੱਚ ਕਾਂਗਰਸ ਅਤੇ 'ਆਪ' ਸਮੇਤ ਤਕਰੀਬਨ ਸਾਰੀਆਂ ਪਾਰਟੀਆਂ ਕੋਲ ਹੀ ਦਲਿਤ ਵਰਗ ਦਾ ਵਿਸ਼ਵਾਸ ਜਿੱਤਣ ਦੇ ਮੌਕੇ ਹਨ।

ਇੱਕ ਅੰਗਰੇਜ਼ੀ ਅਖਬਾਰ ਨਾਲ ਆਪਣੀ ਇੰਟਰਵਿਊ ਵਿੱਚ ਮਨੀਸ਼ ਸਿਸੋਦੀਆ ਨੇ ਕਿਹਾ, 'ਦੋ ਵਿਚਾਰਧਾਰਾਵਾਂ ਦੇਸ਼ ਵਿੱਚ ਜੜ੍ਹਾਂ ਫੜ ਗਈਆਂ ਹਨ, ਪਹਿਲੀ ਸੰਵਿਧਾਨ ਨੂੰ ਰੱਦ ਕਰਨ, ਕਾਨੂੰਨ ਦੀ ਦੁਰਵਰਤੋਂ ਕਰਨ ਅਤੇ ਜਮਹੂਰੀਅਤ ਨੂੰ ਖਤਮ ਕਰਨ ਦੇ ਏਜੰਡੇ ਵਾਲੀ ਵਿਚਾਰਧਾਰਾ ਹੈ। ਦੂਜੀ, ਸੰਵਿਧਾਨ ਅਤੇ ਜਮਹੂਰੀਅਤ ਦੇ ਬਚਾਅ ਵਾਲੀ ਵਿਚਾਰਧਾਰਾ ਹੈ। ਮੇਰੀ ਅਪੀਲ ਇਹ ਹੈ ਕਿ ਜਦੋਂ ਦੇਸ਼ ਵਿੱਚ ਕਿਧਰੇ ਵੀ ਸੰਵਿਧਾਨ ਦੀ ਉਲੰਘਣਾ ਹੁੰਦੀ ਹੈ, ਸਾਰੀਆਂ ਵਿਰੋਧੀ ਪਾਰਟੀਆਂ ਇਕਮੁੱਠ ਹੋ ਕੇ ਇਸ ਦੇ ਖਿਲਾਫ ਖੜੀਆਂ ਹੋਣ।' ਆਪਣੀ ਇਸ ਇੰਟਰਵਿਊ ਵਿੱਚ ਉਨ੍ਹਾਂ ਹੋਰ ਕਿਹਾ ਕਿ ਜਦੋਂ ਹੇਮੰਤ ਸੋਰੇਨ ਅਤੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਸਾਰੀ ਵਿਰੋਧੀ ਧਿਰ ਨੇ ਇੱਕਮੁੱਠ ਹੋ ਕੇ ਵਿਰੋਧ ਕੀਤਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਮਜਬੂਤ ਹੋ ਕੇ ਨਿਕਲੀ ਹੈ।

ਆਪਣੇ ਵੱਡੇ ਆਗੂਆਂ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਭਾਜਪਾ ਆਮ ਆਦਮੀ ਪਾਰਟੀ ਨੂੰ ਖਿਡਾਉਣ ਜਾਂ ਇਸ ਦਾ ਕਾਡਰ/ਲੀਡਰ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਨਹੀਂ ਹੋ ਸਕੀ। ਜੇ ਕੇਜਰੀਵਾਲ ਦੀ ਰਿਹਾਈ ਵੀ ਹੋ ਜਾਂਦੀ ਹੈ ਤਾਂ ਆਮ ਆਦਮੀ ਪਾਰਟੀ ਦੀ ਇੱਕ ਸੰਗਠਨ ਵਜੋਂ ਸਿਹਤ ਲਈ ਇਹ ਬੇਹੱਦ ਅਹਿਮ ਹੋਵੇਗੀ।

DJ RJB Entertainment Inc.
One of Chicagoland's leading Mobile DJ Companies.

We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!

Our company is located in Naperville, IL, but we travel nationwide.

We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Social: Instagram
Facebook
Youtube: djrjbmusic
Website: djrjbmusic.com
Ph: 630-770-0007

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...



-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)

| | |
|---|---|
| ਉਲੰਪਿਕ: | ਕੁੰਢੀਆਂ ਦੇ ਸਿੰਗ ਫਸ ਗਏ, ਕੋਈ ਨਿੱਤਰੂ ਵੜੇਵੇਂ ਖਾਣੀ |
| ਮਨੂ ਭਾਕਰ: | ਧਰਤੀ ਨੂੰ ਕਲੀ ਕਰਾਦੇ, ਨੱਚੂੰਗੀ ਸਾਰੀ ਰਾਤ |
| ਵਿਨੇਸ਼ ਫੋਗਾਟ: | ਬੀਜੀ ਕਣਕ 'ਤੇ ਉੱਗ ਕਰੁੰਡ ਪੈਂਦਾ, ਭਾਵੇਂ ਖਾਸ ਨਿਆਈਂ ਦੀ ਵੰਡ ਹੋਵੇ |
| ਕਿਸਾਨ ਮੋਰਚਾ: | ਖੱਟੀ ਲੱਸੀ ਦੀ ਸੁਲ੍ਹਾ ਨਾ ਮਾਰੀ, ਬਾਪੂ ਤੇਰੇ ਕੁੜਮਾਂ ਨੇ |
| ਤੀਆਂ: | ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ, ਲੰਘ ਗਈ ਤੂੰ ਪੈਰ ਦੱਬ ਕੇ |
| ਸੁਖਬੀਰ ਬਾਦਲ: | ਲੌਂਗ ਤੇਰੀਆਂ ਮੁੱਛਾਂ 'ਚੋਂ ਲੱਭਿਆ, ਤਿੰਨ ਦਿਨ ਟੋਲਦੀ ਰਹੀ |
| ਰਾਹੁਲ ਗਾਂਧੀ: | ਚੁੱਕ ਲਿਆ ਮੋਰ ਬਣ ਕੇ, ਮੇਰੀ ਡਿੱਗ ਪਈ ਚਰ੍ਹੀ ਦੇ ਵਿੱਚ ਗਾਨੀ |
| ਈ.ਡੀ.: | ਮੇਰੀ ਗੁੱਤ ਦੇ ਸਰ੍ਹਾਣੇ ਠਾਣਾ, ਕੈਦ ਕਰਾਦੂੰਗੀ |
| ਭਾਜਪਾ: | ਜਿਹਾ ਵੇਖਿਆ ਜਰਗ ਦਾ ਮੇਲਾ, ਤਿਹੀ ਤੇਰੀ ਗੁੱਤ ਵੇਖ ਲੀ |
| ਨਿਤੀਸ਼ ਕੁਮਾਰ: | ਕਾਲੇ ਕੋਲ ਮੰਜਾ ਨੀ ਡਾਹੁਣਾ, ਲਿਸ਼ਕੇ ਤਾਂ ਪੈਜੂ ਬਿਜਲੀ |
| ਬਿੱਟੂ ਮੰਤਰੀ: | ਜੇਠ ਲਿਆਇਆ ਨੀ, ਦਿੱਲੀਓਂ ਸੁਰਮੇਦਾਨੀ |
| ਪੱਛਮੀ ਪੰਜਾਬ: | ਅਸੀਂ ਰਾਵੀ 'ਤੇ ਘਰ ਪਾਈਏ, ਜੇ ਕੋਈ ਆਵੇ ਸਾਡੇ ਦੇਸ ਦਾ |
| ਬਾਬਾ ਸੀਚੇਵਾਲ: | ਫੱਕਰਾਂ ਦੀ ਗੜਵੀ ਦਾ, ਸ਼ਰਬਤ ਵਰਗਾ ਪਾਣੀ |
| ਸੋਨੀਆ ਗਾਂਧੀ: | ਸਹੁਰਿਆਂ ਦਾ ਪਿੰਡ ਆ ਗਿਆ, ਘੁੰਡ ਕੱਢ ਲੈ ਪਤਲੀਏ ਨਾਰੇ |
| ਪਰਵਾਸ: | ਮੈਂ ਛੱਡ ਪੂਣੀ ਗਲ ਲੱਗਦੀ, ਵਰ੍ਹਿਆਂ ਦੇ ਵੀਰ ਵਿਛੜੇ |
| ਪ੍ਰਿਅੰਕਾ ਗਾਂਧੀ: | ਸਾਗ ਨੂੰ ਕੁਵੇਲੇ ਚੱਲੀ ਏਂ, ਕੋਈ ਪੱਟੇਂਗੀ ਸਰ੍ਹੋਂ ਦਾ ਰਾਖਾ |
| ਕੰਗਨਾ ਰਣੌਤ: | ਚੁੱਕੀ ਹੋਈ ਲੰਬੜਾਂ ਦੀ, ਥਾਣੇਦਾਰ ਦੇ ਬਰਾਬਰ ਬੋਲੇ |
| ਸ੍ਰੀਜੇਸ਼: | ਤੈਨੂੰ ਵੀਰਾ ਦੁੱਧ ਦਾ ਛੰਨਾਂ, ਤੇਰੇ ਬੋਤੇ ਨੂੰ ਗਵਾਰੇ ਦੀਆਂ ਫਲੀਆਂ |

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ


# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ

ਸੁਖਪਾਲ ਸਿੰਘ ਗਿੱਲ
ਫੋਨ: +91-9878111445

ਪਿਛਲੇ ਸਮੇਂ ਤੋਂ ਮਨੁੱਖ ਦੀ ਮਾਨਸਿਕਤਾ ਨੂੰ ਝੂਠ ਦੇ ਗਲਬੇ ਨੇ ਆਪਣੀ ਬੁੱਕਲ ਵਿੱਚ ਰੱਖਿਆ ਹੋਇਆ ਹੈ। ਇਸ ਨਾਲ ਸਮਾਜਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਸੋਸ਼ਲ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਆਮ ਤੌਰ 'ਤੇ ਬੇਲਗਾਮ ਹੋ ਕੇ ਮਨਘੜ੍ਹਤ ਸਹਾਰੇ ਚੱਲਦਾ ਹੈ। ਸੱਚ ਝੂਠ ਨੂੰ ਨਿਖਾਰਨ ਲਈ ਸਮਾਂ ਲੱਗਦਾ ਹੈ, ਇੰਨੇ ਨੂੰ ਮੁੱਦਾ ਬੇਹਾ ਹੋ ਜਾਂਦਾ ਹੈ ਤੇ ਨਵੀਂ ਗੱਲ ਮਾਰਕੀਟ ਵਿੱਚ ਆ ਜਾਂਦੀ ਹੈ। ਸਹੀ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਝੂਠ ਨੂੰ ਵਾਰ ਵਾਰ ਪ੍ਰਚਾਰਨ ਨਾਲ ਸੱਚ ਹੀ ਲੱਗਦਾ ਹੈ। ਫੈਸਲਾ ਲੈਣ ਸਮੇਂ ਤਾਂ ਮਨੁੱਖੀ ਸੋਚ ਹਨੇਰੀ ਵਿੱਚ ਭਟਕਦੇ ਪੰਛੀ ਵਰਗੀ ਹੋ ਜਾਂਦੀ ਹੈ। ਦਾਰਸ਼ਨਿਕ, ਬੁੱਧੀਜੀਵੀ ਅਤੇ ਸਵੈ-ਵਿਸ਼ਵਾਸ ਵਾਲੇ ਹੀ ਕਿਸੇ ਗੱਲ ਦਾ ਅਖੀਰ ਟੋਹ ਲੈਂਦੇ ਹਨ। ਝੂਠ ਨੂੰ ਝੂਠ ਅਤੇ ਸੱਚ ਨੂੰ ਸੱਚ ਕਹਿਣਾ ਦੁਨੀਆਂ ਦਾ ਵੱਡਾ ਕੰਮ ਹੈ। ਸੱਚ ਅਤੇ ਅਚਾਰ ਨੂੰ ਤਰਾਸ਼ ਕਰਨ ਵਾਲੀਆਂ ਕਲਮਾਂ ਅਤੇ ਆਵਾਜ਼ਾਂ ਕਰਕੇ ਹੀ ਗੇਂਦ ਗੋਲਾਂ ਵਿੱਚ ਆ ਜਾਂਦੀ ਹੈ। ਮਹਾਂਰਿਸ਼ੀ ਬਾਲਮੀਕ ਜੀ ਨੇ ਕਿਹਾ ਸੀ, "ਸੱਚ ਸਾਰੇ ਪੁੰਨਾਂ ਅਤੇ ਸਦਗੁਣਾਂ ਦੀ ਜੜ੍ਹ ਹੈ।"

ਹੁਣ ਤਾਜ਼ਾ ਸਾਡੀ ਧੀ ਵਿਨੇਸ਼ ਫੋਗਾਟ ਵਾਲਾ ਵਰਤਾਰਾ ਵੀ ਇਸੇ ਲੜੀ ਦਾ ਹਿੱਸਾ ਹੈ। ਬਹੁਤ ਚਰਚਾਵਾਂ ਅਤੇ ਤੋਹਮਤਾਂ ਭਾਰੂ ਹੋਈਆਂ। ਕੁਝ ਨੇ ਸਹੀ ਤਸਵੀਰ ਪੇਸ਼ ਕਰਨ ਦੀ ਬਜਾਏ ਸਿਆਸੀ ਰਲਗੱਡਤਾ ਅਤੇ ਹੰਕਾਰ ਨੂੰ ਭਾਰੂ ਹੋਣ ਦਾ ਮੌਕਾ ਦਿੱਤਾ। ਚੰਗਾ ਹੋਵੇ ਮੁੱਦਿਆਂ 'ਤੇ ਆਧਾਰਿਤ ਸੱਚ ਪੇਸ਼ ਕਰਨ ਲਈ ਸਖ਼ਤ ਨਿਯਮਾਂਵਲੀ ਬਣੇ। ਮਨਘੜ੍ਹਤ ਕਹਾਣੀਆਂ 'ਤੇ ਲਗਾਮ ਲੱਗੇ। ਵਿਨੇਸ਼ ਫੋਗਾਟ ਨੂੰ ਇਸ ਯੁੱਗ ਦੀ ਸ਼ਾਬਾਸ਼ ਹੈ ਕਿ ਉਹ ਮੈਦਾਨ ਦੇ ਅੰਦਰ ਅਤੇ ਬਾਹਰ ਪੂਰੀ ਤਰ੍ਹਾਂ ਉਤਸ਼ਾਹ ਤੇ ਹੌਸਲੇ ਨਾਲ ਲੜੀ। ਦੋਵੇਂ ਮੋਰਚਿਆਂ 'ਤੇ ਲੜਾਈ ਲੜ ਕੇ ਔਰਤ ਜਾਤ ਨੂੰ ਸੁਨੇਹਾ ਦਿੱਤਾ ਕਿ ਉਹ ਜਜ਼ਬਾਤੀ ਰੌਂਅ ਵਿੱਚ ਵੀ ਪੰਘਰ ਕੇ ਆਪਣੀ ਅੰਦਰੂਨੀ ਦ੍ਰਿਸ਼ਟੀ ਨਾਲ ਸਭ ਕੁਝ ਕਰ ਸਕਦੀ ਹੈ; ਪਰ ਸੌ ਗ੍ਰਾਮ ਤੋਂ ਹਾਰ ਕੇ ਉਸ ਨੇ ਕਿਹਾ, "ਮਾਂ ਕੁਸ਼ਤੀ ਜਿੱਤੀ ਮੈਂ ਹਾਰ ਗਈ, ਅਲਵਿਦਾ ਕੁਸ਼ਤੀ।" ਲੋਕਾਂ ਦੇ ਦਿਲਾਂ 'ਚ ਘਰ ਕਰਕੇ ਇਸ ਧੀ ਨੇ ਸੰਸਾਰ ਪੱਧਰ 'ਤੇ ਇੱਕ ਨਵੀਂ ਸ਼ੁਰੂਆਤ ਕੀਤੀ। ਵਿਨੇਸ਼ ਫੋਗਾਟ ਸਿਆਸੀ ਚਿੱਕੜ ਵਿੱਚ ਉਗਿਆ ਕਮਲ ਦਾ ਫੁੱਲ ਸਾਬਿਤ ਹੋਈ। ਭਾਰਤ ਦੀ ਇੱਕ ਅਰਬ ਚਾਲੀ ਕਰੋੜ ਅਬਾਦੀ ਵਿੱਚ ਵਿਨੇਸ਼ ਫੋਗਾਟ ਨੇ ਨਵਾਂ ਅਧਿਆਏ ਅਰੰਭ ਦਿੱਤਾ ਹੈ।

ਸੱਚ ਹੈ ਕਿ ਵਿਨੇਸ਼ ਫੋਗਾਟ ਨੇ ਇੱਕ ਦਿਨ ਵਿੱਚ ਤਿੰਨ ਮੁਕਾਬਲੇ ਜਿੱਤੇ। ਮਾਅਰਕੇ ਵਾਲੀ ਗੱਲ ਇਹ ਹੈ ਕਿ ਚੈਂਪੀਅਨ ਯੂਈ ਸੂਸਾਕੀ ਨੂੰ ਵੀ ਚਿੱਤ ਕਰ ਦਿੱਤਾ। ਵਜ਼ਨ ਲਈ ਭੁੱਖ ਨਾਲ ਵੀ ਲੜੀ। ਭਾਰ ਘਟਾਉਣ ਅਤੇ ਨਿਯਮਤ ਕਰਨ ਲਈ ਵੀ ਕੋਸ਼ਿਸ਼ਾਂ ਕਰਦੀ ਰਹੀ। ਜਦੋਂ ਉਸਨੂੰ ਅਯੋਗ ਘੋਸ਼ਿਤ ਕੀਤਾ ਤਾਂ ਚਰਚਾਵਾਂ ਵਿੱਚੋਂ ਸੱਚ ਦੱਸਣ ਲਈ ਸਭ ਪਾਸੇ ਆਪਣੀ ਆਪਣੀ ਸੋਚ ਖਿਲਾਰੀ ਗਈ। ਇਸ ਨਾਲ



ਵਿਨੇਸ਼ ਫੋਗਾਟ

ਸ਼ੱਕ ਪੈਦਾ ਹੋਣੇ ਸੁਭਾਵਿਕ ਹੈ। ਕੋਈ ਸਾਜ਼ਿਸ਼, ਕੋਈ ਸਟਾਫ ਨੂੰ, ਕੋਈ ਵਾਲ ਕੱਟਣ ਨੂੰ ਅਤੇ ਕੋਈ ਦਿੱਲੀ ਦੇ ਘੋਲ ਨੂੰ ਬਿਨਾ ਘੋਖਿਆਂ ਹੀ ਉਭਾਰਨ ਲੱਗਿਆ। ਇਹ ਸਭ ਵਿਨੇਸ਼ ਫੋਗਾਟ ਪ੍ਰਤੀ ਹਮਦਰਦੀ ਕਰਕੇ ਹੋਇਆ। ਲਿੰਗ ਅਨੁਪਾਤ ਵਾਲੇ ਹਰਿਆਣਾ ਸੂਬੇ ਦੀ ਧੀ ਕਿੱਥੇ ਪੁੱਜੀ, ਇਹ ਵੀ ਸੋਚਣ ਅਤੇ ਸ਼ਾਬਾਸ਼ ਦੇ ਪੰਨੇ ਹਨ। ਇਹ ਨੌਬਤ ਆਉਣ ਤੋਂ ਪਹਿਲਾਂ ਕੋਈ ਸਪੱਸ਼ਟ ਨਿਯਮ ਹੋਣੇ ਚਾਹੀਦੇ ਹਨ। ਸੰਵੇਦਨਸ਼ੀਲ ਮੁੱਦੇ ਤੁਰੰਤ ਪ੍ਰਭਾਵ ਨਾਲ ਤਹਿ ਤੱਕ ਘੋਖ ਕੇ ਬੁਲੇਟਿਨ ਜਾਰੀ ਕਰਨ ਲਈ ਨੀਤੀ ਘੜੀ ਜਾਵੇ। ਇਸ ਨਾਲ ਸੱਚ ਅਤੇ ਆਚਾਰੀ ਸੰਕੇਤ ਮਿਲਣਗੇ।

ਅੰਤਰ-ਰਾਸ਼ਟਰੀ ਕੁਸ਼ਤੀ ਦੇ ਨਿਯਮ ਹਨ ਕਿ ਅਧਿਕਾਰਤ ਤੌਰ 'ਤੇ ਪਹਿਲੀ ਵਾਰ ਕੀਤੇ ਵਜ਼ਨ ਅਨੁਸਾਰ ਹੀ ਖੇਡਣ ਦੀ ਇਜਾਜ਼ਤ ਹੈ। ਮੈਡੀਕਲ ਜਾਂਚ ਵੀ ਹੁੰਦੀ ਹੈ। ਫਾਈਨਲ ਪ੍ਰਵੇਸ਼ ਵਿੱਚ ਖਿਡਾਰੀ ਨੂੰ ਭਾਰ ਤੋਲਣ ਦੀ ਪ੍ਰਕਿਰਿਆ ਵਿੱਚੋਂ ਫਿਰ ਤੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਨਿਯਮਾਂ ਨਾਲ ਸਮਝੌਤਾ ਕੀਤੇ ਬਿਨਾ ਸਭ ਪਾਬੰਦ ਹੁੰਦੇ ਹਨ। ਫਾਈਨਲ ਵਿੱਚ ਭਾਰ ਵਧਣ ਵਾਲਾ ਬਾਹਰ ਹੋ ਜਾਂਦਾ ਹੈ। ਤਗਮਾ ਸਹੀ ਭਾਰ ਵਾਲੇ ਨੂੰ ਮਿਲ ਜਾਂਦਾ ਹੈ। ਇੱਥੇ ਵਰਣਨ ਯੋਗ ਹੈ ਕਿ 2016 ਵਿੱਚ ਵੀ ਵਿਨੇਸ਼ ਫੋਗਾਟ ਨੂੰ 48 ਕਿੱਲੋਗਰਾਮ ਵਰਗ ਵਿੱਚ ਭਾਰ ਘਟਾਉਣਾ ਪਿਆ ਸੀ। ਟੋਕੀਓ ਵਿੱਚ 53 ਕਿੱਲੋ ਵਰਗ ਵਿੱਚ ਵਿਨੇਸ਼ ਫੋਗਾਟ ਖੇਡੀ ਸੀ। 2022 ਵਿੱਚ ਰਾਸ਼ਟਰਮੰਡਲ ਖੇਡਾਂ ਵਿੱਚ 52 ਕਿੱਲੋ 'ਚ ਸੋਨ ਕੁੜੀ ਬਣੀ ਸੀ। ਹੁਣ ਵੀ ਭਾਰ ਘਟਾਉਣ ਲਈ ਕੋਸ਼ਿਸ਼ ਹੋਈ, ਘਟਣ ਦੇ ਬਾਵਜੂਦ ਸੌ ਗ੍ਰਾਮ ਨੇ ਕਾਂਟਾ ਬਦਲ ਦਿੱਤਾ। ਇਸ ਦਾ ਦੁੱਖ ਫੋਗਾਟ ਦੇ ਸਿਰ ਅਤੇ ਭਾਰਤੀਆਂ ਦੇ ਮੋਢੇ ਉਤੇ ਰਹੇਗਾ; ਪਰ ਖਿਡਾਰੀ ਦੀ ਸੋਚ ਤੇ ਸ਼ਖ਼ਸੀਅਤ ਕਰਕੇ ਭਾਰ ਮੁਕਤ ਵੀ ਹੋਇਆ ਜਾ ਸਕਦਾ ਹੈ।

ਇਸ ਖੇਡ ਵਿੱਚ ਭਾਰ ਘਟਾਉਣਾ ਆਮ ਵਰਤਾਰਾ ਹੈ। ਇਸ ਧੀ ਨੇ ਹੁਣ ਵੀ ਭਾਰ ਘਟਾ ਕੇ ਭਾਰਤ ਦੇਸ਼ ਨੂੰ ਮਾਣ ਦੁਆਇਆ ਹੈ। ਸਰਜਨ ਦਿਕਸ਼ਾ ਪਦਾਰੀਵਾਲਾ ਨੇ ਦੱਸਿਆ ਵੀ ਹੈ ਕਿ ਇਕਦਮ ਤਿੰਨ ਮੈਚ ਖੇਡਣ ਕਰਕੇ ਊਰਜਾ ਦੀ ਖਪਤ ਕਰਕੇ ਭੁੱਖ ਨਾਲ ਖਾਣਾ, ਖਾਣ ਲਈ ਮਜਬੂਰ ਹੋਣਾ ਪਿਆ। ਨੀਂਦ ਅਤੇ ਰੱਸੀ ਟੱਪਣਾ ਵਰਗੀਆਂ ਪ੍ਰਕਿਰਿਆ ਵਿੱਚੋਂ ਵਿਨੇਸ਼ ਫੋਗਾਟ ਗੁਜ਼ਰੀ। ਭਾਰ ਘਟਿਆ ਵੀ ਹੈ। ਸਾਡੀ ਟੀਮ ਵਿੱਚ 13 ਮਾਹਰ ਡਾਕਟਰ, ਪੋਸ਼ਣ ਅਤੇ ਮਾਨਸਿਕਤਾ ਸੰਬੰਧੀ ਸਨ, ਪਰ ਫਿਰ ਵੀ ਨੌਬਤ ਆਉਣ ਨਾਲ ਸ਼ੰਕਾ ਨਿਵਿਰਤੀ ਨਹੀਂ ਹੋ ਸਕਦੀ।

ਗੁਰਬਾਣੀ ਦੇ ਪਵਿੱਤਰ ਸਿਰਲੇਖ ਅਧੀਨ ਸੱਚ ਉਪਰ ਹੁੰਦਾ ਹੈ, ਇਸ ਤੋਂ ਵੀ ਉਪਰ ਸੱਚ ਆਚਾਰੀ ਹੁੰਦਾ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਸੱਚ ਇੱਕ ਦੁਆਈ ਬਣੇ। ਇਸ ਨਾਲ ਭੰਬਲਭੂਸੇ ਦੀ ਥਾਂ ਮੁੱਦਾ ਮੰਨਣ ਯੋਗ ਹੋਵੇਗਾ, ਜਾਗਰੂਕਤਾ ਵਾਲਿਆਂ ਨੂੰ ਸਹੀ ਤਸਵੀਰ ਲੱਭ ਪਵੇਗੀ। 2001-2024 ਤੱਕ ਦੇ ਕੁਸ਼ਤੀ ਸਫ਼ਰ ਦੌਰਾਨ ਇਸ ਧੀ ਧਿਆਣੀ ਨੇ ਅਨੇਕਾਂ ਤਰ੍ਹਾਂ ਦੇ ਤਜ਼ਰਬਿਆਂ ਰਾਹੀਂ ਔਰਤ ਨੂੰ ਨਵੀਂ ਦਿਸ਼ਾ ਦਾ ਪੰਨਾ ਲਿਖ ਕੇ ਅੱਗੇ ਤੁਰਨ ਲਈ ਮਹੌਲ ਸਿਰਜਿਆ। ਇਸੇ ਲਈ ਇਹ ਹਮਦਰਦੀ, ਤਾਰੀਫ਼ ਅਤੇ ਸ਼ਾਬਾਸ਼ ਦੀ ਪਾਤਰ ਹੈ। ਇਹ ਵਿਚਾਰੀ ਤਾਂ ਉਥੇ ਪੁੱਜੀ, ਜਿੱਥੇ ਇਸ ਖੇਤਰ ਵਿੱਚ ਕੋਈ ਨਾਰੀ ਨਹੀਂ ਪੁੱਜ ਸਕੀ। ਸੱਚ ਉਜਾਗਰ ਕਰਨ ਵਿੱਚ ਕਿੱਥੇ ਕੁਤਾਹੀ ਹੋਈ? ਅਯੋਗ ਕਿਉਂ ਹੋਈ? ਸਾਜ਼ਿਸ਼ ਦਾ ਝੂਠ-ਸੱਚ ਕੀ ਹੈ? ਇਸ ਨੂੰ ਜਾਂਚ ਅਧੀਨ ਕਰਕੇ ਭਵਿੱਖੀ ਅਸਰ ਵਾਲੇ ਸਬਕ ਸਿੱਖਣੇ ਚਾਹੀਦੇ ਹਨ। ਸੱਚ-ਝੂਠ ਦਾ ਨਿਤਾਰਾ ਕਰਨ ਲਈ ਸਮੇਂ ਦੀ ਹਾਣੀ ਸਖ਼ਤ ਨਿਯਮਾਂਵਲੀ ਬਣਨੀ ਚਾਹੀਦੀ ਹੈ। ਨਿਰਾਪੁਰਾ ਮੁੱਦੇ ਨੂੰ ਬਿਨਾ ਵਿਚਾਰੇ ਪ੍ਰਚਾਰ ਕਰਨ ਨਾਲੋਂ ਸੱਚ ਤਰਾਸ਼ ਕੇ ਉਸ ਨੂੰ ਪੇਸ਼ ਕੀਤਾ ਜਾਵੇ। ਇਸ ਨਾਲ ਸਭ ਸਮੱਸਿਆਵਾਂ ਦਾ ਅੰਤ ਹੋ ਜਾਵੇਗਾ। ਵਿਨੇਸ਼ ਫੋਗਾਟ ਵਰਗੀਆਂ ਧੀਆਂ ਹੋਰ ਮਾਣ ਮਹਿਸੂਸ ਕਰਨਗੀਆਂ।

## ਪੰਜਾਬ ਵਿੱਚ ਹਾਈਵੇਅ ਪ੍ਰੋਜੈਕਟਾਂ ਦੀ ਭਸੂੜੀ

ਸਫਾ ਇੱਕ ਦੀ ਬਾਕੀ...

ਪਿੰਡਾਂ ਵਿੱਚ ਵੱਸਦੇ ਲੋਕਾਂ ਨੂੰ ਪੈਣੀ ਹੈ। ਜਿਵੇਂ ਕੇਰਲਾ ਦੇ ਵਾਇਨਾਡ ਵਿੱਚ ਵਾਪਰਿਆ। ਖਣਨ ਕਰਨ ਵਾਲੇ ਅਮੀਰ ਠੇਕੇਦਾਰ ਵੱਡੇ ਸ਼ਹਿਰਾਂ ਵਿੱਚ ਕੋਠੀਆਂ ਪਾ ਕੇ ਰਹਿੰਦੇ ਹਨ, ਪਰ ਕੁਦਰਤੀ ਵਹਾ ਵਿੱਚ ਅੜਿਕਿਆਂ ਕਾਰਨ ਜਦੋਂ ਹੜ੍ਹ ਆਉਂਦਾ ਹੈ ਤਾਂ ਇਸ ਦੀ ਮਾਰ ਸਥਾਨਕ ਲੋਕਾਂ ਨੂੰ ਭੁਗਤਣੀ ਪੈਂਦੀ ਹੈ। ਇਸ ਕਿਸਮ ਦੇ ਪ੍ਰੋਜੈਕਟ ਡਿਜ਼ਾਈਨ ਕਰਨ ਤੋਂ ਪਹਿਲਾਂ ਵਾਤਾਵਰਣ, ਕੁਦਰਤੀ ਅਨਕੂਲਤਾ ਅਤੇ ਸਥਾਨਕ ਲੋਕਾਂ ਦੇ ਹਿੱਤਾਂ ਦਾ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਇਹ ਦੋਸ਼ ਵੀ ਲਗਦਾ ਹੈ ਕਿ ਇਹ ਪ੍ਰੋਜੈਕਟ ਅਸਲ ਵਿੱਚ ਠੇਕੇਦਾਰਾਂ, ਸਿਆਸਤਦਾਨਾਂ ਅਤੇ ਵੱਡੀ ਅਫਸਰਸ਼ਾਹੀ ਵੱਲੋਂ ਅਰਬਾਂ ਰੁਪਏ ਹਜ਼ਮ ਕਰਨ ਲਈ ਉਲੀਕੇ ਜਾਂਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਕੱਢਣ ਦੀ ਕਾਹਲੀ ਇੰਨੀ ਹੁੰਦੀ ਹੈ ਕਿ ਜੇ ਕਿਤੇ ਰੋਕ ਪੈ ਜਾਂਦੀ ਤਾਂ ਅਖੌਤੀ ਸਿਆਸਤਾਂ ਤੜਫ ਜਾਂਦੀਆਂ ਹਨ।




# ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਜਰਨੈਲ ਸਨ

# ਸ. ਹਰਸਾ ਸਿੰਘ ਮਾਹਲ

ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਮਈ 2024 ਵਿੱਚ ਆਪਣੀ ਸ਼ਿਕਾਗੋ ਫੇਰੀ ਦੌਰਾਨ ਸੁਲਤਾਨਵਿੰਡ ਤੋਂ ਆਪਣੀ ਪੱਤੀ ਦੇ ਮਾਹਲ ਪਰਿਵਾਰ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਇਹ ਪਰਿਵਾਰ ਸਾਡੇ ਇਲਾਕੇ ਦਾ ਮਾਣ ਹੈ; ਕਿਉਂਕਿ ਇਸ ਪਰਿਵਾਰ ਦੇ ਵਡੇਰੇ ਸ. ਹਰਸਾ ਸਿੰਘ ਮਾਹਲ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਜਰਨੈਲ ਸਨ। ਸ. ਹਰਸਾ ਸਿੰਘ ਮਾਹਲ ਗਤਕੇ ਦੇ ਅਜਿਹੇ ਜਰਨੈਲ ਖਿਡਾਰੀ ਸਨ ਕਿ ਜੇ ਉਨ੍ਹਾਂ ਦੀ ਮੰਜੀ ਹੇਠਾਂ ਕਾਂ ਛੱਡ ਦਿਓ ਤਾਂ ਕਾਂ ਬਾਹਰ ਨਹੀਂ ਸੀ ਆ ਸਕਦਾ। ਇਨ੍ਹਾਂ ਦਾ ਪਰਿਵਾਰ ਕਿਲੇ ਵਾਲੇ ਸਰਦਾਰਾਂ ਕਰਕੇ ਜਾਣਿਆ ਜਾਂਦਾ ਹੈ ਅਤੇ ਤਕਰੀਬਨ ਅੱਧਾ ਪਿੰਡ ਇਸ ਕਿਲੇ ਦੀ ਹਦੂਦ ਵਿੱਚ ਵੱਸਿਆ ਹੋਇਆ ਹੈ। ਪਿੰਡ ਸੁਲਤਾਨਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਸ. ਹਰਸਾ ਸਿੰਘ ਮਾਹਲ ਸ਼ਿਕਾਗੋਲੈਂਡ ਵਿੱਚ ਰਹਿੰਦੇ ਸ. ਰਘਵਿੰਦਰ ਸਿੰਘ ਮਾਹਲ ਦੇ ਪੁਰਖਿਆਂ ਵਿੱਚੋਂ ਹਨ। ਸ. ਰਘਵਿੰਦਰ ਸਿੰਘ ਮਾਹਲ ਸਾਲ 2000 ਤੋਂ ਲੰਮਾ ਸਮਾਂ ਤੱਕ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਦੇ ਬੋਰਡ ਮੈਂਬਰ ਰਹੇ ਹਨ ਅਤੇ ਸਾਲ 2004 ਤੋਂ 2008 ਤੱਕ ਉਹ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਇਸ ਤੋਂ ਇਲਾਵਾ ਸ. ਰਘਵਿੰਦਰ ਸਿੰਘ ਮਾਹਲ ਸਾਲ 1996 ਤੋਂ 2000 ਤੱਕ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ.ਐਚ.ਓ.) ਸ਼ਿਕਾਗੋ ਦੇ ਬੋਰਡ ਮੈਂਬਰ ਅਤੇ ਇੱਕ ਸਾਲ ਪ੍ਰਧਾਨ ਵੀ ਰਹੇ।

ਸ. ਰਘਵਿੰਦਰ ਸਿੰਘ ਮਾਹਲ ਅਨੁਸਾਰ ਅਕਾਲ ਤਖਤ ਦੇ ਜਥੇਦਾਰ ਸਾਹਿਬ ਵੱਲੋਂ ਉਨ੍ਹਾਂ ਦੇ ਵੱਡੇ-ਵਡੇਰਿਆਂ ਨੂੰ ਯਾਦ ਕਰਨਾ ਮਾਹਲ ਪਰਿਵਾਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਸਾਡੇ ਪਰਿਵਾਰ ਨੂੰ ਫਖਰ ਹੈ ਕਿ ਅਸੀਂ ਸ. ਹਰਸਾ ਸਿੰਘ ਮਾਹਲ ਦੇ ਵੰਸ਼ ਵਿੱਚੋਂ ਹਾਂ, ਜੋ ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸੇਵਾ ਨਿਭਾਉਂਦੇ ਰਹੇ ਹਨ। ਜ਼ਿਕਰਯੋਗ ਹੈ ਕਿ ਜਥੇਦਾਰ ਸਾਹਿਬ ਨੇ ਕਿਹਾ ਸੀ ਕਿ ਜਦੋਂ ਅਸੀਂ ਛੋਟੇ ਸਾਂ ਤਾਂ ਪਰਿਵਾਰ ਵੱਲੋਂ ਸ. ਹਰਸਾ ਸਿੰਘ ਦੀ ਤਸਵੀਰ ਲੈ ਕੇ ਨਗਰ ਕੀਰਤਨ ਵਿੱਚ ਸ਼ਾਮਲ ਹੁੰਦੇ ਸਾਂ ਅਤੇ ਸੰਗਤ ਨੂੰ ਉਨ੍ਹਾਂ ਬਾਰੇ ਦੱਸਦੇ ਸਾਂ। ਜਥੇਦਾਰ ਸਾਹਿਬ ਨੇ ਸ. ਹਰਸਾ ਸਿੰਘ ਮਾਹਲ ਦੇ ਪਰਿਵਾਰ ਬਾਰੇ ਇਹ ਗੱਲ ਵੀ ਸਾਂਝੀ ਕੀਤੀ ਸੀ, "ਸਾਡੀ ਬੀਬੀ ਦੱਸਦੀ ਹੁੰਦੀ ਸੀ ਕਿ ਜਦੋਂ ਇਸ ਪਰਿਵਾਰ ਦੀਆਂ ਬੀਬੀਆਂ-ਮਾਈਆਂ ਕਿਲੇ ਵਿੱਚੋਂ ਬਾਹਰ ਆਉਂਦੀਆਂ ਸਨ ਤਾਂ ਕਿਲੇ ਦੀਆਂ ਦਾਸੀਆਂ ਗਲੀ ਵਿੱਚ ਦੋਨੋਂ ਪਾਸੇ ਫੁਲਕਾਰੀਆਂ ਲੈ ਕੇ ਖੜ੍ਹੀਆਂ ਹੁੰਦੀਆਂ ਸਨ।" ਸ. ਰਘਵਿੰਦਰ ਸਿੰਘ ਮਾਹਲ ਅਨੁਸਾਰ ਪਿੰਡ ਸੁਲਤਾਨਵਿੰਡ ਅਤੇ ਇਲਾਕੇ ਵਿੱਚ ਸਾਡੇ ਪੁਰਖਿਆਂ ਦੀ ਘਾਲ-ਕਮਾਈ ਕਰਕੇ ਮਾਹਲ ਪਰਿਵਾਰ ਦਾ ਸਤਿਕਾਰ ਬਣਿਆ ਰਿਹਾ ਹੈ।



ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਰਘਵਿੰਦਰ ਸਿੰਘ ਮਾਹਲ

Sponsored Space

# ਬ੍ਰਿਟੇਨ ਵਿੱਚ ਦੰਗਿਆਂ ਲਈ ਸੋਸ਼ਲ ਮੀਡੀਆ ਜ਼ਿੰਮੇਵਾਰ !

ਪੰਜਾਬੀ ਪਰਵਾਜ਼ ਬਿਊਰੋ

ਲੋਕ ਤੱਥਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ-ਆਪ ਸੋਸ਼ਲ ਮੀਡੀਆ ਉੱਤੇ ਕੁਝ ਵੀ ਛਾਪ ਦਿੰਦੇ ਹਨ। ਵਿਦੇਸ਼ੀ ਮੂਲ ਦੀਆਂ ਵੈਬਸਾਈਟਾਂ ਵੱਲੋਂ ਵੀ ਸਰਗਰਮੀ ਨਾਲ ਗਲਤ ਜਾਣਕਾਰੀ ਫੈਲਾਉਣ ਦੇ ਸਬੂਤ ਹਨ। ਯੂ.ਕੇ. ਦੇ ਸੰਦਰਭ ਵਿੱਚ ਅਜਿਹੇ ਲੋਕ ਆਪੇ ਬਣੇ ਦੇਸ਼ ਭਗਤ ਸਮੂਹਾਂ ਨਾਲ ਜੁੜੇ ਹੋਣ ਦਾ ਦਾਅਵਾ ਕਰਦੇ ਹਨ। ਜਿਹੜੇ ਲੋਕ ਆਪਣੇ ਭਾਈਚਾਰਿਆਂ ਵਿੱਚ ਫੈਲ ਰਹੀ ਹਿੰਸਾ ਨੂੰ ਦੇਖ ਰਹੇ ਹਨ, ਉਨ੍ਹਾਂ ਲਈ ਇਹ ਵਾਕਈ ਚਿੰਤਾਜਨਕ ਸਮਾਂ ਹੈ।

ਪਰਵਾਸ ਵਿਰੋਧੀ ਮੁਜ਼ਾਹਰਿਆਂ ਅਤੇ ਹਿੰਸਾ ਤੋਂ ਬਾਅਦ ਨਸਲਵਾਦ ਵਿਰੋਧੀ ਮੁਜ਼ਾਹਰਾਕਾਰੀਆਂ ਵੱਲੋਂ ਸੜਕਾਂ ਉੱਤੇ ਆ ਕੇ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ। ਨਸਲਵਾਦ ਵਿਰੋਧੀਆਂ ਨੇ ਆਪਣੇ ਮੁਜ਼ਾਹਰੇ ਦੇਸ ਭਰ ਵਿੱਚ ਜ਼ਿਆਦਾਤਰ ਉਨ੍ਹਾਂ ਥਾਵਾਂ ਉੱਤੇ ਕੀਤੇ, ਜਿੱਥੇ ਨਸਲਵਾਦੀਆਂ ਅਤੇ ਪਰਵਾਸ ਵਿਰੋਧੀਆਂ ਨੇ ਮੁਜ਼ਾਹਰੇ ਕਰਨੇ ਸਨ। ਇਹ ਮੁਜ਼ਾਹਰੇ ਬ੍ਰਿਸਟਲ, ਲੰਡਨ ਅਤੇ ਨਿਊ ਕਾਸਲ ਵਿੱਚ ਕੀਤੇ ਗਏ। ਇਹ ਮੁਜ਼ਾਹਰੇ ਜ਼ਿਆਦਾਤਰ ਸ਼ਾਂਤੀਪੂਰਨ ਸਨ ਅਤੇ ਲੋਕ ਨਾਅਰੇ ਲਾ ਰਹੇ ਸਨ ਕਿ 'ਰਿਫਿਊਜੀਆਂ ਦਾ ਇੱਥੇ ਸਵਾਗਤ ਹੈ।' ਹੋਰ ਹਿੰਸਾ ਦੀ ਸੰਭਾਵਨਾ ਦੇ ਮੱਦੇਨਜ਼ਰ ਪੁਲਿਸ ਦੀ ਤਾਇਨਾਤੀ ਵਧਾ ਦਿੱਤੀ ਗਈ ਅਤੇ ਉਮੀਦ ਜਤਾਈ ਗਈ ਕਿ ਅਜਿਹੇ ਮੁਜ਼ਾਹਰੇ ਜਾਰੀ ਰਹਿ ਸਕਦੇ ਹਨ। ਚੈਟ ਗਰੁੱਪਾਂ ਵਿੱਚ ਇਮੀਗ੍ਰੇਸ਼ਨ ਵਕੀਲਾਂ ਅਤੇ ਕੰਸਲਟੈਂਸੀ ਫਰਮਾਂ ਦੀ ਜਾਣਕਾਰੀ ਸਾਂਝੀ ਕੀਤੇ ਜਾਣ ਮਗਰੋਂ ਪਰਵਾਸੀ ਵਕੀਲਾਂ ਨੂੰ ਘਰੋਂ ਕੰਮ ਕਰਨ ਦੀ ਸਲਾਹ ਦਿੱਤੀ ਗਈ ਸੀ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਦੁਕਾਨਾਂ ਦੀਆਂ ਖਿੜਕੀਆਂ ਢਕੀਆਂ ਹੋਈਆਂ ਸਨ ਅਤੇ ਹਿੰਸਾ ਫੈਲਣ ਦੇ ਡਰ ਦੇ ਚਲਦਿਆਂ ਦੁਕਾਨਾਂ ਆਮ ਨਾਲੋਂ ਜਲਦੀ ਬੰਦ ਹੋ ਗਈਆਂ ਸਨ।

ਯੂ.ਕੇ. ਦੀ ਹਿੰਸਾ ਪਿੱਛੇ ਕੀ ਕਾਰਨ ਹਨ? ਪੁਲਿਸ ਨੂੰ ਸਾਊਥਪੋਰਟ ਦੇ ਹਾਰਟ ਸਟਰੀਟ ਉੱਤੇ ਛੁਰੇਬਾਜ਼ੀ ਦੀ ਘਟਨਾ ਬਾਰੇ ਇਤਲਾਹ ਮਿਲੀ। ਪੁਲਿਸ ਇਹ ਦੇਖ ਕੇ ਹੈਰਾਨ ਸੀ ਕੀ ਕਈ ਜਣੇ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ ਸਨ, ਗੰਭੀਰ ਰੂਪ ਵਿੱਚ ਜ਼ਖਮੀ ਪਏ ਸਨ। ਸ਼ੁਰੂ ਵਿੱਚ ਪੁਲਿਸ ਦਾ ਮੰਨਣਾ ਸੀ ਕਿ ਬੱਚੇ ਇੱਕ ਡਾਂਸ ਸਕੂਲ ਦੇ ਫੰਕਸ਼ਨ ਵਿੱਚ ਹਿੱਸਾ ਲੈ ਰਹੇ ਸਨ, ਜਦੋਂ ਇੱਕ ਛੁਰਾਧਾਰੀ ਵਿਅਕਤੀ ਇਮਾਰਤ ਵਿੱਚ ਆਣ ਵੜਿਆ ਅਤੇ ਉਸ ਨੇ ਹਾਜ਼ਰੀਨ ਉੱਤੇ ਹਮਲਾ ਕਰ ਦਿੱਤਾ। ਪੁਲਿਸ ਅਨੁਸਾਰ ਇਸ ਦੌਰਾਨ ਦੋ ਬਾਲਗ ਬਹਾਦਰੀ ਨਾਲ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਛੇ ਸਾਲਾ ਬੱਚੀ ਬੇਬੇ ਕਿੰਗ ਅਤੇ ਸੱਤ ਸਾਲਾ ਐਲਸੀ ਡੌਟ ਸਟੈਂਕੋਂਬ ਦੀ ਜਾਨ ਚਲੀ ਗਈ। ਐਲਿਸ ਡਸਿਲਵਾ ਅਗੁਈਅਰ (9) ਦੀ ਹਸਪਤਾਲ ਵਿੱਚ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਜ਼ਿੰਦਗੀ ਅਤੇ ਮੌਤ ਦੀ ਲੜਾਈ ਹਾਰ ਗਈ। ਇਸ ਤੋਂ ਇਲਾਵਾ ਅੱਠ ਹੋਰ ਜ਼ਖਮੀ ਸਨ, ਜਦਕਿ ਪੰਜ ਗੰਭੀਰ ਜ਼ਖਮੀ ਸਨ। ਨੌਰਥ ਵੈਸਟ ਐਂਬੂਲੈਂਸ ਸੇਵਾ ਨੇ ਕਿਹਾ ਕਿ ਉਨ੍ਹਾਂ ਨੇ ਛੁਰੇਬਾਜ਼ੀ ਕਾਰਨ ਜ਼ਖਮੀ ਹੋਏ 11 ਜਣਿਆਂ ਦਾ ਇਲਾਜ ਕੀਤਾ ਸੀ।

ਘਟਨਾ ਤੋਂ ਬਾਅਦ ਹੀ ਸੋਸ਼ਲ ਮੀਡੀਆ ਉੱਤੇ ਅਫ਼ਵਾਹਾਂ ਦਾ ਬਜ਼ਾਰ ਗਰਮ ਹੋ ਗਿਆ ਅਤੇ ਉਸ ਤੋਂ ਬਾਅਦ ਪੂਰੇ ਦੇਸ ਵਿੱਚ ਹਿੰਸਾ ਦਾ ਦੌਰ ਚੱਲ ਪਿਆ। ਜਦੋਂ ਸਾਊਥਪੋਰਟ ਟਾਊਨ ਵਿੱਚ ਅਜੇ ਜਾਨੀ ਨੁਕਸਾਨ ਦਾ ਸੋਗ ਹੀ ਮਨਾਇਆ ਜਾ ਰਿਹਾ ਸੀ, ਧੁਰ ਸੱਜੇ ਪੱਖੀਆਂ ਨੇ ਇਸ ਦੀ ਆੜ ਵਿੱਚ ਗੈਰ-ਗੋਰੇ ਭਾਈਚਾਰਿਆਂ ਨੂੰ ਭੜਕਾਉਣ ਅਤੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਦੇਖਦੇ ਹੀ ਦੇਖਦੇ ਸ਼ਹਿਰ ਵਿੱਚ ਹਿੰਸਾ ਅਤੇ ਤੋੜ-ਭੰਨ ਫੈਲ ਗਈ। ਇੱਟਾਂ-ਰੋੜੇ, ਸਮੋਕ ਬੰਬ ਵਗੈਰਾ ਪੁਲਿਸ ਵੱਲ ਸੁੱਟੇ ਜਾਣ ਲੱਗੇ। ਹੋਟਲਾਂ ਅਤੇ ਹੋਰ ਥਾਵਾਂ ਉੱਤੇ ਰਹਿ ਰਹੇ ਸ਼ਰਨਾਰਥੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇਹ ਹਿੰਸਾ ਦੇਸ ਦੇ ਹੋਰ ਹਿੱਸਿਆਂ- ਹੱਲ, ਲਿਵਰਪੂਲ, ਮੈਨਚੈਸਟਰ, ਬਲੈਕਪੂਲ ਅਤੇ ਬੇਲਫਾਸਟ ਵਿੱਚ ਵੀ ਫੈਲ ਗਈ। ਬ੍ਰਿਟੇਨ ਵਿੱਚ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਕੀਰ ਸਾਟਰਮਰ ਨੇ ਇਸ ਨੂੰ 'ਧੁਰ-ਸੱਜੇ ਪੱਖੀਆਂ ਦੀ ਠੱਗੀ' ਕਰਾਰ ਦਿੱਤਾ ਹੈ ਅਤੇ ਕਿਹਾ ਹੈ, 'ਇਸ ਕੰਮ ਕਰਨ ਦਾ ਕੋਈ ਤਰਕ ਨਹੀਂ ਹੈ।'

ਛੁਰੇਬਾਜ਼ੀ ਦੀ ਖ਼ਬਰ ਸਾਹਮਣੇ ਆਉਣ ਦੇ ਨਾਲ ਹੀ ਸੋਸ਼ਲ ਮੀਡੀਆ ਉੱਤੇ ਹਮਲਾਵਰ ਦੀ ਪਛਾਣ ਬਾਰੇ ਗ਼ਲਤ ਜਾਣਕਾਰੀ ਜੰਗਲ ਦੀ ਅੱਗ ਵਾਂਗ ਫੈਲ ਗਈ। ਹਮਲਾਵਰ ਦੀ ਉਮਰ ਕਾਰਨ ਪੁਲਿਸ ਨੇ ਜ਼ਿਆਦਾ ਕੁਝ ਨਹੀਂ ਦੱਸਿਆ। ਸਿਰਫ਼ ਇੰਨਾ ਹੀ ਕਿਹਾ ਕਿ ਇੱਕ 17 ਸਾਲ ਦੇ ਮੁੰਡੇ ਨੂੰ ਮੁਲਜ਼ਮ ਬਣਾਇਆ ਗਿਆ ਹੈ ਅਤੇ ਲੋਕਾਂ ਨੂੰ ਕਿਆਸਅਰਾਈਆਂ ਤੋਂ ਬਚਣ ਦੀ ਅਪੀਲ ਕੀਤੀ; ਪਰ ਧੁਰ-ਸੱਜੇਪੱਖੀ ਇਨਫਲੂਐਂਸਰਾਂ ਨੇ ਅਫਵਾਹ ਫੈਲਾਅ ਦਿੱਤੀ ਕਿ ਹਮਲਾਵਰ ਇੱਕ ਮੁਸਲਮਾਨ ਸ਼ਰਨਾਰਥੀ ਸੀ, ਜੋ ਕਿਸ਼ਤੀ ਰਾਹੀਂ ਬ੍ਰਿਟੇਨ ਪਹੁੰਚਿਆ ਸੀ। ਇਨ੍ਹਾਂ ਅਫਵਾਹਾਂ ਕਾਰਨ ਹਿੰਸਾ ਦੀ ਅੱਗ ਨੂੰ ਹੋਰ ਹਵਾ ਮਿਲੀ। ਸੋਸ਼ਲ ਮੀਡੀਆ ਰਾਹੀਂ ਕੀਤੇ ਜਾ ਰਹੇ ਝੂਠ ਜਲਦੀ ਹੀ ਉਨ੍ਹਾਂ ਲੋਕਾਂ ਕੋਲ ਵੀ ਪਹੁੰਚ ਗਏ, ਜਿਨ੍ਹਾਂ ਦਾ ਧੁਰ-ਸੱਜੇ ਪੱਖੀਆਂ ਨਾਲ ਕੋਈ ਸੰਬੰਧ ਵੀ ਨਹੀਂ ਸੀ। ਹੋਪ-ਨੌਟ-ਹੇਟ ਵਿੱਚ ਕੱਟੜਵਾਦ-ਵਿਰੋਧੀ ਖੋਜ ਦੇ ਮੁਖੀ ਜੋਏ ਮੁਹੱਲ ਨੇ ਕਿਹਾ, 'ਹਿੰਸਾ ਦੇ ਪਿੱਛੇ ਕੋਈ ਇੱਕ ਸ਼ਕਤੀ ਨਹੀਂ ਹੈ। ਇਹ ਮੌਜੂਦਾ ਧੁਰ-ਸੱਜੇਪੱਖ ਦੇ ਸੁਭਾਅ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਲੋਕ ਆਨ ਲਾਈਨ ਸਰਗਰਮ ਰਹਿੰਦੇ ਹਨ। ਕੋਈ ਸਪਸ਼ਟ ਢਾਂਚਾ ਜਾਂ ਬੈਚ ਨਹੀਂ ਹੈ। ਕੋਈ ਰਸਮੀ ਆਗੂ ਵੀ ਨਹੀਂ ਹਨ, ਸਗੋਂ ਸੋਸ਼ਲ ਮੀਡੀਆ ਇਨਫਲੂਐਂਸਰ ਆਮ ਲੋਕਾਂ ਨੂੰ ਹਦਾਇਤਾਂ ਦੇ ਰਹੇ ਹਨ।'

ਦੰਗਿਆਂ ਦਾ ਇੱਕ ਹੋਰ ਕਾਰਨ ਨਸਲਵਾਦ ਅਤੇ ਪਰਵਾਸ ਵੀ ਮੰਨਿਆ ਜਾ ਰਿਹਾ ਹੈ। ਜੁਲਾਈ ਵਿੱਚ ਹੋਈਆਂ ਯੂ.ਕੇ. ਦੀਆਂ ਆਮ ਚੋਣਾਂ ਨੇ ਹੋਰ ਮੁੱਦਿਆਂ ਦੇ ਨਾਲ ਛੋਟੀਆਂ-ਛੋਟੀਆਂ ਕਿਸ਼ਤੀਆਂ ਜ਼ਰੀਏ ਬ੍ਰਿਟੇਨ ਪਹੁੰਚ ਰਹੇ ਸ਼ਰਨਾਰਥੀਆਂ ਦੇ ਮਸਲੇ ਨੇ ਵੀ ਧਿਆਨ ਖਿੱਚਿਆ। ਬ੍ਰਿਟੇਨ ਦੇ ਬ੍ਰੈਗਜ਼ਿਟ ਅਭਿਆਨ ਦੇ ਚਰਚਿਤ ਚਿਹਰੇ ਨੀਗੇਲ ਫਰਾਗੇ ਵੀ ਇੱਕ ਸਿਆਸੀ ਪਾਰਟੀ ਰਿਫਾਰਮ ਯੂ.ਕੇ. ਦੇ ਮੁਖੀ ਵਜੋਂ ਸਿਆਸਤ ਵਿੱਚ ਵਾਪਸੀ ਕਰ ਰਹੇ ਹਨ, ਜਿਸ ਨੇ 'ਗੈਰ ਜ਼ਰੂਰੀ' ਪਰਵਾਸ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਹਿੰਸਾ ਬਾਰੇ ਉਨ੍ਹਾਂ ਨੇ ਦਾਅਵਾ ਕੀਤਾ, "ਸਾਡੀ ਵਸੋਂ ਦਾ ਵੱਡਾ ਹਿੱਸਾ ਬੇਰੋਕ ਅਤੇ ਵੱਡੀ ਗਿਣਤੀ ਵਿੱਚ ਹੋ ਰਹੇ ਪਰਵਾਸ ਕਾਰਨ ਸਾਡੇ ਭਾਈਚਾਰਿਆਂ ਨੂੰ ਪਹੁੰਚ ਰਹੇ ਨੁਕਸਾਨ ਨੂੰ ਦੇਖ ਸਕਦੇ ਹਨ।"

ਬ੍ਰਿਟੇਨ ਵਿੱਚ ਵਧ ਰਿਹਾ ਪਰਵਾਸ- ਭਾਵੇਂ ਉਹ ਕਾਨੂੰਨੀ ਹੋਵੇ ਜਾਂ ਗੈਰ-ਕਾਨੂੰਨੀ, ਚਿੰਤਾ ਦਾ ਵਿਸ਼ਾ ਹੈ। ਫਰਵਰੀ ਵਿੱਚ ਹੋਏ ਇੱਕ ਸਰਵੇਖਣ ਮੁਤਾਬਕ 52 ਫੀਸਦੀ ਲੋਕਾਂ ਦੀ ਰਾਇ ਸੀ ਕਿ ਪਰਵਾਸ ਦੇ ਮੌਜੂਦਾ ਪੱਧਰ ਬਹੁਤ ਜ਼ਿਆਦਾ ਹਨ। ਦੋ ਸਾਲ ਪਹਿਲਾਂ ਸਿਰਫ਼ 42 ਫੀਸਦੀ ਲੋਕਾਂ ਦੀ ਇਹ ਰਾਇ ਸੀ। ਭਾਵੇਂ ਕਿ 2022 ਦੇ ਮੁਕਾਬਲੇ ਇਹ ਅੰਤਰ ਘਟਿਆ ਹੈ, ਪਰ ਸਰਵੇਖਣ ਮੁਤਾਬਕ ਲੋਕ ਆਮ ਤੌਰ ਉੱਤੇ ਪਰਵਾਸ ਦੇ ਪ੍ਰਭਾਵਾਂ ਨੂੰ ਲੈ ਕੇ ਹਾਂਮੁਖੀ ਰੁਝਾਨ ਰੱਖਦੇ ਹਨ। ਪੈਟਰਿਓਟਿਕ ਅਲਟਰਨੇਟਿਵ ਵਰਗੇ ਦੂਜੇ ਸਮੂਹਾਂ ਨੇ, ਜਿਨ੍ਹਾਂ ਨੇ ਪਰਵਾਸ ਵਿਰੋਧੀ ਮੁਜ਼ਾਹਰੇ ਕੀਤੇ ਸਨ ਅਤੇ ਹਿੰਸਾ ਨੂੰ ਹੱਲਾਸ਼ੇਰੀ ਦਿੱਤੀ ਸੀ, ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਧੁਰ ਸੱਜੇ ਪੱਖੀਆਂ ਦੀ ਮੰਗ ਹੈ ਕਿ ਪਰਵਾਸੀਆਂ ਨੂੰ ਵੱਡੇ ਪੱਧਰ ਉੱਤੇ ਡਿਪੋਰਟ ਕੀਤਾ ਜਾਵੇ। ਇਸੇ ਦੌਰਾਨ ਪੂਰੇ ਇੰਗਲੈਂਡ ਵਿੱਚ ਹੀ ਮਸਜਿਦਾਂ ਨੂੰ ਨਸਲਵਾਦੀ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਕਾਰਨ ਇਨ੍ਹਾਂ ਥਾਵਾਂ ਉੱਥੇ ਪੁਲਿਸ ਦੀ ਤਾਇਨਾਤੀ ਵਧਾ ਦਿੱਤੀ ਗਈ। ਪਰਵਾਸ ਵਿਰੋਧੀ ਮੁਜ਼ਾਹਰਾਕਾਰੀਆਂ ਨੇ ਉਨ੍ਹਾਂ ਹੋਟਲਾਂ ਨੂੰ ਵੀ ਨਿਸ਼ਾਨਾ ਬਣਾਇਆ, ਜਿੱਥੇ ਸ਼ਰਨਾਰਥੀ ਰੁਕੇ ਹੋਏ ਸਨ।

**ਬ੍ਰਿਟੇਨ ਵਿੱਚ ਅਮਨ ਕਾਨੂੰਨ ਦੀ ਸਥਿਤੀ:** ਅਪਰਾਧ ਦੀਆਂ ਹਰ ਰੋਜ਼ ਆਉਂਦੀਆਂ ਡਰਾਉਣੀਆਂ ਕਹਾਣੀਆਂ ਦੇ ਮੱਦੇਨਜ਼ਰ ਦੇਸ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਰਹੀ ਹੈ ਅਤੇ ਇਹ ਹੋਰ ਖ਼ਤਰਨਾਕ ਹੁੰਦਾ ਜਾ ਰਿਹਾ ਹੈ। ਪਰ ਕਰਾਈਮ ਸਰਵੇ ਆਫ਼ ਇੰਗਲੈਂਡ ਮੁਤਾਬਕ ਜੇ ਅਪਰਾਧ ਬਾਰੇ ਲੋਕਾਂ ਦੀ ਰਾਏ ਲਈ ਜਾਵੇ ਤਾਂ ਉਹ ਇਸ ਤੋਂ ਉਲਟ ਹੈ। ਸੰਡਰਲੈਂਡ ਵਿੱਚ ਇਦਾਂ ਲੱਗਿਆ ਜਿਵੇਂ ਬਹੁਤ ਥੋੜ੍ਹੇ ਲੋਕਾਂ ਨੇ ਤਣਾਅ ਨੂੰ ਉਸ ਸਰਕਾਰ ਪ੍ਰਤੀ ਆਪਣਾ ਗੁੱਸਾ ਦਿਖਾਉਣ ਦੇ ਜ਼ਰੀਏ ਵਜੋਂ ਦੇਖਿਆ ਹੈ, ਜੋ ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੀ ਹੈ।






ਦੂਜਿਆਂ ਲਈ ਇਹ ਕੁਦਰਤੀ ਨਹੀਂ ਹੈ। ਸਮੱਸਿਆ ਦੀ ਸ਼ੁਰੂਆਤ ਤੋਂ ਪਹਿਲਾਂ ਸ਼ਹਿਰ ਦੇ ਕੇਂਦਰ ਵਿੱਚ ਗਲਾਸਗੋ, ਸਕਾਟਲੈਂਡ ਤੋਂ ਆ ਕੇ ਇੱਕ ਰੇਲ ਗੱਡੀ ਰੁਕੀ, ਉਸ ਵਿੱਚ ਬ੍ਰਿਟੇਨ ਦੇ ਕੌਮੀ ਝੰਡਿਆਂ ਵਿੱਚ ਲਿਪਟੇ ਲੋਕ ਸਨ। ਸਟੇਸ਼ਨ ਦੇ ਬਾਹਰ ਉਨ੍ਹਾਂ ਲੋਕਾਂ ਦਾ ਸਵਾਗਤ ਦੱਖਣੀ ਲਹਿਜ਼ੇ ਵਾਲੇ ਲੋਕਾਂ ਦੀ ਭੀੜ ਨੇ ਕੀਤਾ। ਕੁਝ ਲੋਕ ਇੰਗਲਿਸ਼ ਡਿਫੈਂਸ ਲੀਗ ਨਾਲ ਸੰਬੰਧਿਤ ਸਨ। ਧੁਰ-ਸੱਜੇ ਪੱਖੀਆਂ ਵੱਲੋਂ ਬ੍ਰਿਟੇਨ ਵਿੱਚ ਫੈਲਾਈ ਗਈ ਗੁੰਡਾਗਰਦੀ ਬ੍ਰਿਟੇਨ ਦੇ ਮੂਡ ਦੀ ਤਰਜਮਾਨੀ ਕਰਦੀ ਹੈ, ਕੁਤਾਹੀ ਹੋਵੇਗੀ।

## 1970ਵਿਆਂ ਅਤੇ 1980ਵਿਆਂ ਦੇ ਦੰਗਿਆਂ ਦੀ ਯਾਦ

ਯੂ.ਕੇ. ਦੰਗਿਆਂ ਨੇ 1970ਵਿਆਂ ਅਤੇ 1980ਵਿਆਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ। ਉਸ ਸਮੇਂ ਨਸਲਵਾਦੀ ਹਿੰਸਾ ਵੱਡੇ ਪੱਧਰ ਉੱਤੇ ਹੋਈ ਅਤੇ ਨੈਸ਼ਨਲ ਫਰੰਟ ਅੱਗੇ ਵੱਧ ਰਿਹਾ ਸੀ। ਮੁਜ਼ਾਹਰਾਕਾਰੀ ਨਾਅਰੇ ਲਾ ਰਹੇ ਸਨ, "ਅਸੀਂ ਆਪਣਾ ਮੁਲਕ ਵਾਪਸ ਚਾਹੁੰਦੇ ਹਾਂ।"

1950ਵਿਆਂ ਵਿੱਚ ਹਜ਼ਾਰਾਂ ਦੱਖਣੀ ਏਸ਼ੀਆਈ ਲੋਕ ਯੂ.ਕੇ. ਦੀਆਂ ਫੈਕਟਰੀਆਂ ਅਤੇ ਹੋਰ ਜਨਤਕ ਸੇਵਾਵਾਂ ਵਿੱਚ ਕੰਮ ਕਰਨ ਲਈ ਆਏ। ਉਸ ਵੇਲੇ ਯੂ.ਕੇ. ਜੰਗ ਤੋਂ ਬਾਅਦ ਆਪਣੀ ਆਰਥਿਕਤਾ ਨੂੰ ਮੁੜ ਖੜ੍ਹਾ ਕਰ ਰਿਹਾ ਸੀ। 1970ਵਿਆਂ ਦੀ ਸ਼ੁਰੂਅਤ ਤੱਕ ਉਨ੍ਹਾਂ ਦੀ ਆਬਾਦੀ 50 ਲੱਖ ਤੱਕ ਪਹੁੰਚ ਗਈ ਸੀ; ਕਿਉਂਕਿ ਇਸ ਸਮੇਂ ਦੌਰਾਨ ਪਰਿਵਾਰ ਦੇ ਹੋਰ ਮੈਂਬਰ ਅਤੇ ਅਫ਼ਰੀਕਾ ਤੋਂ ਭੱਜ ਕੇ ਆਏ ਏਸ਼ੀਆਈ ਵੀ ਇੱਥੇ ਆ ਗਏ ਸਨ। ਇਨ੍ਹਾਂ ਵਿੱਚ ਬਹੁਤੇ ਯੁਗਾਂਡਾ ਤੋਂ ਕੱਢੇ ਗਏ ਸਨ। ਪਰਵਾਸ ਇੱਕ ਸਿਆਸੀ ਮਸਲਾ ਬਣ ਗਿਆ ਸੀ। ਸਾਲ 1968 ਵਿੱਚ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਇਨੋਕ ਪੋਵੈੱਲ ਨੇ 'ਰਿਵਰਜ਼ ਆਫ ਬਲੱਡ' ਨਾਮ ਦਾ ਭਾਸ਼ਣ ਦਿੱਤਾ ਸੀ। ਇਸ ਭਾਸ਼ਣ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਵੱਡੇ ਪੱਧਰ ਉੱਤੇ ਪਰਵਾਸ ਹੋਣ ਦੇਣ ਨਾਲ ਮੁਲਕ 'ਆਪਣੀ ਹੀ ਚਿਖ਼ਾ ਵਿੱਚ ਬਾਲਣ ਪਾ ਰਿਹਾ ਹੈ।' ਸੱਜੇ ਪੱਖੀ ਨੈਸ਼ਨਲ ਫਰੰਟ ਇਸ ਬਾਰੇ ਵਿਚਾਰ ਰੱਖ ਰਿਹਾ ਸੀ ਤੇ ਰੈਲੀਆਂ ਕਰ ਰਿਹਾ ਸੀ। ਸਾਊਥਹਾਲ ਵਿੱਚ ਦੰਗੇ ਹੋਏ ਸਨ। ਇਹ ਪੱਛਮੀ ਲੰਡਨ ਦਾ ਵੱਧ ਏਸ਼ੀਆਈ ਆਬਾਦੀ ਵਾਲਾ ਹਿੱਸਾ ਸੀ। ਇਹ ਦੰਗੇ ਸਾਲ 1979 ਵਿੱਚ, ਸਥਾਨਕ ਸਿੱਖ ਨੌਜਵਾਨ ਗੁਰਦੀਪ ਸਿੰਘ ਚੱਗੜ ਦੇ ਨਸਲਵਾਦ ਤੋਂ ਪ੍ਰਭਾਵਿਤ ਕਤਲ ਤੋਂ ਬਾਅਦ ਹੋਏ। ਆਮ ਚੋਣਾਂ ਤੋਂ ਕਈ ਹਫ਼ਤੇ ਪਹਿਲਾਂ ਨੈਸ਼ਨਲ ਫਰੰਟ ਨੇ ਇਹ ਫ਼ੈਸਲਾ ਲਿਆ ਕਿ ਉਹ ਸਾਊਥਹਾਲ ਦੇ ਟਾਊਨਹਾਲ ਵਿੱਚ ਇੱਕ ਮੀਟਿੰਗ ਕਰਨਗੇ। ਨਸਲਵਾਦ ਵਿਰੋਧੀ ਸਹਿਯੋਗੀਆਂ ਦੇ ਨਾਲ-ਨਾਲ ਹਜ਼ਾਰਾਂ ਏਸ਼ੀਆਈ ਲੋਕਾਂ ਨੇ ਗਲੀਆਂ ਵਿੱਚ ਸੱਜੇ ਪੱਖੀਆਂ ਅਤੇ ਪੁਲਿਸ ਦੀ ਹਿੰਸਾ ਦੇ ਖ਼ਿਲਾਫ਼ ਮੁਜ਼ਾਹਰਾ ਕੀਤਾ ਸੀ। 40 ਲੋਕ ਜ਼ਖ਼ਮੀ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਯੂ.ਕੇ. ਦੰਗੇ: ...ਅੱਜ ਗੋਰੇ ਸਾਡੇ ਤੋਂ ਆਜ਼ਾਦੀ ਮੰਗ ਰਹੇ !

ਮੁਹੰਮਦ ਹਨੀਫ਼
ਸੀਨੀਅਰ ਪੱਤਰਕਾਰ ਤੇ ਲੇਖਕ

ਕੋਈ 70-75 ਵਰ੍ਹੇ ਪਹਿਲਾਂ ਸਾਡੇ ਵੱਡੇ ਇੰਡੀਆ ਅਤੇ ਪਾਕਿਸਤਾਨ 'ਚ ਗੋਰਿਆਂ ਕੋਲੋਂ ਆਜ਼ਾਦੀ ਲੈਣ ਲਈ ਘਰੋਂ ਨਿਕਲੇ ਸਨ। ਹੁਣ ਤੁਸੀਂ ਵੇਖਿਆ ਹੀ ਹੋਣਾ ਹੈ ਕਿ ਯੂ.ਕੇ. ਵਿੱਚ ਗੋਰਿਆਂ ਦੇ ਜਥੇ ਬਾਹਰ ਨਿਕਲੇ ਹਨ, ਉਹ ਸਾਡੇ ਤੋਂ ਆਜ਼ਾਦੀ ਮੰਗ ਰਹੇ ਹਨ। ਹੋਟਲਾਂ 'ਤੇ, ਦੁਕਾਨਾਂ 'ਤੇ, ਮਸੀਤਾਂ 'ਤੇ ਹਮਲੇ ਹੋ ਰਹੇ ਹਨ। ਜਿਹੜੇ ਗੋਰੇ ਅੱਧੀ ਦੁਨੀਆਂ 'ਤੇ ਰਾਜ ਕਰਦੇ ਸਨ, ਉਹ ਹੁਣ ਸਾਡੇ ਵਰਗੇ ਲੋਕਾਂ ਨੂੰ ਕਹਿ ਰਹੇ ਹਨ ਕਿ ਤੁਸੀਂ ਇੱਥੇ ਆ ਕੇ ਸਾਡੀਆਂ ਜੌਬਾਂ (ਨੌਕਰੀਆਂ) ਖੋਹ ਲਈਆਂ ਹਨ। ਤੁਸੀਂ ਛੋਟੀਆਂ ਕਿਸ਼ਤੀਆਂ 'ਚ ਬੈਠ ਕੇ ਆ ਵੜਦੇ ਹੋ ਅਤੇ ਫਿਰ ਸਾਰੀ ਉਮਰ 4 ਸਟਾਰ ਹੋਟਲਾਂ 'ਚ ਸਾਡੀ ਸਰਕਾਰ ਦੇ ਖਰਚੇ 'ਤੇ ਰਹਿੰਦੇ ਹੋ। ਤੁਸੀਂ ਸਾਡੇ ਕੋਲੋਂ ਸਾਡਾ ਬਰਤਾਨੀਆ ਖੋਹ ਲਿਆ ਹੈ। ਯੂ.ਕੇ. ਦੇ ਮੀਡੀਆ ਅਤੇ ਸਰਕਾਰ ਨੂੰ ਵੀ ਇਹ ਸਮਝ ਨਹੀਂ ਆ ਰਹੀ ਕਿ ਇਹ ਵਹਿਸ਼ੀ ਹੋਏ ਜਥਿਆਂ ਨੂੰ ਕੀ ਕਿਹਾ ਜਾਵੇ! ਵਜ਼ੀਰ-ਏ-ਆਜ਼ਮ ਕਹਿੰਦਾ ਹੈ ਕਿ ਇਹ ਬਦਮਾਸ਼ ਹਨ, ਮੀਡੀਆ ਕਹਿੰਦਾ ਹੈ ਕਿ ਇਹ ਪ੍ਰੋ-ਯੂ.ਕੇ. ਮੁਜ਼ਾਹਰੇ ਹੋ ਰਹੇ ਹਨ। ਕੋਈ ਸਿਆਣੇ ਆ ਕੇ ਦੱਸਦੇ ਹਨ ਕਿ ਇਹ ਗਰੀਬ ਗੋਰਿਆਂ ਦਾ ਰੋਸ ਨਿਕਲ ਰਿਹਾ ਹੈ। ਕੋਈ ਇਹ ਨਹੀਂ ਦੱਸਦਾ ਕਿ ਇਹ ਗੁੱਸਾ ਗੋਰੇ ਮੁਲਕਾਂ 'ਚੋਂ ਆਏ ਪਰਵਾਸੀਆਂ 'ਤੇ ਕਿਉਂ ਨਹੀਂ ਨਿਕਲਦਾ!

ਯੂਕਰੇਨ 'ਚ ਜੰਗ ਹੁੰਦੀ ਹੈ, ਉਥੋਂ ਲੋਕ ਨੱਸ ਕੇ ਇੱਥੇ ਪਹੁੰਚਦੇ ਹਨ। ਹਕੂਮਤ ਵੀ ਅਤੇ ਗੋਰੇ ਸ਼ਹਿਰੀ ਵੀ ਘਰਾਂ ਦੇ ਬੂਹੇ ਖੋਲ੍ਹ ਕੇ ਉਨ੍ਹਾਂ ਨੂੰ ਜੀ-ਆਇਆਂ ਨੂੰ ਆਖਦੇ ਹਨ। ਆਖਣਾ ਵੀ ਚਾਹੀਦਾ ਹੈ; ਪਰ ਉਧਰ ਅਫਗਾਨਿਸਤਾਨ 'ਚ ਯੂ.ਕੇ. ਕੁਝ 40 ਵਰ੍ਹਿਆਂ ਤੋਂ ਜੰਗ 'ਚ ਆਪਣਾ ਹਿੱਸਾ ਪਾ ਰਿਹਾ ਹੈ। ਕੋਈ ਉਥੋਂ ਨੱਸ ਕੇ ਆ ਜਾਵੇ ਤਾਂ ਗੋਰਿਆਂ ਦਾ ਕਲਚਰ ਖਤਰੇ 'ਚ ਪੈ ਜਾਂਦਾ ਹੈ। ਇਸ ਨੂੰ ਨਸਲਵਾਦ ਕਹਿ ਲਓ, ਨਸਲਪ੍ਰਸਤੀ ਕਹਿ ਲਓ ਜਾਂ ਫਿਰ ਉਹ ਪੁਰਾਣੀ ਬਿਮਾਰੀ ਕਿ ਗੋਰੇ ਰੰਗ ਦਾ ਬੰਦਾ ਕਿਸੇ ਦੂਜੇ ਰੰਗ ਦੇ ਬੰਦੇ ਨੂੰ ਇਨਸਾਨ ਨਹੀਂ ਸਮਝਦਾ। ਗੋਰਾ ਭਾਵੇਂ ਮਾੜਾ-ਮੋਟਾ ਹੀ ਪੜ੍ਹਿਆ ਹੋਵੇ- ਹਿੰਦੁਸਤਾਨ, ਪਾਕਿਸਤਾਨ ਵਰਗੇ ਮੁਲਕ 'ਚ ਜਾ ਕੇ ਆਪਣੇ ਆਪ ਨੂੰ ਪ੍ਰਧਾਨ ਸਮਝਣ ਲੱਗ ਪੈਂਦਾ ਹੈ ਤੇ ਉਥੋਂ ਜੇ ਕੋਈ ਸਰਜਨ ਬਣ ਕੇ ਵੀ ਆ ਜਾਵੇ ਤਾਂ ਕਈ ਗੋਰਿਆਂ ਲਈ ਉਹ ਇਮੀਗ੍ਰੈਂਟ, ਇਲੀਗਲ ਅਤੇ ਜੇ ਜ਼ਿਆਦਾ ਗੁੱਸਾ ਆ ਜਾਵੇ ਤਾਂ ਉਹ ਪਾਕੀ ਹੀ ਰਹਿੰਦਾ ਹੈ।

ਸਿਆਣੇ ਇਹ ਵੀ ਸਮਝਾਉਂਦੇ ਹਨ ਕਿ ਵੇਖੋ ਬਰਤਾਨੀਆ ਦਾ ਗਰੀਬ ਗੋਰਾ ਸਵੇਰੇ ਘਰੋਂ ਨਿਕਲਦਾ ਹੈ ਤਾਂ ਅੰਡੇ, ਡਬਲ ਰੋਟੀ ਕਿਸੇ ਪਟੇਲ ਦੀ ਦੁਕਾਨ ਤੋਂ ਖਰੀਦਦਾ ਹੈ। ਟਰੇਨ 'ਤੇ ਬਹਿੰਦਾ ਹੈ ਤਾਂ ਉਥੇ ਕੰਡਕਟਰ ਮੀਰ ਪੁਰੀ ਹੁੰਦਾ ਹੈ ਤੇ ਜੇ ਉਬਰ 'ਤੇ ਬੈਠ ਜਾਵੇ ਤਾਂ ਡਰਾਇਵਰ ਕੋਈ ਜੇਹਲਮ ਜਾਂ ਲੁਧਿਆਣੇ ਦਾ ਹੋਵੇਗਾ। ਜਦੋਂ ਕਿਸੇ ਢਾਕੇ ਵਾਲੇ ਦੇ ਢਾਬੇ ਤੋਂ ਚਿਕਨ ਟਿੱਕਾ ਮਸਾਲਾ ਖਾ-ਖਾ ਕੇ ਬਿਮਾਰ ਹੋਵੇਗਾ ਤਾਂ ਇਲਾਜ ਤਾਂ ਉਸ ਦਾ ਕੋਈ ਗੁਜਰਾਤ ਤੋਂ ਆਇਆ ਡਾਕਟਰ ਹੀ ਕਰੇਗਾ! ਨਰਸ ਵੀ ਜਮਾਇਕਾ ਦੀ, ਤੇ ਫਿਰ ਦਵਾਈ ਲੈਣ ਲਈ ਫਾਰਮੇਸੀ 'ਤੇ ਜਾਵੇਗਾ, ਉਥੇ ਵੀ ਕੋਈ ਸਾਡਾ ਭੈਣ-ਭਰਾ ਹੀ ਖਲੋਤਾ ਹੋਵੇਗਾ।

ਯੂ.ਕੇ. ਦੇ ਸਿਆਸਤਦਾਨਾਂ ਨੇ ਆਪਣੀਆਂ ਸਾਰੀਆਂ ਹੀ ਨਲਾਇਕੀਆਂ ਦਾ ਮਲਬਾ ਬਾਹਰੋਂ ਆਏ ਕਾਲੇ ਅਤੇ ਭੂਰੇ ਲੋਕਾਂ 'ਤੇ ਪਾ ਦਿੱਤਾ ਹੈ। ਯੂ.ਕੇ. ਇੱਕ ਇੰਡਸਟਰੀਅਲ ਮੁਲਕ ਸੀ। ਫੈਕਟਰੀਆਂ, ਮਿੱਲ੍ਹਾਂ ਚੱਲਦੀਆਂ ਸਨ। ਕੋਈ ਸ਼ੈਅ ਬਣਾਉਂਦਾ ਸੀ ਅਤੇ ਫਿਰ ਦੁਨੀਆ ਨੂੰ ਵੇਚਦਾ ਸੀ। ਹੁਣ ਯੂਰਪ ਤੋਂ ਵੀ ਵੱਖਰਾ ਹੋ ਗਿਆ ਹੈ। ਖੇਤਾਂ 'ਚ ਕੰਮ ਕਰਨ ਲਈ ਮਜ਼ਦੂਰ ਵੀ ਨਹੀਂ ਮਿਲਦੇ। ਡਾਕਟਰ-ਨਰਸਾਂ ਤਾਂ ਪਹਿਲਾਂ ਹੀ ਬਾਹਰੋਂ ਆਉਂਦੇ ਸਨ। ਹੁਣ ਗੋਰੀ ਅਵਾਮ ਨੂੰ ਬੱਸ ਇਹ ਕਹਿ ਛੱਡਦੇ ਹਨ ਕਿ ਅਸੀਂ ਇੱਕ ਜ਼ਮਾਨੇ 'ਚ ਦੁਨੀਆ ਦੇ ਬਾਦਸ਼ਾਹ ਸੀ। ਹੁਣ ਬਾਹਰੋਂ ਲੋਕਾਂ ਨੇ ਆ ਕੇ ਸਾਡੀ ਬਾਦਸ਼ਾਹੀ ਖੋਹ ਲਈ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਬਾਦਸ਼ਾਹੀ ਨੂੰ ਕੋਈ ਖਤਰਾ ਨਹੀਂ ਹੈ। ਬਸ ਫ਼ਰਕ ਇੰਨਾ ਪਿਆ ਹੈ ਕਿ ਪਹਿਲਾਂ ਬਰਤਾਨੀਆ ਦੇ ਬਾਦਸ਼ਾਹ ਜਾਂ ਮਲਿਕਾ ਦਾ ਹੁਕਮ ਅੱਧੀ ਦੁਨੀਆ ਵਿੱਚ ਚੱਲਦਾ ਸੀ। ਹੁਣ ਜਿਹੜਾ ਸਾਡਾ ਬਾਦਸ਼ਾਹ ਹੈ, ਉਸ ਦੀ ਗੱਲ ਉਸ ਦਾ ਪੁੱਤਰ ਹੈਨਰੀ ਵੀ ਨਹੀਂ ਸੁਣਦਾ ਹੈ। ਬਰਤਾਨੀਆ ਨੇ ਹਿੰਦੁਸਤਾਨ 'ਤੇ ਕਈ ਸੌ ਸਾਲ ਹਕੂਮਤ ਕੀਤੀ ਅਤੇ ਫਾਰਮੂਲਾ ਉਨ੍ਹਾਂ ਕੋਲ ਇੱਕੋ ਹੀ ਸੀ, ਜਿਸ ਨੂੰ ਉਦੋਂ ਕਹਿੰਦੇ ਸਨ- 'ਡਿਵਾਈਡ ਐਂਡ ਰੂਲ।' ਹਿੰਦੂ ਨੂੰ ਮੁਸਲਮਾਨ ਨਾਲ ਲੜਾਓ ਅਤੇ ਪੰਜਾਬੀ ਨੂੰ ਪੰਜਾਬੀ ਨਾਲ ਲੜਾਓ। ਹੁਣ ਲੱਗਦਾ ਹੈ ਕਿ ਇਹੀ ਫਾਰਮੂਲਾ ਉਹ ਆਪਣੇ ਮੁਲਕ 'ਚ ਵੀ ਲੈ ਆਏ ਹਨ। ਇੱਥੇ ਵੀ ਗਰੀਬ ਨੂੰ ਦੱਸੀ ਜਾ ਰਹੇ ਹਨ ਕਿ ਉਹ ਵੇਖੋ ਬਾਹਰੋਂ ਆਏ ਗਰੀਬ ਤੁਹਾਡਾ ਹੱਕ ਮਾਰਦੇ ਪਏ ਹਨ। ਕਈ ਇਲਾਕਿਆਂ 'ਚ ਲੋਕਾਂ ਨੇ ਇੱਕਠੇ ਹੋ ਕੇ ਕਿਹਾ ਹੈ ਕਿ ਅਸੀਂ ਮਜ਼ਹਬ ਅਤੇ ਰੰਗ ਦੇ ਨਾਮ 'ਤੇ ਨਹੀਂ ਲੜਨਾ ਹੈ ਅਤੇ ਇਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੀ ਅਕਲ ਤੇ ਕਾਨੂੰਨ ਅੱਧੀ ਦੁਨੀਆ ਨੂੰ ਦੱਸਣ ਗਏ ਸੀ, ਉਹ ਜ਼ਰਾ ਆਪਣੇ ਘਰ 'ਤੇ ਵੀ ਲਾਗੂ ਕਰਨ। ਸ਼ਾਇਦ ਪੁਰਾਣੀ ਬਿਮਾਰੀ ਨੂੰ ਕੋਈ ਆਰਾਮ ਆਵੇ!

## ਮੁੱਦੇ

**ਉਜਾਗਰ ਸਿੰਘ**
**ਫੋਨ: 91-9417813072**



# ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਬਣਾਈ ਰੱਖਣਾ ਸਿੱਖ ਪੰਥ ਦੀ ਜ਼ਿੰਮੇਵਾਰੀ

ਅਕਾਲ ਤਖ਼ਤ ਸਾਹਿਬ ਸਿੱਖ ਜਗਤ ਲਈ ਸਰਵੋਤਮ ਪਵਿਤਰ ਸਥਾਨ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਤੇ ਮੀਰੀ ਦੇ ਸਥਾਨ ਦੀ ਸਥਾਪਨਾ ਸਿਆਸੀ ਜ਼ਬਰ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ, ਸਿੱਖ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ, ਅਧਿਆਤਮਕ ਅਗਵਾਈ ਤੇ ਰਾਜਨੀਤਕ ਪ੍ਰਭੁਸਤਾ ਹਾਸਲ ਕਰਨ ਲਈ ਕੀਤੀ ਸੀ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਪੰਥਕ ਕੇਂਦਰ ਵਜੋਂ ਅਕਾਲ ਬੁੰਗੇ ਦੇ ਰੂਪ ਵਿੱਚ ਹੋਈ ਸੀ। ਪੀਰੀ/ਧਰਮ ਅਤੇ ਮੀਰੀ/ਸਿਆਸਤ, ਗੁਰੂ ਹਰਿਗੋਬਿੰਦ ਜੀ ਨੇ ਪੀਰੀ/ਧਰਮ ਪਹਿਲਾਂ ਰੱਖਿਆ ਤੇ ਮੀਰੀ/ਸਿਆਸਤ ਬਾਅਦ ਵਿੱਚ। ਫਿਰ ਇਸ ਨੂੰ ਅਕਾਲ ਤਖ਼ਤ ਸਾਹਿਬ ਦਾ ਨਾਮ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1925 ਵਿੱਚ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਨਹੀਂ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਿੱਖ ਧਰਮ ਦੇ ਅਨੁਆਈਆਂ ਭਾਵ ਸਿੱਖਾਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਜਿਹੜੇ ਸਿੱਖ, ਸਿੱਖ ਧਰਮ ਦੀ ਵਿਚਾਰਧਾਰਾ, ਪਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਕਰਨ, ਉਨ੍ਹਾਂ ਨੂੰ ਸਿੱਖ ਪੰਥ ਵਿੱਚੋਂ ਛੇਕਣਾ; ਪਰ ਜੇ ਬਹੁਤੀ ਗੰਭੀਰ ਗ਼ਲਤੀ ਨਹੀਂ ਤਾਂ ਧਾਰਮਿਕ ਤਨਖ਼ਾਹ ਲਗਾ ਕੇ ਮੁੜ ਪੰਥ ਵਿੱਚ ਸ਼ਾਮਲ ਕਰਨਾ ਹੁੰਦਾ ਹੈ। ਗੁਨਾਹ ਮੁਆਫ਼ ਨਹੀਂ ਹੋ ਸਕਦਾ। ਕੋਈ ਸੱਚਾ ਸੁੱਚਾ ਸਿੱਖ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਵੰਗਾਰ ਨਹੀਂ ਸਕਦਾ ਅਤੇ ਨਾ ਹੀ ਉਸ ਦੇ ਹੁਕਮਨਾਮੇ/ਗੁਰਮਤੇ ਨੂੰ ਅਣਡਿੱਠ ਕਰ ਸਕਦਾ ਹੈ। ਸਰਵੋਤਮ ਅਕਾਲ ਤਖ਼ਤ ਸਾਹਿਬ ਹੈ, ਜਥੇਦਾਰ ਉਸਦਾ ਮੁਖੀ ਹੁੰਦਾ ਹੈ।

ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਬਰਕਰਾਰ ਰੱਖਣਾ ਵੀ ਸਿੱਖ ਸੰਗਤ ਦਾ ਫ਼ਰਜ਼ ਬਣਦਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਭ ਨਾਲੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਕੋਲ ਆਈਆਂ ਸਿੱਖ ਮਰਿਆਦਾ ਦੀ ਉਲੰਘਣਾ ਸੰਬੰਧੀ ਸ਼ਿਕਾਇਤਾਂ ਬਾਰੇ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਨਿਰਪੱਖ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਨ। ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ 1609 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1637 ਤੱਕ 28 ਸਾਲ ਇਸ ਪਵਿਤਰ ਅਹੁਦੇ 'ਤੇ ਰਹੇ। ਦੂਜੇ ਜਥੇਦਾਰ ਭਾਈ ਮਨੀ ਸਿੰਘ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1737 ਤੱਕ 38 ਸਾਲ ਜਥੇਦਾਰ ਰਹੇ। ਉਸ ਪਿੱਛੋਂ ਅਕਾਲ ਤਖ਼ਤ ਸਾਹਿਬ ਦੇ 4 ਜਥੇਦਾਰ- ਦਰਬਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਅਕਾਲੀ ਫੂਲਾ ਸਿੰਘ ਤੱਕ ਸਰਬੱਤ ਖਾਲਸਾ ਨਿਯੁਕਤੀ ਕਰਦੀ ਰਹੀ। ਦੋ ਜਥੇਦਾਰ ਹਨੂਮਾਨ ਸਿੰਘ ਅਤੇ ਪ੍ਰਹਲਾਦ ਸਿੰਘ ਬੁੱਢਾ ਦਲ ਨੇ ਨਿਯੁਕਤ ਕੀਤੇ ਸਨ। ਤੇਜਾ ਸਿੰਘ ਭੁੱਚਰ ਨੂੰ ਸਰਬਤ ਖਾਲਸਾ ਨੇ 1920 ਵਿੱਚ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਤੇ ਉਹ 1921 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਦੀ ਆ ਰਹੀ ਹੈ।

ਸਿੱਖ ਸਿਆਸਤ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ 99 ਸਾਲ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ 1708 ਵਿੱਚ ਆਉਣ ਤੋਂ ਬਾਅਦ ਆਈ। 1980 ਤੱਕ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਮਤਿ ਦੇ ਧਾਰਨੀ ਧਾਰਮਿਕ ਗੁਰਮੁੱਖ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ, ਜਿਹੜੇ ਮੰਨੇ ਪ੍ਰਮੰਨੇ ਅਧਿਆਤਮਕ ਤੌਰ 'ਤੇ ਪ੍ਰਮਾਣਤ ਸਿੱਖ ਧਰਮ ਦੇ ਗਿਆਤਾ ਹੁੰਦੇ ਸਨ। 1980 ਤੱਕ ਉਚ ਕੋਟੀ ਦੇ ਜਥੇਦਾਰ ਹੋਣ ਕਰਕੇ ਕੋਈ ਵਾਦ-ਵਿਵਾਦ ਨਹੀਂ ਹੋਇਆ। ਇੱਥੋਂ ਤੱਕ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਜੋ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵੀ ਸਨ ਅਤੇ ਨਾਲ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਕਿਉਂਕਿ ਅਕਾਲ ਤਖ਼ਤ ਸਾਹਿਬ ਸਾਰੇ ਸਿੱਖ ਜਗਤ ਦਾ ਹੈ, ਨਾ ਕਿ ਕਿਸੇ ਇੱਕ ਪਾਰਟੀ ਦਾ! ਸਿੱਖ ਤਾਂ ਸਾਰੀਆਂ ਪਾਰਟੀਆਂ ਵਿੱਚ ਹਨ।

ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮ ਗ੍ਰੰਥੀ ਸਾਹਿਬਾਨ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੋਣਾ ਕੋਈ ਗ਼ਲਤ ਗੱਲ ਨਹੀਂ, ਪਰ ਉਸਦਾ ਨਿਰਪੱਖ ਰਹਿਣਾ ਅਸੰਭਵ ਹੋ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ ਕਿਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਧੀਨ ਕੰਮ ਕਰਨਾ ਪੈਂਦਾ ਹੈ। ਕਮੇਟੀ ਤੋਂ ਨੌਕਰੀ ਦੀ ਤਨਖ਼ਾਹ ਲੈਂਦਾ ਹੈ, ਕੁਦਰਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਹੇਠ ਰਹੇਗਾ। ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਿਸੇ ਦੇ ਅਧੀਨ ਨਹੀਂ ਹੋ ਸਕਦਾ। ਇਸ ਪਵਿਤਰ ਸਥਾਨ 'ਤੇ ਨਿਯੁਕਤ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਅਧੀਨ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਹੜੇ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਠੋਕੇ ਬਣਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਰਿਹਾ। ਇੱਥੋਂ ਤੱਕ ਕਿ ਕਾਰਜਕਾਰੀ ਭਾਵ ਕੰਮ ਚਲਾਊ ਜਥੇਦਾਰ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਤਾਂ ਜੋ ਉਹ ਆਪਣੇ ਹੁਕਮਰਾਨਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਰਹਿਣ।

1952 ਵਿੱਚ ਪਹਿਲੀ ਵਾਰ ਪ੍ਰਤਾਪ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਕਟਿੰਗ ਅਰਥਾਤ ਕੰਮ ਚਲਾਊ ਜਥੇਦਾਰ ਲਗਾਇਆ। ਉਸਤੋਂ ਬਾਅਦ 10 ਵਾਰੀ ਹੋਰ ਐਕਟਿੰਗ ਜਥੇਦਾਰ ਨਿਯੁਕਤ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਆਪਣੀ ਮਰਜ਼ੀ ਅਨੁਸਾਰ ਚਲਾਉਣ ਲੱਗਾ, ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦੀ ਲਾਈਨ ਟੋਅ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜਥੇਦਾਰ ਟੌਹੜਾ ਨੂੰ ਹੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ। ਫਿਰ ਤਾਂ ਪ੍ਰਧਾਨਗੀ ਦੀ ਪਰਚੀ ਦੇ ਦੋਸ਼ ਅਕਾਲੀ ਦਲ ਦੇ ਪ੍ਰਧਾਨ ਦੀ ਜੇਬ ਵਿੱਚੋਂ ਨਿਕਲਣ ਦੇ ਲੱਗਣ ਲੱਗ ਪਏ। ਅਕਾਲ ਤਖ਼ਤ ਦੇ ਦੋ ਜਥੇਦਾਰ- ਭਾਈ ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਨੂੰ ਵੀ ਸਰਕਾਰੀ ਲਾਈਨ ਟੋਅ ਨਾ ਕਰਨ ਕਰਕੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਜੋ ਫ਼ੈਸਲੇ ਪੰਥਕ ਹਿੱਤਾਂ ਦੇ ਵਿਰੁੱਧ ਕਰਵਾਏ ਗਏ, ਉਨ੍ਹਾਂ ਨੂੰ ਸਿੱਖ ਸੰਗਤ ਜਾਣਦੀ ਹੈ। ਉਨ੍ਹਾਂ ਵਾਦ-ਵਿਵਾਦ ਵਾਲੇ ਫ਼ੈਸਲਿਆਂ ਤੋਂ ਬਾਅਦ ਅਕਾਲੀ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਜਿਸ ਸੋਚ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦਾ ਸੰਕਲਪ ਦਿੱਤਾ ਸੀ, ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਹਿਸ-ਨਹਿਸ ਕਰ ਦਿੱਤਾ।

ਸੋਚਣ ਵਾਲੀ ਗੱਲ ਤਾਂ ਇਹੋ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰ ਨਿਰਪੱਖ ਹੋ ਕੇ ਫ਼ੈਸਲੇ ਕਰ ਸਕਦੇ ਹਨ? ਪੁਰਾਤਨ ਪਰੰਪਰਾ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਸਰਬੱਤ ਖਾਲਸਾ ਦੁਆਰਾ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ, ਪਰ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕਰਨੇ ਹਨ ਤਾਂ ਉਨ੍ਹਾਂ ਲਈ ਕੋਈ ਨਿਯਮ ਬਣਾਉਣੇ ਚਾਹੀਦੇ ਹਨ ਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਨਿਸ਼ਚਿਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਨਹੀਂ ਹੋਣੇ ਚਾਹੀਦੇ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸਹੀ ਨਿਯਮਾਂ ਅਨੁਸਾਰ ਕਰਦੀ ਹੈ ਤਾਂ ਸਮਾਨੰਤਰ ਜਥੇਦਾਰ ਨਿਯੁਕਤ ਨਹੀਂ ਕਰਨੇ ਪੈਣੇ ਸਨ। ਨਿਰਪੱਖ ਫ਼ੈਸਲਿਆਂ ਲਈ ਨਿਰਪੱਖ ਗੁਰਮੁੱਖ ਗੁਰਮਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਜ ਤਖ਼ਤਾਂ ਦੇ ਮੁੱਖ ਗ੍ਰੰਥੀਆਂ/ਜਥੇਦਾਰਾਂ ਨਾਲ ਮੀਟਿੰਗ ਕਰਕੇ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਦੇ ਹਨ, ਪਰ ਬਾਕੀ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੁੰਦੇ ਹਨ। ਸਿੱਖ ਧਰਮ ਦੇ 5 ਤਖ਼ਤ ਹਨ, ਜਿਨ੍ਹਾਂ ਦੇ ਮੁਖੀ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਵਿੱਚ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜਾਰੀ ਕਰਦੇ ਹਨ। ਉਨ੍ਹਾਂ ਦੇ ਫ਼ੈਸਲੇ ਕਦੀ ਵੀ ਨਿਰਪੱਖ ਹੋਣ ਦੀ ਸੰਭਾਵਨਾ ਨਹੀਂ ਹੁੰਦੀ, ਕਿਉਂਕਿ ਉਹ ਸ਼੍ਰੋਮਣੀ ਕਮੇਟੀ ਤੋਂ ਤਨਖ਼ਾਹ ਲੈਂਦੇ ਹਨ।

ਸਿੱਖ ਸੰਗਤ ਨੂੰ ਖ਼ਬਰਾਂ ਤੋਂ ਪਤਾ ਲੱਗਿਆ ਸੀ ਕਿ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਮੁਖੀਆਂ ਨੂੰ ਮੁੱਖ ਮੰਤਰੀ ਦੀ ਕੋਠੀ ਚੰਡੀਗੜ੍ਹ ਬੁਲਾ ਕੇ ਰਾਮ ਰਹੀਮ ਨੂੰ ਮੁਆਫੀ ਦੇਣ ਲਈ ਕਿਹਾ ਗਿਆ ਸੀ। ਉਸ ਦਿਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦੀ ਤੌਹੀਨ ਹੋਈ ਸੀ। ਅਕਾਲ ਤਖ਼ਤ ਸਾਹਿਬ ਵੱਲੋਂ ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਬਿਨਾ ਅਕਾਲ ਤਖ਼ਤ 'ਤੇ ਪੇਸ਼ ਹੋਇਆਂ ਹੀ ਮੁਆਫ਼ੀ ਦੇਣਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਸੀ। ਵੈਸੇ ਰਾਮ ਰਹੀਮ ਤਾਂ ਸਿੱਖ ਹੀ ਨਹੀਂ, ਉਸ ਨੂੰ ਤਖ਼ਤ 'ਤੇ ਬੁਲਾਇਆ ਹੀ ਨਹੀਂ ਜਾ ਸਕਦਾ, ਮੁਆਫ਼ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਕਮਨਾਮੇ/ਗੁਰਮਤੇ ਵਾਪਸ ਲਏ ਹੀ ਨਹੀਂ ਜਾ ਸਕਦੇ। ਇੱਥੇ ਹੀ ਬਸ ਨਹੀਂ, ਅਕਾਲ ਤਖ਼ਤ ਦੇ ਫ਼ੈਸਲੇ ਨੂੰ ਜਾਇਜ਼ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਖ਼ਬਾਰਾਂ ਵਿੱਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇਣਾ ਇਹ ਸਾਬਤ ਕਰਦਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ 'ਤੇ ਹੋਇਆ ਸੀ। ਜੇ ਅਕਾਲ ਤਖ਼ਤ ਦਾ ਇਹ ਫ਼ੈਸਲਾ ਸਹੀ ਸੀ ਤਾਂ ਫਿਰ ਸਿੱਖ ਸੰਗਤਾਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਵਿਰੋਧ ਤੋਂ ਬਾਅਦ ਵਾਪਸ ਕਿਉਂ ਲਿਆ ਗਿਆ?



ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਕਾਲ ਤਖ਼ਤ ਦੀ ਸਥਾਪਨਾ ਦਾ ਭਾਵ ਇਹ ਸੀ ਕਿ ਰਾਜਨੀਤਕ ਤਾਕਤ ਦੀ ਛਤਰਛਾਇਆ ਹੇਠ ਸਿੱਖ ਧਰਮ ਪ੍ਰਫੁਲਤ ਹੋਵੇਗਾ, ਪਰ ਰਾਜਨੀਤਕ ਲੋਕਾਂ ਵੱਲੋਂ ਅਜਿਹੇ ਫ਼ੈਸਲੇ ਗੁਰੂ ਹਰਿਗੋਬਿੰਦ ਸਾਹਿਬ ਦੀ ਭਾਵਨਾ ਦੇ ਉਲਟ ਕਰਕੇ ਉਹ ਲੋਕ ਕੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਰਾਜਨੀਤਕ ਲੋਕ ਸਿੱਖ ਧਰਮ ਦੀਆਂ ਪਰੰਪਰਾਵਾਂ ਨੂੰ ਟਿੱਚ ਸਮਝਦੇ ਹਨ? ਮਾਸਟਰ ਤਾਰਾ ਸਿੰਘ ਦੇ ਸਮੇਂ ਤੱਕ ਸਿਆਸਤਦਾਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਦੇ ਕੰਮ ਵਿੱਚ ਦਖ਼ਅੰਦਾਜ਼ੀ ਨਹੀਂ ਹੋਈ। ਇੱਕ ਕਿਸਮ ਨਾਲ ਰਾਜਨੀਤਕ ਲੋਕ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। ਸਾਰੀ ਵਿਚਾਰ-ਚਰਚਾ ਤੋਂ ਬਾਅਦ ਇਹ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਸੋਚ ਤੇ ਕਾਰਜਸ਼ੈਲੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਬਰਕਰਾਰ ਰੱਖਣ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦੀ ਪ੍ਰਣਾਲੀ ਬਣਾਉਣੀ ਚਾਹੀਦੀ ਹੈ। ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਤੇ ਉਹ ਸਮੁੱਚੀ ਸਿੱਖ ਸੰਗਤ ਨੂੰ ਜਵਾਬਦੇਹ ਹੋਵੇਗਾ, ਨਾ ਕਿ ਸਿਆਸਤਦਾਨਾ ਨੂੰ।

## ਬ੍ਰਿਟੇਨ ਵਿੱਚ ਦੰਗਿਆਂ ਲਈ ਸੋਸ਼ਲ ਮੀਡੀਆ ਜ਼ਿੰਮੇਵਾਰ !

ਹੋਏ ਸਨ, ਜਿਨ੍ਹਾਂ ਵਿੱਚ 21 ਪੁਲਿਸ ਮੁਲਾਜ਼ਮ ਵੀ ਸ਼ਾਮਲ ਸਨ। ਇਸ ਹਿੰਸਾ ਵਿੱਚ 300 ਲੋਕ ਗ੍ਰਿਫ਼ਤਾਰ ਹੋਏ ਸਨ ਅਤੇ ਇੱਕ ਅਧਿਆਪਕ ਦੀ ਮੌਤ ਹੋ ਗਈ ਸੀ।

ਘੱਟਗਿਣਤੀਆਂ ਦੇ ਵਪਾਰਕ ਅਦਾਰੇ ਲੁੱਟੇ ਗਏ ਅਤੇ ਕਾਰਾਂ ਤੇ ਇਮਾਰਤਾਂ ਨੂੰ ਅੱਗ ਲਾਈ ਗਈ ਸੀ। ਮੁਸਲਮਾਨਾਂ ਨੂੰ ਮੁੱਖ ਤੌਰ ਉੱਤੇ ਨਿਸ਼ਾਨਾ ਬਣਾਇਆ ਗਿਆ ਸੀ। ਇਸਲਾਮੋਫੋਬਿਕ ਨਾਅਰੇ ਲਾਏ ਗਏ ਅਤੇ ਬਰਨਲੀ ਵਿੱਚ ਮੁਸਲਮਾਨਾਂ ਦੀਆਂ ਕਬਰਾਂ ਤੋੜੀਆਂ ਗਈਆਂ। ਮੌਜੂਦਾ ਹਾਲਾਤ ਉਤੇ ਮੁੰਗਰਾ ਡੂੰਘੀ ਬੇਚੈਨੀ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, "ਇਨ੍ਹਾਂ ਦੰਗਿਆਂ ਨੇ ਸਾਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਅਸਲ ਵਿੱਚ ਬਹੁਤਾ ਕੁਝ ਨਹੀਂ ਬਦਲਿਆ ਹੈ, ਇਹ ਨਸਲਵਾਦ ਅਜੇ ਵੀ ਜ਼ਿੰਦਾ ਹੈ।" ਮੁੰਗਰਾ ਬਜ਼ੁਰਗ ਏਸ਼ੀਆਈ ਹਨ। ਉਹ ਕੀਨੀਆ ਤੋਂ 50 ਸਾਲ ਪਹਿਲਾਂ ਇੱਥੇ ਆਏ ਸਨ, ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਲੰਡਨ ਵਿੱਚ ਆਪਣੇ ਸ਼ੁਰੂਆਤੀ ਦਿਨਾਂ ਦੀ ਯਾਦ ਆ ਗਈ। ਵਧਦੀ ਹਿੰਸਾ ਕਾਰਨ ਲੋਕ ਕਹਿੰਦੇ ਹਨ, ਅਜਿਹਾ ਹੀ ਅਸੀਂ ਉਨ੍ਹਾਂ ਦਿਨਾਂ 'ਚ ਮਹਿਸੂਸ ਕਰਦੇ ਸੀ। ਡਰ ਤੇ ਨਸਲਵਾਦ ਦਾ ਮਾਹੌਲ ਬਹੁਤ ਗਹਿਰਾ ਸੀ ਅਤੇ ਇਸ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਸੀ। ਗਲੀਆਂ ਵਿੱਚ ਤੁਰਦਿਆਂ ਮਾੜੀ ਸ਼ਬਦਾਵਲੀ ਦੀ ਵਰਤੋਂ ਬਹੁਤ ਆਮ ਸੀ। ਲੋਕਾਂ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਉਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਕਿਉਂਕਿ ਉਹ ਵੱਖਰੇ ਦਿਖਦੇ ਸਨ, ਉਹ ਸਿਰਫ਼ 1980ਵਿਆਂ ਦੇ ਬ੍ਰਿਟੇਨ ਵਿੱਚ ਇੱਕ ਚੰਗੀ ਜ਼ਿੰਦਗੀ ਬਤੀਤ ਕਰਨੀ ਚਾਹੁੰਦੇ ਸਨ।

**DIABETIC LIMB SALVAGE AND MAJOR AMPUTATION PREVENTION**
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

**He has over 30 years of surgical experience**
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

**847-310-1600**

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

# ਰੋਜ਼ਮੱਰ੍ਹਾ ਦੀ ਜ਼ਿੰਦਗੀ ਅਤੇ ਕੈਥਾਰਸਿਸ ਦੀ ਲੋੜ

## ਸੱਚੋ-ਸੱਚ

**ਡਾ. ਅਰਵਿੰਦਰ ਸਿੰਘ ਭੱਲਾ***
**ਫੋਨ: +91-9463062603**



***ਇਹ ਵੀ ਆਪਣੇ ਆਪ ਵਿੱਚ ਕਿੰਨਾ ਅਜੀਬ ਜਿਹਾ ਵਰਤਾਰਾ ਹੁੰਦਾ ਹੈ ਕਿ ਕਦੇ ਮਨੁੱਖ ਸਾਰੀ ਲੋਕਾਈ ਤੋਂ ਆਪਣਾ ਸੁੱਖ-ਦੁੱਖ ਛੁਪਾ-ਛੁਪਾ ਕੇ ਰੱਖਣਾ ਚਾਹੁੰਦਾ ਹੈ, ਕਦੇ ਉਹ ਉੱਚੀ-ਉੱਚੀ ਹੱਸ ਕੇ ਦੂਜਿਆਂ ਨਾਲ ਆਪਣੀ ਖੁਸ਼ੀ ਸਾਂਝੀ ਕਰਨਾ ਚਾਹੁੰਦਾ ਹੈ ਅਤੇ ਕਦੇ ਉਹ ਭੁੱਬਾਂ ਮਾਰ-ਮਾਰ ਕੇ ਆਪਣੇ ਦੁਖੜੇ ਦੂਸਰਿਆਂ ਅੱਗੇ ਬਿਆਨ ਕਰਨਾ ਚਾਹੁੰਦਾ ਹੈ। ਦਰਅਸਲ ਕੈਥਾਰਸਿਸ ਮਨੁੱਖ ਨੂੰ ਹਰ ਉਸ ਅਸਹਿ ਅਤੇ ਅਕਹਿ ਮਾਨਸਿਕ ਪੀੜਾ ਤੋਂ ਨਿਜ਼ਾਤ ਦਿਵਾਉਣ ਦੇ ਸਮਰੱਥ ਹੁੰਦਾ ਹੈ, ਜੋ ਪੀੜਾ ਕਿਤੇ ਨਾ ਕਿਤੇ ਉਸ ਨੂੰ ਧੁਰ ਅੰਦਰ ਤੀਕ ਸਿਉਂਕ ਦੀ ਤਰ੍ਹਾਂ ਖੋਖਲਾ ਕਰ ਰਹੀ ਹੁੰਦੀ ਹੈ। ਕੈਥਾਰਸਿਸ ਮਨੁੱਖ ਨੂੰ ਸਹਿਜ ਤੇ ਸਕੂਨ ਦੇ ਸਾਹਿਲ ਤੱਕ ਪਹੁੰਚਾਉਣ ਵਿੱਚ ਬੇਹੱਦ ਕਾਰਗਰ ਭੂਮਿਕਾ ਨਿਭਾਉਂਦਾ ਹੈ।***

ਮਨੁੱਖ ਨੂੰ ਜਿਵੇਂ-ਜਿਵੇਂ ਜ਼ਿੰਦਗੀ ਨੂੰ ਕਰੀਬ ਤੋਂ ਸਮਝਣ ਦਾ ਮੌਕਾ ਮਿਲਦਾ ਹੈ, ਉਸ ਨੂੰ ਜ਼ਿੰਦਗੀ ਦੀ ਬੁਝਾਰਤ ਪਹਿਲਾਂ ਨਾਲੋਂ ਹੋਰ ਵੀ ਉਲਝਦੀ ਹੋਈ ਮਹਿਸੂਸ ਹੁੰਦੀ ਹੈ। ਕਿਤਾਬੀ ਗਿਆਨ ਦੇ ਤਮਾਮ ਸਬਕ ਦੁਨਿਆਵੀ ਤਜ਼ਰਬਿਆਂ, ਤਲਖ਼ ਹਕੀਕਤਾਂ ਅਤੇ ਨਿੱਤ ਰੂਪ ਵਟਾਉਂਦੀ ਜ਼ਿੰਦਗੀ ਦੇ ਸਾਹਮਣੇ ਅਕਸਰ ਤਰਕਹੀਣ, ਅਪ੍ਰਸੰਗਿਕ ਅਤੇ ਖੋਖਲੇ ਜਿਹੇ ਜਾਪਦੇ ਹਨ। ਜ਼ਿੰਦਗੀ ਦੇ ਸਫ਼ਰ ਦੌਰਾਨ ਅਕਸਰ ਭਾਂਤ-ਭਾਂਤ ਦੇ ਲੋਕਾਂ ਨਾਲ ਮਿਲਦਿਆਂ-ਜੁਲਦਿਆਂ ਹਰ ਇਨਸਾਨ ਕੋਲੋਂ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਇਸ ਸੱਚਾਈ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਹੈ ਕਿ ਜ਼ਿੰਦਗੀ ਦੇ ਵੰਨ-ਸੁਵੰਨੇ ਤਜਰਬੇ, ਬਹੁਪਰਤੀ ਵਿਰੋਧਾਭਾਸ ਅਤੇ ਨਾਕਾਬਲੇ ਬਰਦਾਸ਼ਤ ਸੱਚਾਈਆਂ ਸਾਨੂੰ ਜ਼ਿੰਦਗੀ ਦੇ ਸਭ ਤੋਂ ਬੇਸ਼ਕੀਮਤੀ ਸਬਕ ਸਿਖਾਉਣ ਵਿੱਚ ਮਰਕਜ਼ੀ ਕਿਰਦਾਰ ਨਿਭਾਉਂਦੀਆਂ ਹਨ। ਹਰ ਚੰਗਾ-ਮਾੜਾ ਵਰਤਾਰਾ ਅਤੇ ਹਰ ਅਜ਼ਮਾਇਸ਼ ਦਰਅਸਲ ਸਾਨੂੰ ਜੀਵਨ ਦੀ ਹਰ ਚੁਣੌਤੀ ਦਾ ਸਾਹਮਣਾ ਕਰਨ ਵਿੱਚ ਸਹਾਈ ਹੁੰਦੀ ਹੈ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਵਧੇਰੇ ਕਰਕੇ ਲੋਕ ਅਕਸਰ ਆਪਣੇ ਅਤੀਤ ਨੂੰ ਯਾਦ ਕਰਦਿਆਂ ਆਪਣੇ ਵਰਤਮਾਨ ਨੂੰ ਕੋਸਦੇ ਹੋਏ ਆਪਣੇ ਆਉਣ ਵਾਲੇ ਕੱਲ੍ਹ ਨਾਲ ਵਾਬਸਤਾ ਸੁਪਨੇ ਬੁਣਦਿਆਂ ਆਪਣੇ ਭਵਿੱਖ ਨੂੰ ਲੈ ਕੇ ਅਨੇਕਾਂ ਵਸਵਸਿਆਂ, ਅੰਦੇਸ਼ਿਆਂ ਅਤੇ ਚਿੰਤਾਵਾਂ ਵਿੱਚ ਘਿਰੇ ਰਹਿੰਦੇ ਹਨ।

ਸ਼ਾਇਦ ਇਸ ਨੂੰ ਇਨਸਾਨੀ ਫ਼ਿਤਰਤ ਹੀ ਕਿਹਾ ਜਾ ਸਕਦਾ ਹੈ ਕਿ ਇਨਸਾਨ ਆਪਣੇ ਚੰਚਲ ਅਤੇ ਵਿਚਲਿਤ ਮਨ ਕਰਕੇ ਹਮੇਸ਼ਾ ਖੁਦ ਨੂੰ ਅਸ਼ਾਂਤ, ਅਸੁਰੱਖਿਅਤ ਅਤੇ ਖੌਫ਼ਜ਼ਦਾ ਮਹਿਸੂਸ ਕਰਨ ਦਾ ਆਦੀ ਹੋ ਚੁੱਕਾ ਹੈ। ਆਪਣੇ ਹੱਥੀਂ ਆਪਣੇ ਸਕੂਨ ਨੂੰ ਬੇਫ਼ਜ਼ੂਲ ਦੀਆਂ ਸੋਚਾਂ ਅਤੇ ਫਿਕਰਾਂ ਦੀ ਭੱਠੀ ਵਿੱਚ ਝੋਕ ਕੇ ਮਨੁੱਖ ਆਪਣੇ ਸੋਹਣੇ ਰੱਬ ਅਤੇ ਆਪਣੇ ਨਸੀਬਾਂ ਨੂੰ ਦੋਸ਼ ਦਿੰਦਾ ਹੈ। ਜਦੋਂ ਕਦੇ ਇਨਸਾਨ ਦੇ ਸੁਪਨੇ ਅੱਧਵਾਟੇ ਚਕਨਾਚੂਰ ਹੋ ਜਾਂਦੇ ਹਨ, ਜਦੋਂ ਕਦੇ ਉਸ ਦੀਆਂ ਹਸਰਤਾਂ ਅਧੂਰੀਆਂ ਰਹਿ ਜਾਂਦੀਆਂ ਹਨ, ਜਦੋਂ ਕਦੇ ਉਸ ਦੇ ਖ਼ਿਆਲਾਂ ਨੂੰ ਹਰਫ਼ਾਂ ਅਤੇ ਅਲਫਾਜ਼ਾਂ ਦੇ ਲਿਬਾਸ ਨਸੀਬ ਨਹੀਂ ਹੁੰਦੇ ਹਨ, ਜਦੋਂ ਕਦੇ ਉਸ ਦੀ ਸੋਚ ਅਮਲ ਦੀ ਦਹਲੀਜ਼ ਉਤੇ ਆ ਕੇ ਖੜੋ ਜਾਂਦੀ ਹੈ ਅਤੇ ਜਦੋਂ ਕਦੇ ਉਸ ਦੇ ਸ਼ਬਦ ਇਬਾਰਤ ਵਿੱਚ ਢਲਣ ਤੋਂ ਮੁਨਕਰ ਹੋ ਜਾਂਦੇ ਹਨ ਤਾਂ ਉਹ ਖੁਦ ਨੂੰ ਮਾਯੂਸ, ਲਾਚਾਰ ਅਤੇ ਬਦਕਿਸਮਤ ਸਮਝਣਾ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਨੂੰ ਸਵੈ-ਪ੍ਰਗਟਾਵੇ ਲਈ ਵੀ ਜਦੋਜਹਿਦ ਕਰਨੀ ਪੈਂਦੀ ਹੈ। ਜ਼ਿਹਨੀ ਕਸ਼ਮਕਸ਼, ਮਾਨਸਿਕ ਤਣਾਓ ਅਤੇ ਆਪਣੀ ਨਫ਼ਸ ਉੱਤੇ ਕਾਬੂ ਨਾ ਰੱਖ ਸਕਣ ਦੀ ਵਜ੍ਹਾ ਨਾਲ ਮਨੁੱਖ ਆਪਣੀਆਂ ਭਾਵਨਾਵਾਂ ਦਾ ਉਚਿਤ ਪ੍ਰਗਟਾਵਾ ਨਹੀਂ ਕਰ ਪਾਉਂਦਾ ਹੈ। ਭਾਵਨਾਤਮਕ ਤੌਰ ਉੱਪਰ ਇਕੱਲਤਾ ਦਾ ਸ਼ਿਕਾਰ ਮਨੁੱਖ ਆਪਣੇ ਆਪ ਨੂੰ ਲੋਕਾਂ ਦੀ ਭੀੜ ਵਿੱਚ ਵੀ ਤਨਹਾ ਮਹਿਸੂਸ ਕਰਦਾ ਹੈ। ਅਸਲ ਵਿੱਚ ਮਨੁੱਖ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਉਸ ਨੂੰ ਉਨ੍ਹਾਂ ਲੋਕਾਂ ਦੀ ਸੰਗਤ ਮਾਨਣ ਦਾ ਮੌਕਾ ਮਿਲੇ, ਜਿਨ੍ਹਾਂ ਦੀ ਸੁਹਬਤ ਵਿੱਚ ਖੁਦ ਨੂੰ ਪੁਰਸਕੂਨ, ਖੁਸ਼ ਅਤੇ ਮੁਤਮੀਨ ਮਹਿਸੂਸ ਕਰੇ।

ਆਸ-ਪਾਸ ਦੇ ਸ਼ੋਰੋਗੁਲ ਅਤੇ ਰੋਜ਼ਮੱਰ੍ਹਾ ਦੀ ਦੌੜ-ਭੱਜ ਉੱਪਰ ਗ਼ੌਰ ਕਰਦਿਆਂ ਆਮ ਤੌਰ ਉੱਪਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਰਫ਼ਤਾ-ਰਫ਼ਤਾ ਮਨੁੱਖ ਅੰਦਰ ਖਾਮੋਸ਼ੀ ਜਾਂ ਨਕਾਰਾਤਮਕਤਾ ਪੈਰ ਪਸਾਰਦੀ ਹੈ ਤਾਂ ਇਨਸਾਨ ਨੂੰ ਇੱਕ ਅਜੀਬ ਜਿਹੀ ਘੁਟਣ ਜਾਂ ਬੇਜਾਰੀ ਦਾ ਅਹਿਸਾਸ ਹੋਣ ਲੱਗਦਾ ਹੈ। ਅਜਿਹੀ ਕੈਫ਼ੀਅਤ ਮਨੁੱਖ ਲਈ ਬੇਹੱਦ ਤਕਲੀਫ਼ਦੇਹ ਹੁੰਦੀ ਹੈ। ਇਸ ਤਰ੍ਹਾਂ ਦੀ ਮਨੋਦਸ਼ਾ ਦੇ



ਪ੍ਰਭਾਵ ਹੇਠ ਉਹ ਕਿਸੇ ਅਜਿਹੇ ਵਿਅਕਤੀ ਨੂੰ ਆਪਣਾ ਦੋਸਤ ਜਾਂ ਹਮਰਾਜ਼ ਬਣਾਉਣਾ ਲੋਚਦਾ ਹੈ, ਜਿਸ ਦੇ ਮੋਢੇ ਉੱਪਰ ਸਿਰ ਰੱਖ ਕੇ ਉਹ ਬਿਨਾ ਕਿਸੇ ਖ਼ੌਫ਼ ਜਾਂ ਝਿਜਕ ਦੇ ਕੈਥਾਰਸਿਸ (ਵਿਰੇਚਨ) ਕਰ ਸਕੇ। ਇਹ ਵੀ ਆਪਣੇ ਆਪ ਵਿੱਚ ਕਿੰਨਾ ਅਜੀਬ ਜਿਹਾ ਵਰਤਾਰਾ ਹੁੰਦਾ ਹੈ ਕਿ ਕਦੇ ਮਨੁੱਖ ਸਾਰੀ ਲੋਕਾਈ ਤੋਂ ਆਪਣਾ ਸੁੱਖ-ਦੁੱਖ ਛੁਪਾ-ਛੁਪਾ ਕੇ ਰੱਖਣਾ ਚਾਹੁੰਦਾ ਹੈ, ਕਦੇ ਉਹ ਉੱਚੀ-ਉੱਚੀ ਹੱਸ ਕੇ ਦੂਜਿਆਂ ਨਾਲ ਆਪਣੀ ਖੁਸ਼ੀ ਸਾਂਝੀ ਕਰਨਾ ਚਾਹੁੰਦਾ ਹੈ ਅਤੇ ਕਦੇ ਉਹ ਭੁੱਬਾਂ ਮਾਰ-ਮਾਰ ਕੇ ਆਪਣੇ ਦੁਖੜੇ ਦੂਸਰਿਆਂ ਅੱਗੇ ਬਿਆਨ ਕਰਨਾ ਚਾਹੁੰਦਾ ਹੈ।

ਦਰਅਸਲ ਕੈਥਾਰਸਿਸ ਮਨੁੱਖ ਨੂੰ ਹਰ ਉਸ ਅਸਹਿ ਅਤੇ ਅਕਹਿ ਮਾਨਸਿਕ ਪੀੜਾ ਤੋਂ ਨਿਜ਼ਾਤ ਦਿਵਾਉਣ ਦੇ ਸਮਰੱਥ ਹੁੰਦਾ ਹੈ, ਜੋ ਪੀੜਾ ਕਿਤੇ ਨਾ ਕਿਤੇ ਉਸ ਨੂੰ ਧੁਰ ਅੰਦਰ ਤੀਕ ਸਿਉਂਕ ਦੀ ਤਰ੍ਹਾਂ ਖੋਖਲਾ ਕਰ ਰਹੀ ਹੁੰਦੀ ਹੈ। ਕੈਥਾਰਸਿਸ ਮਨੁੱਖ ਨੂੰ ਸਹਿਜ ਤੇ ਸਕੂਨ ਦੇ ਸਾਹਿਲ ਤੱਕ ਪਹੁੰਚਾਉਣ ਵਿੱਚ ਬੇਹੱਦ ਕਾਰਗਰ ਭੂਮਿਕਾ ਨਿਭਾਉਂਦਾ ਹੈ। ਕੈਥਾਰਸਿਸ ਤੋਂ ਬਿਨਾ ਮਨੁੱਖ ਅੰਦਰ ਨਾ ਤਾਂ ਜਿਊਣ ਦਾ ਚਾਅ ਪੈਦਾ ਹੁੰਦਾ ਹੈ, ਨਾ ਉਸ ਨੂੰ ਜ਼ਿਹਨੀ ਸਕੂਨ ਮਿਲਦਾ ਹੈ ਅਤੇ ਨਾ ਹੀ ਕਦੇ ਮਨੁੱਖ ਅੰਦਰ ਖੇੜਾ ਜਾਂ ਵਿਸਮਾਦ ਅੰਗੜਾਈ ਲੈਂਦਾ ਹੈ।

ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਹਰੇਕ ਪਲ ਹਰ ਸ਼ਖ਼ਸ ਅੰਦਰ ਖ਼ਿਆਲਾਂ ਅਤੇ ਭਾਵਨਾਵਾਂ ਦਾ ਇੱਕ ਸ਼ੂਕਦਾ ਹੋਇਆ ਦਰਿਆ ਵਹਿੰਦਾ ਹੈ। ਜੇਕਰ ਗ਼ੌਰ ਕੀਤਾ ਜਾਵੇ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਖ਼ਿਆਲਾਂ ਦੀ ਉਧੇੜ-ਬੁਣ ਮਨੁੱਖੀ ਜੀਵਨ ਦਾ ਅਨਿੱਖੜਵਾਂ ਹਿੱਸਾ ਹੁੰਦੀ ਹੈ। ਆਪਣੀਆਂ ਮਨੋਭਾਵਨਾਵਾਂ ਦਾ ਇਜ਼ਹਾਰ ਕਰਨਾ ਮਨੁੱਖੀ ਫ਼ਿਤਰਤ ਹੈ, ਲੇਕਿਨ ਜਿਥੇ ਇੱਕ ਤਰਫ਼ ਆਪਣੇ ਵਿਚਾਰਾਂ ਨੂੰ ਸਰਲ, ਸਹਿਜ ਅਤੇ ਸੁਖਾਲੇ ਢੰਗ ਨਾਲ ਵਿਅਕਤ ਕਰਨਾ ਹਰੇਕ ਮਨੁੱਖ ਲਈ ਕਦੇ ਵੀ ਇੰਨਾ ਆਸਾਨ ਨਹੀਂ ਹੁੰਦਾ ਹੈ, ਉਥੇ ਦੂਜੀ ਤਰਫ਼ ਕੈਥਾਰਸਿਸ ਮਨੁੱਖ ਦੀ ਸ਼ਖ਼ਸੀਅਤ ਨੂੰ ਸੰਵਾਰਨ, ਨਿਖ਼ਾਰਨ, ਤਰਾਸ਼ਣ ਅਤੇ ਸੇਧ ਦੇਣ ਵਿੱਚ ਮਰਕਜ਼ੀ ਕਿਰਦਾਰ ਨਿਭਾਉਂਦਾ ਹੈ। ਜਦੋਂ ਕਦੇ ਮਨੁੱਖ ਆਪਣੀਆਂ ਭਾਵਨਾਵਾਂ ਅਤੇ ਮਨੋਸਥਿਤੀ ਦਾ ਪ੍ਰਗਟਾਵਾ ਕਰਨ ਵਿੱਚ ਦਿੱਕਤ ਮਹਿਸੂਸ ਕਰਦਾ ਹੈ ਤਾਂ ਉਸ ਦੇ ਜੀਵਨ ਵਿੱਚ ਇੱਕ ਖ਼ਲਾਅ, ਤਣਾਅ ਜਾਂ ਅਸੰਤੁਲਨ ਸੁਭਾਵਿਕ ਰੂਪ ਵਿੱਚ ਪੈਦਾ ਹੁੰਦਾ ਹੈ। ਕੈਥਾਰਸਿਸ ਦੀ ਅਣਹੋਂਦ ਵਿੱਚ ਮਨੁੱਖ ਦਾ ਸੁਭਾਅ, ਕਿਸੇ ਵਰਤਾਰੇ ਪ੍ਰਤੀ ਉਸ ਦਾ ਰੱਦੇਅਮਲ ਅਤੇ ਆਪਣੇ ਆਸ-ਪਾਸ ਦੇ ਲੋਕਾਂ ਪ੍ਰਤੀ ਉਸ ਦੇ ਨਜ਼ਰੀਏ ਵਿੱਚ ਲਾਜ਼ਮੀ ਤੌਰ ਉੱਪਰ ਵਿਕਾਰ ਪੈਦਾ ਹੁੰਦਾ ਹੈ। ਜਦੋਂ ਤੱਕ ਮਨੁੱਖ ਆਪਣੇ ਚੰਚਲ ਮਨ ਦੀ ਉਥਲ-ਪੁਥਲ ਅਤੇ ਮਾਨਸਿਕ ਉਲਝਣਾਂ ਦੇ ਚੱਕਰਵਿਊ ਵਿੱਚ ਉਲਝਿਆ ਰਹਿੰਦਾ ਹੈ, ਜਦੋਂ ਤੱਕ ਉਹ ਅੰਦਰੂਨੀ ਜਾਂ ਬਾਹਰੀ ਕਾਰਨਾਂ ਕਰਕੇ ਆਪਣੀਆਂ ਭਾਵਨਾਵਾਂ, ਵਿਚਾਰਾਂ ਅਤੇ ਖਾਹਿਸ਼ਾਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਪ੍ਰਗਟ ਨਹੀਂ ਕਰ ਪਾਉਂਦਾ ਹੈ ਅਤੇ ਜਦੋਂ ਤੱਕ ਉਹ ਆਪਣੇ ਸੁੱਖ-ਦੁੱਖ ਨੂੰ ਦੂਸਰਿਆਂ ਨਾਲ ਸਹਿਜ ਰੂਪ ਵਿੱਚ ਵੰਡਾਉਣ ਵਿੱਚ ਕਿਸੇ ਰੁਕਾਵਟ ਦਾ ਸਾਹਮਣਾ ਕਰਦਾ ਹੈ ਤਾਂ ਸੱਚ ਜਾਣਿਓ! ਤਦ ਤੱਕ ਮਨੁੱਖ ਆਪਣੇ ਧੁਰ ਅੰਦਰ ਕਿਸੇ ਨਾ ਕਿਸੇ ਰੂਪ ਵਿੱਚ ਛਟਪਟਾਉਂਦਾ ਰਹਿੰਦਾ ਹੈ। ਲਿਹਾਜ਼ਾ ਕਦੇ ਖੁਸ਼ਗਵਾਰ ਤਜਰਬੇ ਵਿੱਚੋਂ ਗੁਜ਼ਰਦਿਆਂ, ਕਦੇ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦਿਆਂ, ਕਦੇ ਮਰਿਆਦਾਵਾਂ ਦੀਆਂ ਸੀਮਾਵਾਂ ਵਿੱਚ ਰਹਿੰਦਿਆਂ ਜਾਂ ਕਦੇ ਬੇਪ੍ਰਵਾਹੀ ਦੇ ਆਲਮ ਵਿੱਚ, ਕਦੇ ਸਹਿਜ ਸੁਭਾਅ ਜਾਂ ਫਿਰ ਕਦੇ ਪਹਿਲਾਂ ਤੋਂ ਮਿਥ ਕੇ ਇਨਸਾਨ ਲਈ ਕਿਸੇ ਵੀ ਮਾਧਿਅਮ ਰਾਹੀਂ ਆਪਣੇ ਖਿਆਲਾਂ ਦਾ ਪ੍ਰਗਟਾਵਾ ਹਰ ਸੂਰਤ ਵਿੱਚ ਆਵੱਸ਼ਕ ਹੈ। ਆਪਣੇ ਆਲੇ-ਦੁਆਲੇ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ, ਧਾਰਮਿਕ ਅਤੇ ਸਾਹਿਤਕ ਮੁੱਦਿਆਂ ਤੇ ਸਰੋਕਾਰਾਂ ਬਾਰੇ ਕੈਥਾਰਸਿਸ ਕੇਵਲ ਇੱਕ ਮਨੁੱਖੀ ਅਮਲ ਜਾਂ ਵਰਤਾਰਾ ਹੀ ਨਹੀਂ, ਸਗੋਂ ਮਨੁੱਖ ਦੀ ਇੱਕ ਬੁਨਿਆਦੀ ਜ਼ਰੂਰਤ ਵੀ ਹੈ। ਇਹ ਇੱਕ ਇਤਿਹਾਸਕ ਤੱਥ ਹੈ ਕਿ ਵਿਚਾਰਾਂ ਦੇ ਪ੍ਰਗਟਾਵੇ ਅਤੇ ਵਹਾਅ ਦੇ ਰਸਤੇ ਵਿੱਚ ਕਿਸੇ ਤਰ੍ਹਾਂ ਦਾ ਵੀ ਵਿਘਨ ਮਨੁੱਖ, ਮੁਆਸ਼ਰੇ ਅਤੇ ਸਮੁੱਚੇ ਨਿਜ਼ਾਮ ਲਈ ਹਮੇਸ਼ਾ ਬੇਹੱਦ ਘਾਤਕ ਸਿੱਧ ਹੁੰਦਾ ਹੈ।

ਬੁਨਿਆਦੀ ਤੌਰ ਉੱਪਰ ਹਰੇਕ ਮਨੁੱਖ ਕਿਤੇ ਨਾ ਕਿਤੇ ਇਹ ਚਾਹੁੰਦਾ ਹੈ ਕਿ ਕੋਈ ਉਸ ਨੂੰ ਸੁਣੇ, ਕੋਈ ਉਸ ਨੂੰ ਸਮਝੇ ਅਤੇ ਕੋਈ ਉਸ ਦੇ ਸੁੱਖ-ਦੁੱਖ ਵਿੱਚ ਸ਼ਰੀਕ ਹੋਵੇ। ਹਰੇਕ ਮਨੁੱਖ ਇਹ ਵੀ ਚਾਹੁੰਦਾ ਹੈ ਕਿ ਕਾਸ਼! ਜ਼ਿੰਦਗੀ ਵਿੱਚ ਉਸ ਨੂੰ ਕਿਸੇ ਅਜਿਹੇ ਮਨੁੱਖ ਦਾ ਸਾਥ ਨਸੀਬ ਹੋਵੇ, ਜਿਸ ਦੇ ਸੰਗ ਉਹ ਬੇਤਕੁਲਫ ਹੋ ਕੇ ਵਿਚਰ ਸਕੇ। ਜਦੋਂ ਅਸੀਂ ਦੂਸਰਿਆਂ ਨਾਲ ਝਿਜਕਦੇ ਹੋਏ, ਸ਼ਰਮਾਉਂਦੇ ਹੋਏ ਜਾਂ ਕੁਝ ਦੂਰੀ ਬਣਾ ਕੇ ਵਿਚਰਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਮਖੌਟੇ ਪਹਿਨਣੇ ਪੈਂਦੇ ਹਨ। ਸਾਨੂੰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਨਾਲ ਸਾਡੇ ਮਸਨੂਈ ਅਤੇ ਵਕਤੀ ਤੌਰ ਉੱਪਰ ਸੰਬੰਧ ਉਸ ਸਮੇਂ ਬਣਦੇ ਹਨ, ਜਦੋਂ ਅਸੀਂ ਉਨ੍ਹਾਂ ਨਾਲ ਖੋਖਲੇ ਜਿਹੇ ਜਜ਼ਬਾਤ ਸਹਿਤ ਕੇਵਲ ਸਤਹੀ ਪੱਧਰ ਉੱਪਰ ਵਿਚਰਦੇ ਹਾਂ। ਕੁਰਬਤ, ਰਫ਼ਾਕਤ ਅਤੇ ਜਜ਼ਬਾਤ ਦੇ ਰਿਸ਼ਤੇ ਕੇਵਲ ਉਸ ਸਮੇਂ ਹੀ ਹੋਂਦ ਵਿੱਚ ਆਉਂਦੇ ਹਨ, ਜਦੋਂ ਅਸੀਂ ਜ਼ਿਹਨੀ ਤੌਰ ਉੱਪਰ ਕਿਸੇ ਨਾਲ ਦਿਲ ਦੇ ਭੇਦ ਸਾਂਝੇ ਕਰਨ ਲਈ ਸਹਿਜ ਰੂਪ ਵਿੱਚ ਸੱਚੇ ਦਿਲੋਂ ਤਿਆਰ ਹੋਈਏ। ਬਿਨਾ ਕਿਸੇ ਡਰ, ਵਸਵਸੇ ਜਾਂ ਝਿਜਕ ਦੇ ਦੂਜਿਆਂ ਨਾਲ ਵਿਚਰਦੇ ਹੋਏ ਜਦੋਂ ਸਾਨੂੰ ਆਪਣੇ ਧੁਰ ਅੰਦਰੋਂ ਇਹ ਆਵਾਜ਼ ਆਏ ਕਿ ਸਾਹਮਣੇ ਵਾਲਾ ਬੇਗਾਨਾ ਜਾਂ ਪਰਾਇਆ ਨਹੀਂ, ਸਗੋਂ ਮੇਰਾ ਆਪਣਾ ਹੈ ਤਾਂ ਇਹ ਵੀ ਸੱਚ ਜਾਣਿਓ! ਉਸ ਸਮੇਂ ਤੁਹਾਡੇ ਵਲੋਂ ਕੀਤਾ ਗਿਆ ਕੈਥਾਰਸਿਸ ਤੁਹਾਨੂੰ ਮਾਨਸਿਕ ਤੌਰ ਉੱਪਰ ਭਾਰ ਮੁਕਤ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੀ ਅਹਿਮੀਅਤ ਦਾ ਅਹਿਸਾਸ ਕਰਵਾਉਣ ਦੇ ਨਾਲ-ਨਾਲ ਮਨੁੱਖੀ ਰਿਸ਼ਤਿਆਂ ਦੇ ਨਿੱਘ ਨੂੰ ਮਾਨਣ ਦਾ ਸੁਨਹਿਰੀ ਮੌਕਾ ਪ੍ਰਦਾਨ ਕਰੇਗਾ।

---

***(*ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।)***

# ਕੈਥਾਰਸਿਸ: 'ਵਿਰੇਚਨ'

**ਡਾ. ਮਹਿੰਦਰ ਪਾਲ ਕੋਹਲੀ**

ਵਿਰੇਚਨ: ਦੁਖਾਂਤ ਦੇ ਲੱਛਣ ਅਤੇ ਗੁਣਾਂ ਨੂੰ ਨਿਰਧਾਰਿਤ ਕਰਦੇ ਹੋਏ ਕਥਾਰਸਿਸ (ਵਿਰੇਚਨ) ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਯੂਨਾਨੀ ਦਾਰਸ਼ਨਿਕ ਅਰਸਤੂ ਨੇ ਕੀਤਾ। ਪਾਠਕ ਜਾਂ ਦਰਸ਼ਕ ਦੇ ਮਨ 'ਤੇ ਦੁਖਾਂਤ ਦਾ ਕਿਹੜਾ ਪ੍ਰਭਾਵ ਪੈਂਦਾ ਹੈ, ਉਸ ਦਾ ਵਿਵੇਚਨ ਕਰਦੇ ਹੋਏ ਅਰਸਤੂ ਨੇ ਆਪਣੀ ਰਚਨਾ 'ਪੋਇਟਿਕਸ' ਵਿੱਚ ਲਿਖਿਆ ਸੀ ਕਿ ਦੁਖਾਂਤ ਦੀ ਕ੍ਰਿਆ ਦਇਆ ਅਤੇ ਡਰ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਕੇ ਸਾਡੀਆਂ ਦਇਆ ਤੇ ਡਰ ਦੀਆਂ ਭਾਵਨਾਵਾਂ ਦਾ ਨਿਕਾਸ ਕਰਦੀ ਹੈ। ਇਸ ਤਰ੍ਹਾਂ ਦੁਖਾਂਤ ਦਰਸ਼ਕਾਂ ਦੇ ਦੁਖਾਂਤਕ ਜਜ਼ਬਿਆਂ ਲਈ ਨਿਕਾਸ ਜਾਂ ਮਾਰਗ ਪ੍ਰਦਾਨ ਕਰਦਾ ਹੈ। 'ਪੋਇਟਿਕਸ' ਵਿੱਚ ਦਇਆ ਅਤੇ ਡਰ ਦੀ ਕੋਈ ਹੋਰ ਵਿਸਤਾਰਪੂਰਵਕ ਪਰਿਭਾਸ਼ਾ ਨਹੀਂ ਮਿਲਦੀ। ਉਸ ਦੀ ਪੁਸਤਕ 'ਰਾਜਨੀਤੀ' ('ਪੋਲਿਟਿਕਸ' ਦੀ ਅੱਠਵੀਂ ਪੋਥੀ) ਵਿੱਚੋਂ ਵਿਦਵਾਨਾਂ ਨੇ ਕਥਾਰਸਿਸ ਦੇ ਵਿਕੋਲਿਤਰੇ ਵਿਚਾਰ ਪੇਸ਼ ਕਰਨ ਦਾ ਯਤਨ ਕੀਤਾ ਹੈ, ਪਰ ਵਾਸਤਵਿਕ ਕਥਾਰਸਿਸ ਕੀ ਹੈ ਅਤੇ ਕਿਸ ਪ੍ਰਕਾਰ ਦੀ ਹੈ? ਇਹ ਵਿਚਾਰ ਹੁਣ ਤਕ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ।

ਅਸਲ ਵਿੱਚ ਜਿਸ ਪ੍ਰਕਾਰ ਪਲੈਟੋ ਦੇ ਵਿਚਾਰ ਕਿ 'ਕਵਿਤਾ ਨਕਲ ਦੀ ਨਕਲ ਹੈ' ਨੂੰ ਅਰਸਤੂ ਨੇ ਕਵਿਤਾ ਨੂੰ ਵਿਆਪੀ ਮਨ ਦਾ ਪ੍ਰਗਟਾਅ ਆਖਿਆ ਸੀ, ਉਸੇ ਤਰ੍ਹਾਂ ਕਥਾਰਸਿਸ ਦਾ ਸਿਧਾਂਤ ਪੇਸ਼ ਕਰਕੇ ਅਰਸਤੂ ਨੇ ਪਲੈਟੋ ਦੇ ਇਸ ਵਿਚਾਰ ਦਾ ਖੰਡਨ ਕੀਤਾ ਕਿ ਕਵਿਤਾ ਕੋਝੀਆਂ ਭਾਵਨਾਵਾਂ ਨੂੰ ਉਤੇਜਿਤ ਕਰਕੇ ਨੈਤਿਕ ਸਤਰ ਨੂੰ ਕਮਜ਼ੋਰ ਕਰਦੀ ਹੈ। ਕਥਾਰਸਿਸ ਸਿਧਾਂਤ ਦੀ ਵਿਚਾਰਧਾਰਾ ਨੇ ਦੋ ਪ੍ਰਕਾਰ ਦੀ ਸੇਧ ਅਪਣਾਈ ਹੈ। ਪਹਿਲੀ ਇਹ ਕਿ ਅਰਸਤੂ ਦਾ ਭਾਵ ਕੀ ਸੀ ਅਤੇ ਦੂਜੀ ਇਹ ਕਿ ਦੁਖਾਂਤ ਤੇ ਦੂਜੇ ਕਾਵਿ-ਰੂਪਾਂ ਦੇ ਕਰਤੱਵ ਦੀ ਵਿਆਖਿਆ ਵਿੱਚ ਇਸ ਸਿਧਾਂਤ ਦਾ ਕੀ ਲਾਭ ਹੈ? ਅਰਸਤੂ ਦੇ ਇਸ ਸਿਧਾਂਤ ਦੀ ਵਿਆਖਿਆ ਹਰ ਇੱਕ ਕਾਲ ਦੀਆਂ ਸਮਕਾਲੀ ਭਾਵਨਾਵਾਂ ਦਾ ਪ੍ਰਗਟਾ ਹੈ। ਵਿਚਾਰਾਂ ਦੇ ਇਤਿਹਾਸ ਵਿੱਚ ਇਸ ਲਈ ਇਸ ਦਾ ਵਿਸ਼ੇਸ਼ ਮਹੱਤਵ ਹੈ ਅਤੇ ਸੌਂਦਰਯ ਅਤੇ ਲਲਿਤ ਵਿਗਿਆਨ ਦੇ ਵੱਖ ਵੱਖ ਸਿਧਾਤਾਂ ਦਾ ਆਧਾਰ ਬਣਿਆ ਹੈ।

ਸੋਲ੍ਹਵੀਂ ਸਦੀ ਈ. ਵਿੱਚ ਇਸ ਸਿਧਾਂਤ ਦੀ ਤਿੰਨ ਪੱਖੀ ਵਿਆਖਿਆ ਕੀਤੀ ਗਈ। ਰੋਬਰਟੈਲੀ (1548 ਈ.), ਕੈਸਟੇਲਵੇਟਰੋ (1570 ਈ.), ਹੀਨਸਿਅਸ (1611 ਈ.) ਅਤੇ ਵੌਸੀਅਸ (1647 ਈ.) ਦੇ ਵਿਚਾਰਾਂ ਅਨੁਸਾਰ ਦੁਖਾਂਤ ਸੰਤਾਪ ਅਤੇ ਹਿੰਸਾ ਦੀਆਂ ਝਾਕੀਆਂ ਪੇਸ਼ ਕਰਕੇ ਪਾਠਕਾਂ ਅਤੇ ਦਰਸ਼ਕਾਂ ਦੇ ਦਿਲਾਂ ਨੂੰ ਮਜ਼ਬੂਤ ਕਰਦਾ ਹੈ, ਜਿਸ ਨਾਲ ਸੰਤਾਪੀ ਜੀਵਨ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਹੁੰਦੇ ਹਨ। ਕੋਰਨੀਲ ਅਨੁਸਾਰ ਦੁਖਾਂਤਮਕ ਦਇਆ ਦਰਸ਼ਕ ਨੂੰ ਆਪਣੇ ਭਲੇ ਅਤੇ ਬਚਾਅ ਲਈ ਸੋਚਣ ਲਈ ਪ੍ਰੇਰਦੀ ਹੈ ਅਤੇ ਦੁਖਾਂਤਕ ਨਾਇਕ ਦੀਆਂ ਕਮਜ਼ੋਰੀਆਂ ਨੂੰ ਉਹ ਦੂਰ ਕਰਨ ਦਾ ਯਤਨ ਕਰਦਾ ਹੈ। ਤੀਜਾ ਵਿਚਾਰ ਹੋਮੋਪੈਥੀ ਦੇ ਸਿਧਾਂਤ ਨਾਲ ਸੰਬੰਧ ਰੱਖਦਾ ਹੈ। ਮਿਨਟੂਰਨੋ ਅਤੇ ਮਿਲਟਨ ਇਸ ਵਿਚਾਰ ਦੇ ਵਿਸ਼ੇਸ਼ ਅਨੁਯਾਈ ਸਨ। ਇਸ ਸਿਧਾਂਤ ਅਨੁਸਾਰ ਜਿਵੇਂ ਕੰਡੇ ਨਾਲ ਸ਼ਰੀਰ ਵਿੱਚੋਂ ਕੰਡੇ ਨੂੰ ਕੱਢਿਆ ਜਾਂਦਾ ਹੈ, ਜਿਵੇਂ ਲੋਹੇ ਨੂੰ ਲੋਹਾ ਕਟਦਾ ਹੈ, ਜਿਵੇਂ ਜ਼ਹਿਰ ਨਾਲ ਜ਼ਹਿਰ ਮਰਦੀ ਹੈ, ਤਿਵੇਂ ਹੀ ਡਰ ਅਤੇ ਦਇਆ ਦੀ ਭਾਵਨਾ ਨਾਲ ਡਰ ਤੇ ਦਇਆ ਦਾ ਨਿਕਾਸ ਹੁੰਦਾ ਹੈ। 'ਪੈਰਾਡਾਈਜ਼ ਲੌਸਟ' ਅਤੇ 'ਸੈਮਸਨ ਅਗੋਨਿਸਟਿਸ' ਦੀਆਂ ਅੰਤਲੀਆਂ ਪੰਕਤੀਆਂ ਇਸ ਸਿਧਾਂਤ 'ਤੇ ਹੀ ਲਿਖੀਆਂ ਗਈਆਂ ਹਨ। ਸ਼ੈਕਸਪੀਅਰ ਦੇ ਸਾਰੇ ਦੁਖਾਂਤ ਇਸ ਸਿਧਾਂਤ ਨੂੰ ਵਿਅਕਤ ਕਰਦੇ ਹਨ ਅਤੇ ਦਰਸ਼ਕ ਆਪਣੇ ਆਪ ਨੂੰ ਹੌਲੇ ਫੁੱਲ ਅਨੁਭਵ ਕਰਦੇ ਹਨ।

ਅਠਾਰ੍ਹਵੀਂ ਸਦੀ ਈ. ਵਿੱਚ ਲੈਸਿੰਗ (1721-1781 ਈ.) ਨੇ ਇਸ ਸਿਧਾਂਤ ਨੂੰ ਭਾਵਨਾਵਾਂ ਦੇ ਸ਼ੁੱਧੀਕਰਣ ਦੇ ਅਰਥ ਵਿੱਚ ਵਰਤਿਆ। ਉਸ ਅਨੁਸਾਰ ਦੁਖਾਂਤ ਭਾਵਾਂ ਨੂੰ ਸੰਤੁਲਿਤ ਕਰਦਾ ਹੈ। ਇਸੇ ਕਾਲ ਦੇ ਹੋਰ ਆਲੋਚਕ ਕੈਥਾਰਸਿਸ ਨੂੰ ਉਦਾਤੀਕਰਨ ਦੇ ਭਾਵ ਵਿੱਚ ਪ੍ਰਯੋਗ ਕਰਕੇ ਹਨ। ਉਨ੍ਹਾਂ ਨੇ ਕਥਾਰਸਿਸ ਦੇ ਸ਼ਾਬਦਿਕ ਅਰਥ ਸਾਫ਼ ਕਰਨਾ, ਸ਼ੁੱਧ ਕਰਨਾ ਤੇ ਚੁਣਨ ਦੀ ਕ੍ਰਿਆ ਨੂੰ ਆਪਣੇ ਵਿਚਾਰਾਂ ਦੀ ਨੀਂਹ ਬਣਾਇਆ ਹੈ ਅਤੇ ਹਿਕਮਤ ਦੇ ਇਸ ਮੱਤ ਨੂੰ ਆਧਾਰ ਬਣਾਇਆ ਹੈ ਕਿ ਜਿਸਮ ਵਿੱਚੋਂ ਉਸ ਚੀਜ਼ ਦਾ ਨਿਕਾਸ ਕੀਤਾ ਜਾਵੇ, ਜਿਹੜੀ ਜ਼ਰੂਰਤ ਤੋਂ ਵੱਧ ਹੋਵੇ। ਆਧੁਨਿਕ ਮਨੋਵਿਸ਼ਲੇਸ਼ਣ, ਜਿਸ ਅਨੁਸਾਰ ਦੱਬੀਆਂ ਹੋਈਆਂ ਭਾਵਨਾਵਾਂ ਦਾ ਨਿਕਾਸ ਜ਼ਰੂਰੀ ਹੈ, ਇਸ ਦੇ ਕਾਫ਼ੀ ਨੇੜੇ ਹੈ। ਕਰੋਚੇ ਅਨੁਸਾਰ ਕਰੁਣ ਰਸ ਸਾਹਿਤਕ ਆਨੰਦ ਨੂੰ ਵਧਾਉਂਦਾ ਹੈ। ਗੈਟੇ ਅਨੁਸਾਰ ਇਹ ਪ੍ਰਭਾਵ ਅਭਿਨੇਤਾ ਦੇ ਮਨ 'ਤੇ ਪੈਂਦਾ ਹੈ, ਲੈਸਿੰਗ ਪਾਠਕ ਅਤੇ ਦਰਸ਼ਕ ਨੂੰ ਇਸ ਤੋਂ ਪ੍ਰਭਾਵਿਤ ਹੁੰਦੇ ਮੰਨਦਾ ਹੈ। ਬੁੱਚਰ ਅਤੇ ਆਈ.ਏ. ਰਿਚਰਡਜ਼ ਇਸ ਦਾ ਇਕ ਹੋਰ ਸੂਖ਼ਮ ਭੇਦ ਦੱਸਦੇ ਹਨ। ਇਨ੍ਹਾਂ ਅਨੁਸਾਰ ਜੀਵਨ ਦੀਆਂ ਪ੍ਰਤੱਖ ਅਨੁਭੂਤੀਆਂ ਜਿਹੜੀਆਂ ਕਸ਼ਟਕਾਰੀ ਹਨ, ਨੂੰ ਦੂਰ ਕਰਨ ਦੀ ਕ੍ਰਿਆ ਕਥਾਰਸਿਸ ਹੈ। ਸਾਹਿਤਕ ਕਲਪਨਾ ਨਾਲ ਡਰ ਆਪਣਾ ਰੂਪ ਬਦਲ ਲੈਂਦਾ ਹੈ।

ਪੁਰਾਤਨ ਭਾਰਤੀ ਸਾਹਿਤ ਵਿੱਚ ਦੁਖਾਂਤ ਦੀ ਅਣਹੋਂਦ ਸੀ। ਇਸ ਲਈ ਵਿਰੇਚਨ ਸਿਧਾਂਤ ਦੀ ਵਿਚਾਰਧਾਰਾ ਦੀ ਕੋਈ ਪੱਧਤੀ ਨਹੀਂ ਚਲੀ; ਪਰ ਆਧੁਨਿਕ ਨਾਟਕਾਂ ਵਿੱਚ ਸ਼ੈਕਸਪੀਅਰ ਅਤੇ ਸਿੰਗ ਦੇ ਨਾਟਕੀ ਵਿਰੇਚਨ ਨੂੰ ਭਾਰਤੀ ਲੇਖਕਾਂ ਨੇ ਵਿਅਕਤ ਕੀਤਾ ਹੈ। ਬਲਵੰਤ ਗਾਰਗੀ ਦਾ ਨਾਟਕ 'ਬੇਬੇ', ਆਹੂਜਾ ਦਾ ਨਾਟਕ 'ਜੌਹਰ', ਹਰਚਰਨ ਸਿੰਘ ਦਾ ਨਾਟਕ 'ਅਣਜੋੜ' ਜਿੱਥੇ ਸ਼ੈਕਸਪੀਅਰ ਦੇ ਵਿਰੇਚਕ ਸਿਧਾਂਤ ਨੂੰ ਅਪਣਾਉਂਏ ਹਨ, ਉੱਥੇ ਇਬਸਨ ਵਾਂਗ ਆਧੁਨਿਕ ਯਥਾਰਥਵਾਦੀ ਨਾਟਕਕਾਰਾਂ ਨੇ ਇਸ ਨਿਕਾਸ ਸਿਧਾਂਤ ਨੂੰ ਛੱਡ ਕੇ ਉਤਸੁਕਤਾ-ਪੂਰਣ ਅਸੰਤੁਲਿਤ ਨਾਟਕੀ ਅੰਤ ਪ੍ਰਦਾਨ ਕੀਤਾ ਹੈ। ਸੇਖੋਂ ਅਤੇ ਸੁਰਜੀਤ ਸਿੰਘ ਸੇਠੀ ਇਸ ਵਿਚਾਰ ਦੇ ਵਿਸ਼ੇਸ਼ ਅਨੁਯਾਈ ਹਨ।

---

***(ਸਰੋਤ: ਸਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ)***

# ਪੰਜਾਬੀਆਂ ਨੇ ਜਰਮਨੀ ਵਿੱਚ ਜਮਾਈ ਹੈ ਪੂਰੀ ਧਾਕ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਆਪਣੀ ਨਿਵੇਕਲੀ ਧਾਰਮਿਕ ਪਛਾਣ ਕਾਇਮ ਰੱਖਣ ਹਿਤ ਪੰਜਾਬੀਆਂ ਨੇ ਜਰਮਨੀ ਵਿਖੇ ਪੰਜਾਹ ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕੀਤੀ ਹੈ, ਜਿਨ੍ਹਾਂ ਵਿੱਚੋਂ ਇੱਕ ਦਰਜਨ ਦੇ ਕਰੀਬ ਗੁਰਦੁਆਰਾ ਸਾਹਿਬਾਨ ਦਾ ਨਾਂ 'ਗੁਰਦੁਆਰਾ ਸਿੰਘ ਸਭਾ' ਹੈ। ਫ਼ਖ਼ਰ ਦੀ ਗੱਲ ਇਹ ਵੀ ਹੈ ਕਿ ਹਰਮਨਜੋਤ ਸਿੰਘ ਨਾਂ ਦਾ ਪੰਜਾਬੀ ਨੌਜਵਾਨ ਜਰਮਨੀ ਦੀ ਰਾਸ਼ਟਰੀ ਕ੍ਰਿਕਟ ਟੀਮ ਦਾ ਮੈਂਬਰ ਹੈ। ਪੇਸ਼ ਹੈ, ਜਰਮਨੀ ਵਿੱਚ ਪੰਜਾਬੀਆਂ ਦੀ ਤਰੱਕੀ ਬਾਰੇ ਇਹ ਲੇਖ...***

ਦੁਨੀਆਂ ਭਰ ਦੇ ਦੇਸ਼ਾਂ ਅੰਦਰ ਜਾ ਕੇ ਆਪਣੀ ਧਾਕ ਜਮਾਉਣ ਵਾਲੇ ਭਾਰਤੀਆਂ, ਖ਼ਾਸ ਕਰ ਪਜਾਬੀਆਂ ਨੇ ਜਰਮਨੀ 'ਚ ਜਾ ਕੇ ਵੀ ਰਾਜਨੀਤੀ, ਖੇਡਾਂ, ਵਿੱਤ ਅਤੇ ਮਨੋਰੰਜਨ ਆਦਿ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਜਰਮਨੀ ਦੀਆਂ ਹੱਦਾਂ ਦੇ ਅੰਦਰ ਪੰਜਾਹ ਦੇ ਕਰੀਬ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰਨ ਵਿੱਚ ਸਫ਼ਲ ਹੋ ਜਾਣ ਵਾਲੇ ਪੰਜਾਬੀਆਂ ਦੀ ਆਮਦ ਬਾਰੇ ਸੰਨ 2015 ਵਿੱਚ ਜਰਮਨੀ ਵਿਖੇ ਪ੍ਰਕਾਸ਼ਿਤ ਆਪਣੇ ਇੱਕ ਥੀਸਿਜ਼ ਵਿੱਚ ਈਸ਼ਾ ਕੌਰ ਗਰੋਵਰ ਨਾਮੀਂ ਵਿਦਿਆਰਥਣ ਲਿਖ਼ਦੀ ਹੈ, "ਦੂਜੀ ਸੰਸਾਰ ਜੰਗ ਕਰਕੇ ਅਤੇ ਸੰਨ 1984 ਵਿੱਚ ਪੰਜਾਬ ਅੰਦਰ ਫ਼ੈਲੀ ਸਿਆਸੀ ਗੜਬੜ ਦੇ ਕਾਰਨ ਬਹੁਤ ਸਾਰੇ ਪੰਜਾਬੀ ਲੋਕ ਇੱਥੇ ਕੰਮ ਹਾਸਿਲ ਕਰਨ ਲਈ ਪੁੱਜੇ ਸਨ। ਇੱਥੇ ਆਉਣ ਵਾਲੇ ਪੰਜਾਬੀਆਂ ਵਿੱਚੋਂ ਕੁਝ ਇੱਕ ਨੂੰ ਜਰਮਨੀ ਦੀ ਸਰਕਾਰ ਨੇ ਸ਼ਰਨ ਪ੍ਰਦਾਨ ਕਰ ਦਿੱਤੀ ਸੀ, ਜਦੋਂ ਕਿ ਬਹੁਤ ਸਾਰੇ ਪੰਜਾਬੀ ਆਰਥਿਕ ਪਰਵਾਸੀਆਂ ਵਜੋਂ



■ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਇੱਕ ਸਮਾਗਮ ਦੌਰਾਨ (1944) ਆਜ਼ਾਦ ਹਿੰਦ ਫ਼ੌਜ ਦਾ ਇੱਕ ਸਿੱਖ ਸਿਪਾਹੀ

ਇਸ ਮੁਲਕ ਵਿੱਚ ਪ੍ਰਵੇਸ਼ ਪਾ ਗਏ ਸਨ।" ਈਸ਼ਾ ਕੌਰ ਦੇ ਕਹਿਣ ਅਨੁਸਾਰ ਇੱਥੇ ਆਉਣ ਵਾਲੇ ਪੰਜਾਬੀਆਂ ਨੇ ਅਕਾਦਮਿਕ ਤੇ ਸਿਆਸੀ ਖੇਤਰ ਵਿੱਚ ਤਰੱਕੀ ਕਰਨ ਦੇ ਨਾਲ-ਨਾਲ ਇਥੇ ਹੌਲੀ-ਹੌਲੀ ਆਪਣੇ ਪੈਰ ਜਮਾਅ ਲਏ ਸਨ ਤੇ ਫਿਰ ਕਈ ਪੰਜਾਬੀ ਨੌਜਵਾਨਾਂ ਨੇ ਤਾਂ ਆਪਣੇ ਸਾਰੇ ਪਰਿਵਾਰ ਹੀ ਇੱਥੇ ਸੱਦ ਲਏ ਸਨ; ਕਈਆਂ ਨੇ ਇੱਥੋਂ ਦੀਆਂ ਨਾਗਰਿਕ ਮੁਟਿਆਰਾਂ ਨਾਲ ਵਿਆਹ ਕਰਵਾ ਕੇ ਇੱਥੇ ਹੀ ਆਪਣੇ ਪਰਿਵਾਰ ਕਾਇਮ ਕਰ ਲਏ ਸਨ।

ਸੰਨ 2009 ਵਿੱਚ ਜਰਮਨ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਇੱਥੇ 1,10,204 ਦੇ ਕਰੀਬ ਭਾਰਤੀ ਵੱਸਦੇ ਸਨ, ਜਿਨ੍ਹਾਂ ਵਿੱਚੋਂ 43,175 ਭਾਰਤੀਆਂ ਕੋਲ ਭਾਰਤੀ ਪਾਸਪੋਰਟ ਸਨ, ਜਦੋਂ ਕਿ 67,029 ਭਾਰਤੀਆਂ ਕੋਲ ਜਰਮਨ ਪਾਸਪੋਰਟ ਸਨ। ਸੰਨ 2022 ਵਿੱਚ ਹਾਸਿਲ ਹੋਏ ਅੰਕੜੇ ਦੱਸਦੇ ਸਨ ਕਿ ਉਸ ਵੇਲੇ ਜਰਮਨੀ ਵਿੱਚ ਭਾਰਤੀ ਮੂਲ ਦੇ 2,47,000 ਦੇ ਕਰੀਬ ਲੋਕ ਵੱਸਦੇ ਸਨ, ਜਿਨ੍ਹਾਂ ਵਿੱਚੋਂ 1,98,000 ਭਾਰਤੀਆਂ ਦਾ ਪਿਛੋਕੜ ਪਰਵਾਸ ਕਰਕੇ ਇੱਥੇ ਪੁੱਜਣ ਨਾਲ ਜੁੜਿਆ ਹੋਇਆ ਸੀ। ਜ਼ਿਕਰਯੋਗ ਹੈ ਕਿ ਸਾਲ 2008-09 ਦੌਰਾਨ 3516 ਭਾਰਤੀ ਨੌਜਵਾਨ ਬਤੌਰ ਵਿਦਿਆਰਥੀ ਜਰਮਨੀ ਪੁੱਜੇ ਸਨ, ਜਦੋਂ ਕਿ ਸਾਲ 2013-14 ਵਿੱਚ ਅਜਿਹੇ ਭਾਰਤੀ ਵਿਦਿਆਰਥੀਆਂ ਦੀ ਸੰਖਿਆ ਦਸ ਹਜ਼ਾਰ ਤੋਂ ਵੱਧ ਸੀ, ਜੋ ਕਿ ਸਾਲ 2018-19 ਵਿੱਚ ਦੁੱਗਣੀ ਹੋ ਕੇ 20,810 ਹੋਣ ਤੋਂ ਬਾਅਦ ਸਾਲ 2022-23 ਵਿੱਚ 42,997 ਹੋ ਗਈ ਸੀ।

ਜਿੱਥੋਂ ਤੱਕ ਜਰਮਨੀ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਸੰਖਿਆ ਦਾ ਪ੍ਰਸ਼ਨ ਹੈ ਤਾਂ ਪਤਾ ਲੱਗਦਾ ਹੈ ਕਿ ਸੰਨ 2020 ਵਿੱਚ ਇੱਥੇ 25,000 ਤੋਂ ਵੱਧ ਪੰਜਾਬੀ ਲੋਕ ਵੱਸਦੇ ਸਨ, ਜਿਨ੍ਹਾਂ ਦੀਆਂ ਤਿੰਨ ਮੁੱਖ ਸ਼੍ਰੇਣੀਆਂ ਸਨ ਤੇ ਉਹ ਸਨ: (1) ਪੰਜਾਬ ਤੋਂ ਆ ਕੇ ਵੱਸੇ ਪੰਜਾਬੀ ਲੋਕ, (2) ਅਫ਼ਗਾਨਿਸਤਾਨ ਤੋਂ ਆ ਕੇ ਵੱਸੇ ਪੰਜਾਬੀ ਲੋਕ ਅਤੇ (3) ਆਪਣਾ ਮੂਲ ਧਰਮ ਬਦਲ ਕੇ ਸਿੱਖ ਧਰਮ ਵਿੱਚ ਸ਼ਾਮਿਲ ਹੋਏ ਜਰਮਨੀ ਦੇ ਮੂਲ ਨਿਵਾਸੀ। ਸਰਕਾਰੀ ਅੰਕੜਿਆਂ ਅਨੁਸਾਰ ਯੂਰਪੀ ਦੇਸ਼ਾਂ ਦੀ ਲੜੀ ਵਿੱਚ ਆਬਾਦੀ ਪੱਖੋਂ ਪੰਜਾਬੀਆਂ ਦਾ ਜਰਮਨੀ ਵਿੱਚ ਜਨਸੰਖਿਆ ਪੱਖੋਂ ਪੰਜਵਾਂ ਸਥਾਨ ਹੈ, ਕਿਉਂਕਿ ਇੰਗਲੈਂਡ ਵਿੱਚ 5,24,000; ਇਟਲੀ ਵਿੱਚ 2,20,000; ਪੁਰਤਗਾਲ ਵਿੱਚ 35,000 ਅਤੇ ਸਪੇਨ ਵਿੱਚ 26,000 ਪੰਜਾਬੀ ਲੋਕ ਵੱਸਦੇ ਹਨ। ਪੰਜਵਾਂ ਸਥਾਨ ਜਰਮਨੀ ਦਾ ਹੈ, ਜਿੱਥੇ ਪੰਜਾਬੀਆਂ ਦੀ ਸੰਖਿਆ 25 ਹਜ਼ਾਰ ਤੋਂ ਵੱਧ ਹੈ। ਪੰਜਾਬੀਆਂ ਦੀ ਜ਼ਿਆਦਾਤਰ ਆਬਾਦੀ ਬਰਲਿਨ, ਕੋਲੋਨ, ਹੈਮਬਰਗ, ਫ਼ਰੈਂਕਫ਼ਰਟ ਅਤੇ ਮਿਊਨਿਖ਼ ਵਿਖੇ ਪਾਈ ਜਾਂਦੀ ਹੈ। ਆਪਣੀ ਨਿਵੇਕਲੀ ਧਾਰਮਿਕ ਪਛਾਣ ਕਾਇਮ ਰੱਖਣ ਹਿਤ ਪੰਜਾਬੀਆਂ ਨੇ ਜਰਮਨੀ ਵਿਖੇ ਪੰਜਾਹ ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕੀਤੀ ਹੈ, ਜਿਨ੍ਹਾਂ ਵਿੱਚੋਂ ਇੱਕ ਦਰਜਨ ਦੇ ਕਰੀਬ ਗੁਰਦੁਆਰਾ ਸਾਹਿਬਾਨ ਦਾ ਨਾਂ 'ਗੁਰਦੁਆਰਾ ਸਿੰਘ ਸਭਾ' ਹੈ।

ਜਰਮਨੀ ਵਿਖੇ ਸੰਨ 2016 ਵਿੱਚ ਇੱਕ ਅਜਿਹੀ ਘਟਨਾ ਘਟੀ ਸੀ, ਜਿਸ ਨੇ ਉੱਥੇ ਵੱਸਦੇ ਸਮੂਹ ਪੰਜਾਬੀਆਂ ਅਤੇ ਜਰਮਨੀ ਦੀ ਪੁਲਿਸ ਨੂੰ ਪ੍ਰੇਸ਼ਾਨ ਤੇ ਦੁਖੀ ਕਰ ਦਿੱਤਾ ਸੀ। ਜਰਮਨੀ ਦੇ ਈਸਨ ਇਲਾਕੇ ਵਿੱਚ ਸਥਿਤ ਇੱਕ ਗੁਰਦੁਆਰਾ ਸਾਹਿਬ ਵਿਖੇ 16 ਸਾਲ ਦੀ ਨਾਬਾਲਿਗ ਉਮਰ ਦੇ ਦੋ ਮੁਸਲਿਮ ਮੁੰਡਿਆਂ ਨੇ ਇੱਕ ਅੱਗ ਬੁਝਾਊ ਯੰਤਰ ਨੂੰ ਹੀ ਇੱਕ ਧਮਾਕਾਖ਼ੇਜ਼ ਸਮੱਗਰੀ 'ਚ ਤਬਦੀਲ ਕਰਕੇ ਇੱਕ ਜ਼ਬਰਦਸਤ ਧਮਾਕਾ ਕਰ ਦਿੱਤਾ ਸੀ, ਜਿਸ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਨੁਕਸਾਨੀ ਗਈ ਸੀ ਤੇ ਗੁਰਦੁਆਰੇ ਦੇ ਗ੍ਰੰਥੀ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੇ ਨਾਲ-ਨਾਲ ਕੁਝ ਹੋਰ ਪੰਜਾਬੀਆਂ ਨੂੰ ਵੀ ਮਾਮੂਲੀ ਜ਼ਖ਼ਮ ਆਏ ਸਨ। ਗ਼ਨੀਮਤ ਇਹ ਰਹੀ ਸੀ ਕਿ ਇਸ ਧਮਾਕੇ ਤੋਂ ਕੁਝ ਮਿੰਟ ਪਹਿਲਾਂ ਇਸ ਗੁਰਦੁਆਰਾ ਸਾਹਿਬ ਵਿਖੇ ਇੱਕ ਪੰਜਾਬੀ

■ ਪੱਛਮੀ ਜਰਮਨੀ ਦੇ ਐਸੇਨ ਇਲਾਕੇ ਵਿੱਚ ਸਥਿਤ ਗੁਰਦੁਆਰਾ ਸਾਹਿਬ, ਜੋ ਸਾਲ 2016 ਵਿੱਚ ਇੱਕ ਧਮਾਕੇ ਕਾਰਨ ਨੁਕਸਾਨਿਆ ਗਿਆ ਸੀ



ਨੌਜਵਾਨ ਦੇ ਅਨੰਦ ਕਾਰਜ ਦੀ ਰਸਮ ਅਦਾ ਹੋਈ ਸੀ ਤੇ ਰਸਮਾਂ ਪੂਰੀਆਂ ਹੋਣ ਉਪਰੰਤ ਲੜਕੇ ਤੇ ਲੜਕੀ ਸਮੇਤ ਸਾਰੇ ਰਿਸ਼ਤੇਦਾਰ 'ਰਿਸੈਪਸ਼ਨ ਪਾਰਟੀ' ਲਈ ਉੱਥੋਂ ਕਿਧਰੇ ਹੋਰ ਜਾ ਚੁੱਕੇ ਸਨ। ਜੇਕਰ ਉਕਤ ਦੋਵੇਂ ਧਿਰਾਂ ਦੇ ਮੈਂਬਰ ਉੱਥੇ ਹੀ ਮੌਜੂਦ ਹੁੰਦੇ ਤਾਂ ਸ਼ਾਇਦ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ।

ਪੁਲਿਸ ਲਈ ਪ੍ਰੇਸ਼ਾਨੀ ਦੀ ਗੱਲ ਇਹ ਸੀ, ਉਸ ਧਮਾਕੇ ਨੂੰ ਅੰਜਾਮ ਦੇਣ ਵਾਲੇ ਉਨ੍ਹਾਂ ਨਾਬਾਲਿਗ ਮੁੰਡਿਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਤਾਂ ਉਕਤ ਧਮਾਕਾਖ਼ੇਜ਼ ਵਸਤੂ ਕੇਵਲ ਇੱਕ 'ਪਟਾਕਾ' ਬਣਾਉਣ ਲਈ ਤਿਆਰ ਕੀਤੀ ਸੀ ਅਤੇ ਉਨ੍ਹਾਂ ਦਾ ਮਕਸਦ ਕੋਈ ਬੰਬ ਤਿਆਰ ਕਰਨਾ ਤੇ ਕਿਸੇ ਉੱਤੇ ਉਹ ਬੰਬ ਵਰਤ ਕੇ ਨੁਕਸਾਨ ਪਹੁੰਚਾਉਣਾ ਹਰਗ਼ਿਜ਼ ਨਹੀਂ ਸੀ। ਬਾਅਦ ਵਿੱਚ ਜਾਂਚ ਕਰਨ 'ਤੇ ਪੁਲਿਸ ਨੂੰ ਇਹ ਪਤਾ ਲੱਗਾ ਸੀ ਕਿ ਉਨ੍ਹਾਂ ਮੁੰਡਿਆਂ ਨੇ ਉਕਤ ਧਮਾਕਾ ਕਰਨ ਤੋਂ ਪਹਿਲਾਂ 'ਨੌਰਥ ਰਾਈਨ' ਇਲਾਕੇ ਵਿੱਚ ਸਥਿਤ ਇੱਕ ਗੁਰਦੁਆਰਾ ਸਾਹਿਬ ਵਿੱਚ ਵੀ ਦਾਖ਼ਲ ਹੋਣ ਦਾ ਯਤਨ ਕੀਤਾ ਸੀ।



ਜਰਮਨੀ ਦੀ ਰਾਸ਼ਟਰੀ ਕ੍ਰਿਕਟ ਟੀਮ ਦਾ ਮੈਂਬਰ ਪੰਜਾਬੀ ਨੌਜਵਾਨ ਹਰਮਨਜੋਤ ਸਿੰਘ

ਅੰਤ ਵਿੱਚ ਇਹ ਦੱਸਣਾ ਬਣਦਾ ਹੈ ਕਿ ਇਹ ਬੜੇ ਹੀ ਫ਼ਖ਼ਰ ਦੀ ਗੱਲ ਹੈ ਕਿ ਹਰਮਨਜੋਤ ਸਿੰਘ ਨਾਂ ਦਾ ਪੰਜਾਬੀ ਨੌਜਵਾਨ ਜਰਮਨੀ ਦੀ ਰਾਸ਼ਟਰੀ ਕ੍ਰਿਕਟ ਟੀਮ ਦਾ ਮੈਂਬਰ ਹੈ। ਇਸ ਤੋਂ ਇਲਾਵਾ ਕਈ ਹੋਰ ਭਾਰਤੀਆਂ ਨੇ ਵੀ ਆਪਣੀਆਂ ਬੇਮਿਸਾਲ ਪ੍ਰਾਪਤੀਆਂ ਸਦਕਾ ਜਰਮਨੀ ਵਿੱਚ ਖ਼ੂਬ ਸ਼ਲਾਘਾ ਖੱਟੀ ਹੈ। ਰਾਹੁਲ ਕੁਮਾਰ ਕੰਬੋਜ ਨੂੰ ਫ਼ਰੈਂਕਫ਼ਰਟ ਸ਼ਹਿਰ ਤੋਂ ਭਾਰਤੀ ਮੂਲ ਦੇ ਪਹਿਲੇ ਸੰਸਦ ਮੈਂਬਰ ਹੋਣ ਦਾ ਸ਼ਰਫ਼ ਹਾਸਿਲ ਹੈ, ਜਦੋਂ ਕਿ ਭਾਰਤੀ ਮੂਲ ਦੇ ਜੋਸਫ਼ ਵਿੰਕਲਰ ਵੀ ਸੰਸਦ ਮੈਂਬਰ ਬਣਨ 'ਚ ਸਫ਼ਲ ਰਹੇ ਹਨ। ਭਾਰਤ ਦੀ ਸ਼ਾਨ ਕਹੇ ਜਾਂਦੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਧੀ ਸ੍ਰੀਮਤੀ ਅਨੀਤਾ ਬੋਸ ਨੇ ਬਤੌਰ ਅਰਥ ਸ਼ਾਸਤਰੀ ਜਰਮਨੀ ਵਿਖੇ ਚੰਗਾ ਨਾਮਣਾ ਖੱਟਿਆ। ਅਸ਼ੋਕ ਅਲੈਗਜ਼ੈਂਡਰ ਸ੍ਰੀਧਰਨ ਨੂੰ ਵੀ ਬੌਨ ਸ਼ਹਿਰ ਦਾ ਮੇਅਰ ਬਣਨ ਦਾ ਮਾਣ ਮਿਲਿਆ ਹੈ। ਬਤੌਰ ਯੂਟਿਊਬਰ ਤਹਿਲਕਾ ਮਚਾ ਦੇਣ ਵਾਲੇ ਧਰੁਵ ਰਾਠੀ ਵੀ ਜਰਮਨੀ ਦੇ ਹੀ ਵਾਸੀ ਹਨ। ਬਾਲੀਵੁੱਡ ਵਿੱਚ ਆਪਣੀ ਖ਼ੂਬਸੂਰਤੀ ਅਤੇ ਦਿਲਕਸ਼ ਅਦਾਕਾਰੀ ਸਦਕਾ ਸਭਨਾਂ ਦੇ ਮਨਾਂ ਨੂੰ ਮੋਹ ਲੈਣ ਵਾਲੀਆਂ ਐਵਲਿਨ ਸ਼ਰਮਾ, ਮਿੰਕ ਬਰਾੜ ਅਤੇ ਆਇਸ਼ਾ ਕਪੂਰ ਆਦਿ ਅਦਾਕਾਰਾਂ ਜਰਮਨੀ ਦੀਆਂ ਨਾਗਰਿਕ ਹਨ। ਇਸ ਤੋਂ ਇਲਾਵਾ ਜੇਕਰ ਖੇਡਾਂ ਦੇ ਖੇਤਰ ਵੱਲ ਝਾਤੀ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਜਿੱਥੇ ਭਾਰਤੀ ਮੂਲ ਦੀ ਸ਼ਾਂਤਾ ਘੋਸ਼ ਜਰਮਨੀ ਦੀ ਇੱਕ ਨਾਮਵਰ ਦੌੜਾਕ ਬਣ ਚੁੱਕੀ ਹੈ, ਉੱਥੇ ਹੀ ਅਨੁਰਾਧਾ ਦੁਡਭਾਲਪੁਰ, ਸ਼ਰਣਿਆ ਸਦਾਰੰਗੀ ਅਤੇ ਕ੍ਰਿਤਿਕਾ ਵਿਜੇਰਾਘਵਨ ਨਾਮਕ ਮੁਟਿਆਰਾਂ ਜਰਮਨੀ ਦੀ ਰਾਸ਼ਟਰੀ ਮਹਿਲਾ ਕ੍ਰਿਕਟ ਟੀਮ ਦੀਆਂ ਮੈਂਬਰ ਬਣ ਕੇ ਭਾਰਤ ਦਾ ਨਾਂ ਚਮਕਾ ਰਹੀਆਂ ਹਨ।

# ਪਰਤ-ਦਰ-ਪਰਤ ਮਨ

ਕਥਾਰਸਿਸ ਦੀ ਸ਼ੁਰੂਆਤ ਮਹਾਨ ਵਿਦਿਆਨ ਅਰਸਤੂ ਨੇ ਕੀਤੀ ਸੀ ਤੇ ਤਰੀਕੇ ਦਿੱਤੇ। ਫਿਰ ਇਸੇ ਗੱਲ ਨੂੰ ਮਹਾਨ ਮਨੋਵਿਗਿਆਨਕ ਸਿੰਗਮੰਡ ਫਰਾਇਡ ਨੇ ਫੜਿਆ, ਉਸਨੇ ਤਾਂ ਮਨੋਵਿਗਿਆਨ ਦਾ ਪੂਰਾ ਚਿੱਠਾ ਹੀ ਖੋਲ੍ਹ ਦਿੱਤਾ ਤੇ ਮੰਨਿਆ ਕੈਥਾਰਸਿਸ ਰਾਹੀਂ ਹੀ ਮਨੁੱਖ ਨੂੰ ਬਹੁਤ ਸੌਖਾ ਜੀਵਨ ਦਿੱਤਾ ਜਾ ਸਕਦਾ। ਫਿਰ ਆਇਆ ਓਸ਼ੋ... ਉਸਨੇ ਇੱਕ ਧਿਆਨ ਬਣਾਇਆ ਡਾਇਨਾਮਿਕ, ਜੋ ਪੂਰਾ ਕਥਾਰਸਿਸ 'ਤੇ ਆਧਾਰਿਤ ਹੈ। ਹੁਣ ਗੱਲ ਹੈ ਕਿ ਇਹ ਅਸਲ ਕੈਥਾਰਸਿਸ ਹੈ ਕੀ ਚੀਜ਼? ਕੈਥਾਰਸਿਸ ਉਹ ਮਨੋਵਿਗਿਆਨਕ ਦਾ ਤਰੀਕਾ ਹੈ, ਜਿਸ ਨਾਲ ਮਨ ਦਾ ਸ਼ੁੱਧੀਕਰਨ ਜਾਂ ਕਹੋ ਹਲਕਾ ਕੀਤਾ ਜਾਂਦਾ ਹੈ। ਸਿੰਗਮੰਡ ਫਰਾਇਡ ਕਹਿੰਦਾ, ਮਨ ਦੇ ਤਿੰਨ ਹਿੱਸੇ ਹਨ: ਸੁਚੇਤ ਮਨ, ਅਰਧ ਸੁਚੇਤ ਮਨ ਜਾਂ ਕਹੋ ਅਚੇਤ ਮਨ ਅਤੇ ਪਰ ਉਸ ਤੋਂ ਅੱਗੇ ਬੇਹੋਸ਼ ਮਨ ਹੈ। ਅਸੀਂ ਸੁਚੇਤ ਮਨ ਨੂੰ ਤਾਂ ਜਾਣਦੇ ਹਾਂ, ਜੋ ਸਾਨੂੰ ਪਤਾ ਲੱਗਦਾ। ਹੁਣ ਉਦਾਸ ਹਾਂ, ਖੁਸ਼ ਹਾਂ, ਗੁੱਸੇ ਹਾਂ; ਪਿਆਰ ਵਿੱਚ ਹਾਂ ਜਾਂ ਨਫਰਤ/ਸਾੜੇ ਦੇ ਭਰੇ ਪਏ ਹਾਂ। ਦੂਜਾ ਅਰਧ ਸੁਚੇਤ ਹੁੰਦਾ। ਥੋੜ੍ਹਾ ਜਿਹਾ ਪਿੱਛੇ ਚਲ ਰਿਹਾ ਕੰਮ; ਜਿਵੇਂ ਤੁਸੀਂ ਕਾਮੁਕ ਨਹੀਂ ਹੋ, ਪਰ ਕੋਈ ਤਸਵੀਰ ਦੇਖ ਕੇ ਜਾਂ ਫਿਲਮ ਦੇਖ ਕੇ ਕਾਮੁਕ ਹੋ ਜਾਂਦੇ ਹੋ। ਜਾਂ ਕੋਈ ਗਾਣਾ ਸੁਣ ਕੇ ਉਦਾਸ ਤੇ ਖੁਸ਼ ਹੋ ਜਾਂਦੇ ਹੋ। ਇਸਨੂੰ ਕਿਹਾ ਜਾਂਦਾ ਕੋਸ਼ਿਸ਼ ਰਾਹੀਂ ਜਾਂ ਘਟਨਾ ਰਾਹੀਂ ਤੁਸੀਂ ਉਹ ਫਿਲਿੰਗ ਬਾਹਰ ਕੱਢ ਲਈ।

ਪੂਰਾ ਬੇਹੋਸ਼ ਮਨ ਕੀ ਹੈ? ਜਿਸਨੂੰ ਤੁਸੀਂ ਕਿਸੇ ਤਰੀਕੇ ਦੇਖ ਸਮਝ ਨਹੀਂ ਸਕਦੇ, ਪਰ ਤੁਹਾਡੇ ਅੰਦਰ ਦੱਬਿਆ ਹੁੰਦਾ। ਕਈ ਬੰਦਿਆਂ ਅੰਦਰ ਕਾਮ ਜਾਗਦਾ ਨਹੀਂ। ਚਾਹੇ ਵੀਡੀਓ ਦੇਖਣ ਜਾਂ ਕੁਝ ਵੀ ਹੋਵੇ; ਪਰ ਫਿਰ ਵੀ ਉਨ੍ਹਾਂ ਅੰਦਰ ਕਾਮ ਕਿਤੇ ਗਹਿਰੇ ਮਨ ਦੱਬਿਆ ਜਰੂਰ ਹੁੰਦਾ। ਉਹ ਜਾਗਦਾ ਤਾਂ ਨਹੀਂ, ਕਿਤੇ ਕੋਈ ਘਟਨਾ ਨੇ ਉਸਨੂੰ ਪੀੜਤ ਕੀਤਾ ਹੁੰਦਾ। ਜਿਵੇਂ ਜ਼ਬਰਜਨਾਹ ਦੀਆਂ ਪੀੜਤ ਕੁੜੀਆਂ ਦੀ ਹੋਣੀ। ਇਸਨੂੰ ਹੋਰ ਸਮਝਣਾ ਹੋਵੇ, ਕਈ ਲੋਕ ਬਹੁਤ ਸਾਊ ਹੁੰਦੇ ਹਨ, ਪਰ ਇਕਦੰਮ ਹੀ ਕਤਲ ਕਰ ਦਿੰਦੇ, ਤੇ ਉਹ ਖੁਦ ਬਾਅਦ ਵਿੱਚ ਕਹਿੰਦੇ ਕਿ ਇਹ ਕਤਲ ਨਹੀਂ ਕੀਤਾ। ਸੁਚੇਤ ਅਤੇ ਅਚੇਤ ਮਨ ਨੂੰ ਕੰਟਰੋਲ ਕੀਤਾ ਜਾ ਸਕਦਾ, ਪਰ ਜੋ ਅੰਦਰ ਦੱਬਿਆ ਹੋਇਆ ਹੈ, ਉਹ ਇਨ੍ਹਾਂ ਦੋਹਾਂ 'ਤੇ ਪ੍ਰਭਾਵ ਪਾਉਂਦਾ ਹੈ, ਤੇ ਦਿਖਦਾ ਨਹੀਂ। ਗਹਿਰੇ ਤੋਂ ਗਹਿਰੇ ਮਨ ਦੀਆਂ ਅੱਗੇ ਪਰਤ-ਦਰ-ਪਰਤਾਂ ਹਨ; ਤੇ ਮਨ ਦਾ ਸ਼ੁੱਧੀਕਰਨ ਹੀ ਕਥਾਰਸਿਸ ਹੈ।

ਰੋਣਾ ਕਥਾਰਸਿਸ ਦੀ ਇੱਕ ਕਿਰਿਆ ਹੈ। ਇੱਕ ਤਾਂ ਕਿਸੇ ਮਾਰਿਆ, ਦੁੱਖ ਦਿੱਤਾ ਤਾਂ ਤੁਹਾਡਾ ਰੋਣ ਨਿਕਲ ਗਿਆ। ਜੇ ਤੁਸੀਂ ਰੋਣਾ ਅੰਦਰ ਦੱਬ ਲਿਆ ਤੇ ਬੇਹੋਸ਼ ਮਨ ਵਿੱਚ ਜਾ ਪਿਆ ਤਾਂ ਦਰਦ ਬਣ ਗਿਆ, ਨਾਸੂਰ ਬਣ ਗਿਆ। ਉਹ ਚੀਜਾਂ ਤੋਂ ਹੀ ਮਾਨਸਿਕ ਬਿਮਾਰੀਆਂ ਨਿਕਲਦੀਆਂ। ਮਨ ਇੱਕ ਸੌਫਟਵੇਅਰ ਹੈ, ਉਸ ਵਿੱਚ ਹੁਣ ਵਾਇਰਸ ਆ ਗਿਆ। ਦਮਨ ਨਾਲ ਜਾਂ ਨਾ ਕਿਸੇ ਦੇ ਮਿਲਣ ਨਾਲ ਜਾਂ ਜੋ ਤੁਸੀਂ ਚਾਹੁੰਦੇ ਸੀ, ਉਹ ਨਹੀਂ ਹੋਇਆ; ਉਹ ਦਮਨ, ਜੋ ਸਮਾਜ ਜਾਂ ਕਿਸੇ ਕਾਰਨ ਆ ਗਿਆ ਤੋਂ ਨਿਜ਼ਾਤ ਪਾਉਣਾ ਕਥਾਰਸਿਸ ਹੈ। 'ਕੱਲਾ ਰੋਣਾ ਹੀ ਨਹੀਂ; ਕਲਾ, ਪੇਂਟਿੰਗ, ਲਿਖ ਕੇ, ਕਿਸੇ ਨਾਲ ਗੱਲ ਕਰ ਕੇ, ਨੱਚ-ਗਾ ਕੇ, ਚੀਕਾਂ ਮਾਰ ਕੇ, ਕਸਰਤ ਕਰਕੇ, ਗਾਲ੍ਹਾਂ ਕੱਢ ਕੇ ਆਦਿ ਨਾਲ ਜਦੋਂ ਤੁਸੀਂ ਆਪਣਾ ਅੰਦਰਲਾ ਬਾਹਰ ਸੁੱਟ ਦਿੰਦੇ ਹੋ... ਕਥਾਰਸਿਸ ਹੈ। ਓਸ਼ੋ ਨੇ ਇੱਕ ਡਾਇਨਾਮਿਕ ਧਿਆਨ ਬਣਾਇਆ ਸੀ, ਇਸਦਾ ਨਾਮ 'ਧਿਆਨ' ਦਿੱਤਾ ਸੀ, ਪਰ ਅਸਲ ਵਿੱਚ ਅੰਦਰਲਾ ਪਾਗਲਪਨ ਕੱਢਣ ਦਾ ਤਰੀਕਾ ਸੀ। ਇਹ ਧਰਮ ਸਾਧਨਾ ਹੈ? ਤੁਸੀਂ ਮੰਨੋਗੇ ਨਹੀਂ, ਪਰ ਅਸਲ ਵਿੱਚ ਇਹ ਕਥਾਰਸਿਸ ਪ੍ਰਕਿਰਿਆ ਹੈ- ਰੋ ਕੇ, ਚੀਕਾ ਮਾਰ ਕੇ ਬੱਸ ਅੰਦਰਲਾ ਦੱਬਿਆ ਬਾਹਰ ਕੱਢ ਦੇਣਾ। ਹੱਸਣਾ ਵੀ ਕਥਾਰਸਿਸ ਹੈ, ਇਸੇ ਲਈ ਕਈ ਲਾਫਿੰਗ ਕਲੱਬ ਬਣੇ। ਮਨ ਦੇ ਕਲੀਨ ਕਰਨ ਦੇ ਕਈ ਤਰੀਕੇ ਹਨ। ਚੰਗਾ ਸੰਗੀਤ ਤੇ ਕੀਰਤਨ ਸੁਣਨਾ ਵੀ।

***-ਦਲਜੀਤ ਦਾਸ***

**ਇਤਿਹਾਸ ਦੇ ਪੰਨੇ**

# ਗੁਰੂ ਕਾ ਬਾਗ: ਅਕਾਲੀ ਸਰਫ਼ਰੋਸ਼ੀ



**ਗੁਰਚਰਨਜੀਤ ਸਿੰਘ ਲਾਂਬਾ**
santispahi@gmail.com

'ਗੁਰੂ ਦੁਆਰੈ ਹੋਇ ਸੋਝੀ ਪਾਇਸੀ॥' ਗੁਰਦੁਆਰਾ ਸਾਹਿਬ ਸਿੱਖਾਂ ਦੀ ਸਾਹ-ਰਗ ਹੈ। ਇਸ ਲਈ ਇੱਕ ਪੰਥਕ ਨਿਸ਼ਾਨਾ ਅਰਦਾਸ ਦੇ ਰੂਪ ਵਿੱਚ ਨਿਤਾਪ੍ਰਤਿ ਯਾਦ ਕੀਤਾ ਜਾਂਦਾ ਹੈ। ਇਹ ਹੈ, ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਪ੍ਰਾਪਤ ਹੋਵੇ। ਇਹ ਮੁਢਲਾ ਪੰਥਕ ਹੱਕ ਅਤੇ ਫ਼ਰਜ਼ ਸੀ, ਜਿਹੜਾ ਹਰ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਣ ਲੱਗ ਪਿਆ। ਇਹ ਤ੍ਰਾਸਦੀ ਹੈ ਕਿ ਮੁੱਢ ਕਦੀਮ ਤੋਂ ਹੀ ਵਕਤੀ ਸਰਕਾਰਾਂ ਗੁਰਦੁਆਰਾ ਪ੍ਰਬੰਧ ਨੂੰ ਆਪਣੇ ਅਧੀਨ ਰੱਖਣ ਲਈ ਹਰ ਹੀਲਾ ਵਰਤਦੀਆਂ ਰਹੀਆਂ ਹਨ। ਇਸ ਲਈ ਸਰਕਾਰਾਂ ਨੂੰ ਜਿਤਨਾ ਵੀ ਜ਼ੁਲਮੋ-ਤਸ਼ੱਦਦ ਕਰਨਾ ਪਵੇ, ਕੋਈ ਕੰਜੂਸੀ ਨਹੀਂ ਵਰਤੀ ਗਈ।

ਇਸ ਲੜੀ ਵਿੱਚ ਅੰਗਰੇਜ਼ੀ ਰਾਜ ਕਾਲ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕਾ ਬਾਗ, ਗੰਗਸਰ, ਜੈਤੋਂ, ਪੰਜਾ ਸਾਹਿਬ, ਨਨਕਾਣਾ ਸਾਹਿਬ, ਤਰਨਤਾਰਨ ਸਾਹਿਬ ਆਦਿ ਮੋਰਚਿਆਂ ਵਿੱਚ ਸਿੰਘਾਂ ਨੇ ਜੋ ਕੁਰਬਾਨੀਆਂ ਕੀਤੀਆਂ, ਉਹ ਲਹੂ ਰੰਗੇ ਸਿੱਖ ਇਤਿਹਾਸ ਦੇ ਸੁਨਹਿਰੀ ਪਤਰੇ ਹਨ। ਇਨ੍ਹਾਂ ਸਾਰਿਆਂ ਵਿੱਚ ਮੋਰਚਾ ਗੁਰੂ ਕਾ ਬਾਗ ਉਚੇਚੀ ਅਤੇ ਵਿਲੱਖਣ ਥਾਂ ਰਖਦਾ ਹੈ; ਪਰ ਪੰਥ ਨੇ ਆਪਣਾ ਆਪਾ ਵਾਰ ਕੇ ਚੜ੍ਹਦੀ ਕਲਾ ਨਾਲ ਫ਼ਤਹਿਯਾਬੀ ਹਾਸਲ ਕੀਤੀ। ਇਸ 'ਤੇ ਮਹਾਤਮਾ ਗਾਂਧੀ ਨੇ ਪੰਥ ਨੂੰ ਵਧਾਈ ਦੀ ਤਾਰ ਭੇਜੀ ਕਿ ਤੁਸੀਂ ਦੇਸ਼ ਦੀ ਆਜ਼ਾਦੀ ਦੀ ਪਹਿਲੀ ਵੱਡੀ ਜੰਗ ਜਿੱਤ ਲਈ।

ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥

ਇੱਥੇ ਇੱਕ ਵਾਹਿਗੁਰੂ ਦੀ ਅਦ੍ਰਿਸ਼ ਕਲਾ ਵੀ ਵਾਪਰੀ। ਸਿੱਖ ਦੇ ਜੀਵਨ ਦਾ ਹਰ ਪੱਖ ਧਰਮ ਹੇਠ ਜੀਵਿਆ ਜਾਂਦਾ ਹੈ। ਇਸ ਨੂੰ ਵੱਖ ਵੱਖ ਢੰਗ ਨਾਲ ਡੱਬੇ ਬੰਦ ਨਹੀਂ ਕੀਤਾ ਜਾ ਸਕਦਾ ਕਿ ਇਹ ਉਸਦਾ ਨਿਜੀ ਜੀਵਨ ਹੈ, ਇਹ ਵਪਾਰਕ ਜੀਵਨ ਹੈ, ਇਹ ਸਮਾਜਕ ਜੀਵਨ ਹੈ, ਆਦਿ ਆਦਿ। ਇਸ ਲਈ ਜਦੋਂ ਸਿੱਖ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜੱਦੋ ਜਹਿਦ ਕਰਦਾ ਹੈ ਤਾਂ ਇਹ ਵੀ ਧਰਮ ਯੁੱਧ ਹੀ ਕਰ ਰਿਹਾ ਹੁੰਦਾ ਹੈ। ਜਦੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਜਾਨਾਂ ਹੂਲ ਰਹੇ ਸਨ ਅਤੇ ਫ਼ਿਰੰਗੀ ਸਰਕਾਰ ਤੇ ਉਨ੍ਹਾਂ ਦੇ ਪਿੱਠੂ ਹਾਰਦੀ ਲੜਾਈ ਲੜ ਰਹੇ ਸਨ ਤਾਂ ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਰਾਇ ਦਿੱਤੀ ਕਿ ਤੁਸੀਂ ਇਸ ਗੁਰਦੁਆਰਾ ਸੁਧਾਰ ਲਹਿਰ ਨੂੰ ਫਿਲਹਾਲ ਰੋਕ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਲਈ ਕੰਮ ਕਰੋ। ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਗੁਰਦੁਆਰੇ ਤਾਂ ਆਪੇ ਹੀ ਆਜ਼ਾਦ ਹੋ ਜਾਣਗੇ। ਇਹ ਪੰਥ ਦੇ ਵਾਲੀ ਦੀ ਅਪਾਰ ਰਹਿਮਤ ਅਤੇ ਬਖਸ਼ਿਸ਼ ਹੋਈ ਕਿ ਸਾਡੇ ਬਜ਼ੁਰਗ ਇਸ ਝਾਂਸੇ ਵਿੱਚ ਨਹੀਂ ਆਏ। ਇਹ ਸਹਿਜੇ ਹੀ ਅਨੁਮਾਨਿਆ ਜਾ ਸਕਦਾ ਹੈ ਕਿ ਜੇ ਐਸਾ ਹੋ ਜਾਂਦਾ ਤਾਂ ਕੀ ਗੁਰਦੁਆਰੇ ਪੰਥ ਦੇ ਪ੍ਰਬੰਧ ਹੇਠ ਆ ਜਾਂਦੇ? ਸ਼ਬਦਕੋਸ਼ਾਂ ਵਿੱਚ ਅੰਗਰੇਜ਼ੀ ਦਾ ਅਰਥ ਛੁਰੀ, ਤਲਵਾਰ ਜਾਂ ਕੈਂਚੀ ਕੀਤਾ ਗਿਆ ਹੈ, ਜੋ ਅੰਗਾਂ ਦੇ ਟੋਟੇ ਕਰ ਦੇਵੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸੇ ਅਰਥ ਵਿੱਚ ਇਸ ਦਾ ਵਰਣਨ ਕੀਤਾ ਹੈ, 'ਅੰਗਰੇਜ਼ੀ ਗਹਿ ਕੈ ਛੁਰੀ ਤਾ ਕੀ ਗ੍ਰੀਵ ਤਕਾਇ॥ ਤਨਿਕ ਦਬਾਈ ਇਹ ਦਿਸਾ ਉਹਿ ਦਿਸਿ ਨਿਕਸੀ ਜਾਇ॥' ਅੰਗਰੇਜ਼ਾਂ 'ਤੇ ਇਹ ਪੂਰੀ ਤਰ੍ਹਾਂ ਢੁਕਦੀ ਹੈ। ਸੋ ਦੇਸ਼ ਦੀ ਵੰਡ ਦੇ ਬਾਅਦ ਦੀਆਂ ਸਰਕਾਰਾਂ ਨੇ ਇਹੀ ਅੰਗਰੇਜ਼ਾਂ ਵਾਲਾ ਵਰਤਾਰਾ ਜਾਰੀ ਰੱਖਿਆ। ਪੰਜਾਬ ਤੋਂ ਬਾਹਰਲੇ ਇਤਿਹਾਸਕ ਗੁਰਦੁਆਰਿਆਂ ਵਿੱਚ ਦਖ਼ਲ ਦੇਣ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਗ ਰੇਜ਼ਾ ਰੇਜ਼ਾ ਕੀਤੇ।

ਸੋ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਅਰੰਭ ਹੋਇਆ ਤਾਂ ਇਹ ਸਰਕਾਰੀ ਵਰਤਾਰਾ ਵਰਤ ਰਿਹਾ ਸੀ। ਸਰਕਾਰ ਮਹੰਤਾਂ ਦੀ ਪਿੱਠ 'ਤੇ ਆ ਖੜ੍ਹੀ ਹੋਈ ਕਿ ਸਿੱਖ ਉਸਦੀ ਜਾਇਦਾਦ 'ਤੇ ਜ਼ਬਰਦਸਤੀ ਦਾਖ਼ਲ ਹੋ ਰਹੇ ਹਨ। ਇਸ ਦੇ ਬਾਅਦ ਤਸ਼ੱਦਦ ਦੀ ਜਿਹੜੀ ਅਣਚਿਤਵੀ ਹਨੇਰੀ ਝੁਲੀ, ਉਸਨੇ ਨਾ ਕੇਵਲ ਸਾਰੇ ਦੇਸ਼ ਬਲਕਿ ਸੰਸਾਰ ਭਰ ਵਿੱਚ ਹਾਹਾਕਾਰ ਮਚਾ ਦਿੱਤੀ। ਇਸ ਵਿੱਚ ਇੰਗਲੈਂਡ ਤੋਂ ਆਏ ਪਾਦਰੀ, ਵੱਖ-ਵੱਖ ਧਰਮਾਂ ਅਤੇ ਰਾਜਨੀਤਕ ਆਗੂ ਇਸ ਦ੍ਰਿਸ਼ ਨੂੰ ਵੇਖ ਕੇ ਕੰਬ ਉਠੇ।

ਬੀ.ਟੀ. ਵਲੋਂ ਇਸ ਮੋਰਚੇ ਵਿੱਚ ਸਿਰਫ਼ ਸੁੰਮ ਵਾਲੀਆਂ ਡਾਂਗਾਂ ਨਾਲ ਹੀ ਨਹੀਂ ਸੀ ਕੁੱਟਿਆ ਜਾਂਦਾ ਬਲਕਿ ਹੰਟਰ ਮਾਰਨੇ, ਦਾੜ੍ਹੀ ਕੇਸ ਪੁਟਣੇ, ਜ਼ਖ਼ਮੀ ਸਿੰਘਾਂ ਨੂੰ ਧੂਹ ਕੇ ਛੱਪੜਾਂ ਅਤੇ ਨਹਿਰਾਂ ਵਿੱਚ ਸੁਟਣਾ, ਗੁਪਤ ਅੰਗਾਂ 'ਤੇ ਸੱਟਾਂ ਮਾਰਨੀਆਂ ਆਦਿ ਸਾਰੇ ਵਹਿਸ਼ਿਆਨਾ ਕੰਮ ਕੀਤੇ ਗਏ। ਸੈਂਟਰਲ ਮਾਝਾ ਦੀਵਾਨ ਦੇ ਜਥੇ ਨਾਲ ਅੰਨ੍ਹੀ ਮਾਰ ਕੁਟਾਈ ਕੀਤੀ, ਉਹ ਸਹਾਰ ਲਈ; ਪਰ ਇਸ ਦੇ ਬਾਅਦ ਤਾਕਤ ਵਿੱਚ ਅੰਨ੍ਹੇ ਹੋਏ ਬੀ.ਟੀ. ਨੇ ਕਿਹਾ ਕਿ ਦੱਸੋ! ਤੁਹਾਡਾ ਗੁਰੂ ਗੋਬਿੰਦ ਸਿੰਘ ਕਿੱਥੇ ਹੈ? ਇਹ ਕਹਿ ਕੇ ਉਸ ਨੇ ਆਪਣੀ ਮੌਤ ਦੇ ਵਾਰੰਟਾਂ 'ਤੇ ਖ਼ੁਦ ਦਸਤਖ਼ਤ ਕਰ ਦਿੱਤੇ।

ਅੰਮ੍ਰਿਤਸਰ ਸਾਹਿਬ ਦੀ ਖ਼ੈਰਦੀਨ ਦੀ ਮਸੀਤ ਵਿੱਚ ਇੱਕ ਬਹੁਤ ਵੱਡਾ ਜਲਸਾ ਮੁਨੱਕਦ ਕੀਤਾ ਗਿਆ, ਜਿੱਥੇ ਮੋਰਚੇ ਦੀ ਸਫ਼ਲਤਾ ਅਤੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਦੁਆ ਮੰਗੀ ਗਈ। ਕੋਈ ਤਬਕਾ ਐਸਾ ਨਹੀਂ ਰਿਹਾ, ਜਿਸਨੇ ਅੰਗਰੇਜ਼ਾਂ ਅਤੇ ਬੀ.ਟੀ. ਨੂੰ ਲਾਅਨਤਾਂ ਨਹੀਂ ਪਾਈਆਂ।

ਅਕਾਲ ਤਖ਼ਤ ਸਾਹਿਬ ਤੋਂ ਹਰ ਹਾਲਤ ਵਿੱਚ ਸ਼ਾਂਤਮਈ ਰਹਿਣ ਦੀ ਅਰਦਾਸ ਕਰਕੇ ਸਿਰ 'ਤੇ ਖੱਫਣ ਬੰਨ੍ਹ ਕੇ ਗੁਰੂ ਕੇ ਸੂਰਮੇ ਲਾਲ ਤੁਰਦੇ ਸਨ। ਉਨ੍ਹਾਂ ਦੇ ਗਾਤਰੇ ਸ੍ਰੀ ਸਾਹਿਬ ਹਨ। ਉਨ੍ਹਾਂ ਦੇ ਸਿਰਾਂ 'ਤੇ ਸੁੰਮਾਂ ਵਾਲੀਆਂ ਡਾਂਗਾਂ ਵਰ੍ਹਦੀਆਂ ਸਨ। ਆਮ ਤੌਰ 'ਤੇ ਜੇ ਕਿਸੇ ਨੂੰ ਕੋਈ ਸੋਟੀ ਮਾਰੇ ਤਾਂ ਆਪ ਮੁਹਾਰੇ ਉਸ ਦੇ ਹੱਥ ਹਿਲਣਗੇ, ਹੱਥ ਉਠਣਗੇ; ਪਰ ਹੈਰਾਨੀ ਦੀ ਇੰਤਹਾ ਹੋਈ ਕਿ ਉਨ੍ਹਾਂ ਜ਼ਿੰਦਾ ਸ਼ਹੀਦਾਂ ਦੇ ਹੱਥ ਜੁੜੇ ਹੋਏ ਹਨ, ਸਿਰ 'ਤੇ ਡਾਂਗ ਵੱਜੀ ਹੈ, ਸਿਰ ਖੁੱਲ੍ਹ ਗਿਆ ਹੈ, ਖ਼ੂਨ ਦਾ ਫ਼ੱਵਾਰਾ ਚਲ ਪਿਆ ਹੈ, ਪਰ ਉਨ੍ਹਾਂ ਦੇ ਹੱਥ ਜੁੜੇ ਦੇ ਜੁੜੇ ਹਨ। ਇਹ ਕਿਹੋ ਜਿਹੇ ਹਠੀ ਹਨ, ਜਿਨ੍ਹਾਂ ਦੀ ਕਮਾਈ ਨੂੰ ਰੋਜ਼ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ।

ਤੈਨੂੰ ਮਾਣ ਹੈ ਜਾਬਰਾ ਗੋਲੀਆਂ 'ਤੇ,
ਜੇਲ੍ਹਾਂ ਚੱਕੀਆਂ ਤੇ ਤੇਜ਼ ਕਾਤੀਆਂ 'ਤੇ।
ਸਾਨੂੰ ਮਾਣ ਹੈ ਸਬਰ ਦੀ ਤੇਗ ਉਤੇ,
ਤੀਰ ਝਲਨੇ ਵਾਲੀਆਂ ਛਾਤੀਆਂ 'ਤੇ। (ਵਿਧਾਤਾ ਸਿੰਘ ਤੀਰ)

ਡਾਂਗਾਂ ਦੀ ਮੋਹਲੇਧਾਰ ਬਰਖਾ ਨਾਲ ਉਹ ਧਰਤੀ 'ਤੇ ਡਿੱਗ ਪੈਂਦੇ ਸਨ। ਉਨ੍ਹਾਂ ਦੇ ਉੱਤੇ ਘੋੜੇ ਦੌੜਾ ਕੇ ਉਨ੍ਹਾਂ ਦੀਆਂ ਸੁੰਮਾਂ ਨਾਲ ਲਤਾੜਿਆ ਜਾਂਦਾ। ਇਹ ਹੈ ਅਸਲੀ ਚਿਹਰਾ ਸੱਭਿਅਕ ਅਖਵਾਉਣ ਵਾਲੇ ਗੋਰਿਆਂ ਦਾ! ਪਰ ਨਾਲ ਹੀ ਇਹ ਸਨ ਇੱਕ ਅਕਾਲ ਦੇ ਉਪਾਸ਼ਕ ਧੰਨ ਅਕਾਲੀ। ਜੇ ਐਸੇ ਅਕਾਲੀਆਂ ਦੇ ਕਿਰਦਾਰ ਦਾ ਕਿਣਕਾ ਵੀ ਹੁਣ ਦੇ ਅਕਾਲੀਆਂ ਵਿੱਚ ਆ ਜਾਏ ਤਾਂ ਕੋਈ ਸੰਸਾ ਨਹੀਂ ਕਿ ਪੰਥ ਤੇਰੇ ਦੀਆਂ ਗੂੰਜਾ ਨਾ ਪੈਣ ਸਾਰੇ ਸੰਸਾਰ ਵਿੱਚ। ਰਾਖਾ ਆਪ ਅਕਾਲ ਅਕਾਲੀਆਂ ਦਾ। ਅਕਾਲੀ ਕਿਰਦਾਰ ਦੀ ਤਰਜਮਾਨੀ ਉਸ ਸਮੇਂ ਗਿਆਨੀ ਹੀਰਾ ਸਿੰਘ ਦਰਦ ਨੇ ਕੀਤੀ,

ਅੱਖਾਂ ਖੋਲ੍ਹੋ ਵਿਲਤ ਵੀਰੋ, ਆ ਗਿਆ ਫੇਰ ਅਕਾਲੀ ਜੇ।
ਝੰਡਾ ਫੜਿਆ ਹੱਥ ਸੱਚ ਦਾ, ਜੋਤ ਮਾਰਦੀ ਲਾਲੀ ਜੇ।
ਅੱਖੀਂ ਵੇਖ ਬੇਅਦਬੀ ਹੁੰਦੀ, ਬੀਰ ਨਾ ਕਦੀ ਸਹਾਰ ਸਕੇ।
ਜਿਸ ਨੇ ਸੀਸ ਤਲੀ 'ਤੇ ਧਰਿਆ, ਉਸ ਨੂੰ ਕੋਈ ਨਾ ਮਾਰ ਸਕੇ।...
ਜੀਊਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨਾ ਹਾਰ ਸਕੇ।
ਇੱਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹੋ ਵਿਲਤ ਵੀਰੋ।...

ਅਗਸਤ 1922 ਵਿੱਚ ਗੁਰੂ ਕਾ ਬਾਗ ਸ਼੍ਰੋਮਣੀ ਕਮੇਟੀ ਦੇ ਅਧੀਨ ਆ ਗਿਆ। ਇੱਥੋਂ ਗੁਰੂ ਕੇ ਲੰਗਰ ਲਈ ਬਾਲਣ ਦੀਆਂ ਲੱਕੜਾਂ ਲਿਆਈਆਂ ਜਾਂਦੀਆਂ ਸਨ। ਪਰ ਮਹੰਤ ਦੀ ਰਿਪੋਰਟ 'ਤੇ ਸਰਕਾਰ ਪੂਰੀ ਬੇਸ਼ਰਮੀ ਨਾਲ ਵਿਚਕਾਰ ਆ ਗਈ। ਫਿਰ ਸ਼ੁਰੂ ਹੋਇਆ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਕੇ ਬਾਗ ਵੱਲ ਜਾਣ ਵਾਲੇ ਜਥਿਆਂ 'ਤੇ ਤਸ਼ੱਦਦ। ਸਿੰਘਾਂ ਨੂੰ ਬੇਤਹਾਸ਼ਾ ਅਤੇ ਵਹਿਸ਼ਿਆਨਾ ਢੰਗ ਨਾਲ ਕੁਟਿਆ ਜਾਂਦਾ, ਡਾਂਗਾਂ ਨਾਲ ਫੇਹਾ ਜਾਂਦਾ, ਰਫਲਾਂ ਦੇ ਬੱਟ ਮਾਰੇ ਜਾਂਦੇ; ਪਰ ਸਿੰਘ ਹੱਥ ਜੋੜ ਵਾਹਿਗੁਰੂ ਵਾਹਿਗੁਰੂ ਦੇ ਇਲਾਵਾ ਕੋਈ ਲਫ਼ਜ਼ ਨਾ ਬੋਲਦੇ। ਇਸ ਸਮੇਂ ਅਖ਼ਬਾਰਾਂ ਦੇ ਐਡੀਟਰ, ਹਕੀਮ ਅਜਮਲ ਖਾਨ ਤੇ ਹੋਰ ਰਾਜਨੀਤਕ ਆਗੂ ਮੌਕੇ 'ਤੇ ਪਹੁੰਚ ਕੇ ਨਮ ਅੱਖਾਂ ਨਾਲ ਇਹ ਸਭ ਕੁਝ ਵੇਖਦੇ। ਜ਼ਿਮੀਂਦਾਰ ਦੇ ਐਡੀਟਰ ਮੌਲਾਨਾ ਜ਼ਫ਼ਰ ਅਲੀ ਅਤੇ ਲਾਲਾ ਮੇਲਾ ਰਾਮ ਵਫ਼ਾ ਨੇ ਕਵਿਤਾਵਾਂ ਲਿਖੀਆਂ। ਪੰਡਤ ਮਦਨ ਮੋਹਨ ਮਾਲਵੀਯ ਨੇ ਕਿਹਾ ਕਿ ਹਰ ਇੱਕ ਡਾਂਗ ਬ੍ਰਿਟਿਸ਼ ਸਰਕਾਰ ਦੀਆਂ ਜੜ੍ਹਾਂ ਉਤੇ ਵਾਰ ਸਾਬਤ ਹੋਏਗਾ। 12 ਸਤੰਬਰ ਨੂੰ ਪਾਦਰੀ ਸੀ. ਐਫ਼. ਐਂਡਰੀਊ ਨੇ ਹਾਜ਼ਰ ਹੋ ਕੇ ਇਹ ਸਾਰਾ ਦ੍ਰਿਸ਼ ਵੇਖਿਆ ਅਤੇ ਕਈ ਲੇਖ ਲਿਖੇ। ਉਸ ਨੇ ਕੁਰਲਾ ਕੇ ਕਿਹਾ ਕਿ ਕਾਲੀਆਂ ਪਗੜੀਆਂ ਵਾਲੇ ਇਨ੍ਹਾਂ ਨਿਰਦੋਸ਼ ਨਿਹੱਥੇ ਸਿੱਖਾਂ ਉੱਤੇ ਪਿੱਤਲ ਦੀਆਂ ਸੁੰਮਾਂ ਵਾਲੀਆਂ ਡਾਂਗਾਂ ਨਾਲ ਕਾਇਰਾਨਾ ਹਮਲਾ ਕੀਤਾ ਜਾ ਰਿਹਾ ਹੈ। ਉਸ ਨੇ ਸਰਕਾਰ ਨੂੰ ਵੀ ਲਿਖਿਆ ਕਿ ਇਹ ਡਾਂਗਾਂ ਈਸਾ ਮਸੀਹ 'ਤੇ ਵਰ੍ਹਦੀਆਂ ਵੇਖ ਰਿਹਾ ਹਾਂ।



'ਗੁਰੂ ਕਾ ਬਾਗ' ਮੋਰਚਾ ਦੌਰਾਨ ਸਿੰਘਾਂ ਉਤੇ ਜ਼ੁਲਮ ਢਾਹੇ ਜਾਣ ਦਾ ਚਿੱਤਰ-ਦ੍ਰਿਸ਼

ਇਹ ਉਹ ਅਕਾਲੀ ਸੂਰਮੇ ਸਨ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਕਾਲੀ ਦਲ ਹੋਂਦ ਵਿੱਚ ਆਇਆ। ਪੰਡਤ ਲਾਲਾ ਮੇਲਾ ਰਾਮ ਵਫ਼ਾ ਨੇ ਉਸ ਸਮੇਂ ਲਿਖਿਆ,

ਤੇਰੀ ਕੁਰਬਾਨੀਓਂ ਕੀ ਧੂਮ ਹੈ ਆਜ ਇਸ ਜ਼ਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਤੂ ਅਕਾਲੀ ਹੈ।...
ਬੜੀ ਤਾਰੀਫ਼ ਕੇ ਕਾਬਲ ਤੇਰੀ ਹਿੰਮਤ ਓ ਜੁਰਅਤ,
ਜਦੋ ਜਹਿਦ ਆਜ਼ਾਦੀ ਮੇਂ ਤੂੰ ਨੇ ਜਾਨ ਡਾਲੀ ਹੈ।
ਕੀਆ ਹੈ ਜ਼ਿੰਦਾ ਤੂੰ ਨੇ ਰਵਾਇਆਤੇ ਗੁਜ਼ੱਸ਼ਤਾ ਕੋ,
ਸਿਤਮਗਰੋਂ ਸੇ ਤੂੰ ਨੇ ਕੌਮ ਕੀ ਇੱਜ਼ਤ ਬਚਾ ਲੀ ਹੈ।
ਜ਼ਾਲਿਮੋਂ ਕੀ ਲਾਠੀਆਂ ਤੂੰ ਨੇ ਸਹੀ ਸੀਨਾਏ ਸਪਰ ਹੋ ਕਰ,
ਲੁਤਫ਼ ਇਸ ਪੈ ਕਿ ਲਬ ਪਹਿ ਸ਼ਿਕਾਇਤ ਹੈ ਨਾ ਗਾਲੀ ਹੈ।

ਇਸ ਅਕਾਲੀ ਲਹਿਰ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਆਪਣੀ ਗ੍ਰਿਫ਼ਤਾਰੀ ਦਿੱਤੀ ਅਤੇ ਨਾਭੇ ਜੇਲ੍ਹ ਵਿੱਚ ਕੈਦ ਕੱਟੀ। ਪੰਡਤ ਨਹਿਰੂ ਨੇ ਲਿਖਿਆ ਕਿ ਅਕਾਲੀਆਂ ਦੇ ਇਸ ਮਹਾਨ ਕਾਰਜ ਵਿੱਚ ਯੋਗਦਾਨ ਪਾ ਕੇ ਉਹ ਮਾਣ ਮਹਿਸੂਸ ਕਰ ਰਹੇ ਹਨ; ਪਰ ਇਤਿਹਾਸ ਕੇਵਲ ਆਪਣੀ ਚਾਲ ਹੀ ਨਹੀਂ ਚਲਦਾ ਬਲਕਿ ਜਦੋਂ ਸੱਤਾ ਦੀ ਵਾਗਡੋਰ ਪੰਡਤ ਨਹਿਰੂ ਦੇ ਹੱਥ ਆਈ ਤਾਂ ਇਹ ਗੁਰੂ ਕੇ ਬਾਗ ਵਰਗਾ ਜ਼ੁਲਮ ਸਿੱਖਾਂ ਦੇ ਉੱਤੇ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਪੁਲਿਸ ਦਾਖ਼ਲ ਕਰਵਾ ਕੇ ਅਤੇ ਮੁੜ 12 ਜੂਨ 1960 ਨੂੰ ਦਿੱਲੀ ਦੀਆਂ ਸੜਕਾਂ 'ਤੇ ਨਿਹੱਥੇ ਸਿੱਖਾਂ ਦਾ ਖ਼ੂਨ ਡੋਲ੍ਹਿਆ ਗਿਆ। ਫਰਕ ਸਿਰਫ਼ ਇਤਨਾ ਸੀ ਕਿ ਸਿੱਖ ਤਾਂ ਉਹੀ ਸਨ, ਹਾਕਮ ਬਦਲ ਚੁਕੇ ਸਨ।

ਅੰਗ+ਰੇਜ਼ੀ, ਅੰਗਰੇਜ਼ੀ ਹਕੂਮਤ ਦੇ ਬੀ.ਟੀ. ਦੀਆਂ ਡਾਂਗਾਂ ਦੇ ਜਿਹੜੇ ਵਹਿਸ਼ਿਆਨਾ ਤਸ਼ੱਦਦ, ਜ਼ੁਲਮ, ਕਹਿਰ ਗੁਰੂ ਰੂਪ ਖ਼ਾਲਸੇ ਨੇ ਆਪਣੇ ਸਰੀਰ 'ਤੇ ਹੰਢਾਏ, ਉਸ ਨੇ 18ਵੀਂ ਸਦੀ ਦੇ ਇਤਿਹਾਸ ਨੂੰ ਮੁੜ ਪ੍ਰਤੱਖ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਤੋਂ ਲੈ ਕੇ ਬਾਕਾਇਦਾ ਕਾਨੂੰਨੀ ਮਾਨਤਾ ਪ੍ਰਾਪਤ ਹੋਣ ਦੇ ਵਿਚਕਾਰ ਦਾ ਇਹ ਸਮਾਂ ਬਹੁਤ ਹੀ ਭਾਰਾ ਸੀ। ਸਿੰਘਾਂ ਦੇ ਸਿਰੜ ਨੂੰ ਪਰਖਣ ਅਤੇ ਕੁਚਲਣ ਲਈ ਸਰਕਾਰ ਨੇ ਆਪਣੀ ਪੂਰੀ ਤਾਕਤ ਝੋਕ ਦਿੱਤੀ। ਮੁੱਦਾ ਸਿਰਫ਼ ਇਤਨਾ ਸੀ ਕਿ ਕੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਤੋਂ ਲੰਗਰ ਲਈ ਲੱਕੜਾਂ ਲਿਜਾਣ ਦਾ ਹੱਕ ਵੀ ਸਿੱਖਾਂ ਨੂੰ ਹੈ ਜਾਂ ਨਹੀਂ!

ਉਸ ਸਮੇਂ ਹੁੰਦੇ ਤਸ਼ੱਦਦ ਨੂੰ ਸਾਰੇ ਸੰਸਾਰ ਨੇ ਵੇਖਿਆ ਅਤੇ ਹਰ ਇੱਕ ਦੀਆਂ ਅੱਖਾਂ ਨਮ ਹੋ ਗਈਆਂ। ਪਾਦਰੀ ਸੀ. ਐਫ਼ ਐਂਡਰਿਊ, ਜਵਾਹਰ ਲਾਲ ਨਹਿਰੂ ਤੋਂ ਲੈ ਕੇ ਹਰ ਇੱਕ ਨੇ ਹਕੂਮਤ 'ਤੇ ਲਾਅਨਤ ਪਾਈ।

ਇਸ ਮੋਰਚੇ ਦੌਰਾਨ ਇੱਕ ਨੌਜਵਾਨ ਨੂੰ ਬੀ.ਟੀ. ਗੋਰਖੇ ਸਿਪਾਹੀਆਂ ਕੋਲੋਂ ਬੇ-ਦਰਦੀ ਨਾਲ ਕੁਟਵਾ ਰਿਹਾ ਸੀ। ਅਚਾਨਕ ਉਸ ਨੌਜਵਾਨ ਨੇ ਉਨ੍ਹਾਂ ਦੋਹਾਂ ਸਿਪਾਹੀਆਂ ਨੂੰ ਆਪਣੀਆਂ ਕੱਛਾਂ ਵਿੱਚ ਚੁੱਕਿਆ ਅਤੇ ਬੀ.ਟੀ. ਕੋਲ ਲਿਜਾ ਕੇ ਕਹਿਣ ਲੱਗਾ ਕਿ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਅਰਦਾਸੇ ਦਾ ਜ਼ਾਬਤਾ ਨਾ ਹੁੰਦਾ ਤਾਂ ਹੁਣੇ ਪਤਾ ਲੱਗ ਜਾਣਾ ਸੀ।

ਅਕਾਲੀਆਂ ਦੀਆਂ ਕੁਰਬਾਨੀਆਂ ਅਤੇ ਕਿਰਦਾਰ ਤੋਂ ਪ੍ਰਭਾਵਤ ਹੋ ਕੇ ਉਸ ਸਮੇਂ ਮਦਰਾਸ ਦੇ ਜੀ. ਏ. ਸੁੰਦਰਮ ਨੇ ਅੰਗਰੇਜ਼ੀ ਵਿੱਚ ਇੱਕ ਕਿਤਾਬ 'ਗੁਰੂ ਕਾ ਬਾਗ ਸਤਿਆਗ੍ਰਹਿ' ਲਿਖੀ। ਇਸ ਵਿੱਚ ਆਜ਼ਾਦੀ ਘੁਲਾਟੀਏ ਹਰਿੰਦਰਨਾਥ ਚਟੋਪਾਧਿਆਏ ਨੇ ਇੱਕ ਨਜ਼ਮ ਲਿਖੀ, 'ਸਾਂਗ ਆਫ਼ ਦ ਅਕਾਲੀਜ਼।' ਇਸ ਵਿੱਚ ਕਿਹਾ ਕਿ ਇਸ ਮੋਰਚੇ ਵਿੱਚ ਸਿੰਘਾਂ ਦੇ ਸਰੀਰ ਨਹੀਂ ਬਲਕਿ ਉਨ੍ਹਾਂ ਦੀਆਂ ਰੂਹਾਂ ਲੜ ਰਹੀਆਂ ਹਨ ਤੇ ਰੂਹਾਂ ਜਿੱਤੀਆਂ ਨਹੀਂ ਜਾ ਸਕਦੀਆਂ।

ਪੇਸ਼ ਹੈ, ਇਸ ਕਵਿਤਾ ਦਾ ਪੰਜਾਬੀ ਰੂਪ:

ਅਕਾਲੀਆਂ ਦਾ ਜਸ ਗੀਤ
ਟਿੱਲ ਲਾ ਲੈ ਜੋ ਤੂੰ ਲਾਵਣਾ ਏ
ਨਹੀਂ ਮੋੜਨਾ ਕਦਮ ਪਿਛਾਂਹ ਇੱਕ ਵੀ,
ਇਹ ਰਣ-ਜੂਝ ਦੀ ਗੁੜ੍ਹਤੀ ਸਰੀਰਾਂ ਦੀ ਨਹੀਂ, ਰੂਹ ਦੀ ਏ।
ਤੇਰੇ ਬੇਜਾਨ ਹਥਿਆਰ ਕਿਵੇਂ ਹਟਕਾਊਣਗੇ,
ਤਖ਼ਤ ਅਕਾਲ 'ਤੇ ਸੋਧੇ ਇਸ ਜ਼ਾਬਤੇ ਦੇ ਅਰਦਾਸੇ ਤੋਂ।
ਸਾਡੀਆਂ ਦੇਹਾਂ? ...ਅਡੋਲ ਆਤਮਾ ਨੂੰ ਵਲੇਟੀ ਕੇਵਲ ਮਿੱਟੀ ਦੇ ਓਹਲੇ,
ਕੀ ਜਾਣੇ ਇਹ ਸੁੰਨ ਮਿੱਟੀ, ਜ਼ਖ਼ਮਾਂ, ਪੀੜਾਂ, ਦੁਖਾਂ, ਤਕਲੀਫਾਂ ਦੀ ਤਾਬ।
ਅਬਿਨਾਸ਼ੀ ਹੋ ਚੁਕੀ ਇਹ ਪ੍ਰੇਮ ਪ੍ਰੋਤੀ ਰੂਹ,
ਹੋ ਸੁਰਗ ਨਰਕ ਤੋਂ ਮੰਜ਼ਿਲਾਂ ਦੂਰ, ਛੱਡ ਚੁਕੀ ਹੈ ਭੈ ਦੇ ਕਾਲੇ ਬੱਦਲ।
ਇੱਥੇ ਇੱਕ ਨਹੀਂ ਹਰ ਯੋਧਾ ਬੰਦ ਬੰਦ ਪੇਸ਼ ਕਰਨ ਲਈ ਹੈ ਬੇਤਾਬ,
ਤੇਰੀ ਬੇਵਸ ਹੰਕਾਰੀ ਹਵਸ ਤੋਂ ਲਤਾੜੇ ਜਾਣ ਲਈ,
ਇਹ ਦਰਗਾਹੀ ਰੂਹਾਂ ਅਲਾਅ ਰਹੀਆਂ ਹਨ 'ਰਣਜੀਤ' ਦੇ ਤਰਾਨੇ।
ਸ਼ਿੰਗਾਰੀ ਜਾ ਤੂੰ ਸਾਡੀ ਮਿੱਝ ਅਤੇ ਰਤ ਨਾਲ ਆਪਣੇ ਦੋਜ਼ਖ ਦੇ ਹਨੇਰੇ ਪੈਂਡੇ,
ਖਿੜੇ ਮੱਥੇ ਖੁੰਡੀਆਂ ਕਰੀਂ ਜਾਨੇਂ ਆਂ ਤੇਰੀਆਂ ਤਲਵਾਰਾਂ ਦੀਆਂ ਧਾਰਾਂ।
ਤੂੰ ਬੰਨ ਸਕੇਂਗਾ ਆਜ਼ਾਦ ਆਤਮਾ ਨੂੰ ਸੰਗਲਾਂ ਨਾਲ?
ਭਰ ਲੈ ਪਾਪ ਦੇ ਕਾਸੇ ਸਾਡੇ ਪਾਵਨ ਲਹੂ ਦੀਆਂ ਧਾਰਾਂ ਨਾਲ,
ਸਦੀ ਦੇ ਲਗੇ ਹੋਏ ਦਾਗਾਂ ਨੂੰ ਧੋਣ ਹਿਤ।
ਸਾਡੇ ਜਲੌ ਅਤੇ ਸ਼ਾਹੀ ਜਲਵੇ ਦੇ ਜਲਾਲ ਨੂੰ ਕਿਵੇਂ ਪਾਏਂਗਾ ਮਾਤ,
ਜੋ ਪਾਵਨ 'ਮਦਰ ਦੇਸ' ਹਿਤ ਦੁੱਖ ਸਹਿਣ ਲਈ ਹੈ ਚੇਤੰਨ?
ਕਰ ਸਕਦਾ ਹੈਂ ਕੀ ਤੂੰ? ਸਿਦਕ ਭਰੋਸਾ ਸਾਡਾ ਹੈ ਸਮਰੱਥ,
ਅੰਗ ਸੂਕਦੇ ਤੇਰੇ ਹਥਿਆਰਾਂ ਨੂੰ ਭਸਮਾਉਣ ਲਈ

ਇਸ ਸਾਰੇ ਜ਼ੁਲਮੋ ਤਸ਼ੱਦਦ ਦਾ ਚੰਦ੍ਰ ਰਿਆਸਤ ਪਟਿਆਲੇ ਦੇ ਪਿੰਡ ਚੱਢੇ ਦਾ ਰਹਿਣ ਵਾਲਾ ਪੁਲਿਸ ਕਪਤਾਨ ਬੀ.ਟੀ. ਸੀ। ਉਸ ਦੀ ਦੁਸ਼ਮਣੀ ਉਸ ਦੇ ਰਿਸ਼ਤੇਦਾਰ ਕਾਕਾ ਸਿੰਘ ਨਾਲ ਸੀ।

ਹੁਣ ਵੇਲਾ ਆ ਗਿਆ ਬੀ.ਟੀ. ਵਲੋਂ ਪਾਈ ਭਾਜੀ ਮੋੜਨ ਦਾ। ਬੱਬਰ ਅਕਾਲੀ ਕਰਤਾਰ ਸਿੰਘ ਝੀਨਾਵਾਲ, ਭੋਲਾ ਸਿੰਘ ਲੋਹਾ ਖੇੜਾ, ਕੂੰਢਾ ਸਿੰਘ ਗਾਜ਼ੀਆਣਾ ਅਤੇ ਫ਼ਜ਼ਲਾ ਘੁੰਮਣ ਨੇ ਪੁਲਿਸ ਦੀ ਵਰਦੀ ਪਾਈ ਤੇ ਬੀ.ਟੀ. ਦੇ ਦੁਸ਼ਮਣ ਕਾਕਾ ਸਿੰਘ ਨੂੰ ਰਲਾਇਆ। ਉਹ ਉਸ ਨੂੰ ਧੂਹੰਦੇ ਅਤੇ ਮਾਰ ਕੁਟਾਈ ਕਰਦੇ ਹੋਏ ਬੀ.ਟੀ. ਦੀ ਕੋਠੀ ਲਿਜਾ ਕੇ ਉਸ ਦੇ ਪੈਰਾਂ ਵਿੱਚ ਸੁੱਟਿਆ। ਕਾਕਾ ਸਿੰਘ ਨੂੰ ਕਿਹਾ ਸਾਹਬ ਦੇ ਪੈਰੀਂ ਪੈ ਕੇ ਮੰਗ ਮਾਫ਼ੀ। ਕਾਕਾ ਸਿੰਘ ਜਦੋਂ ਬੀ.ਟੀ. ਦੇ ਪੈਰੀਂ ਪਿਆ, ਉਸ ਨੇ ਪੈਰ ਫੜੇ ਅਤੇ ਉਸਨੂੰ ਲੱਤਾਂ ਤੋਂ ਉਲਟਾ ਦਿੱਤਾ। ਬਸ ਇਸ ਵੇਲੇ ਉਨ੍ਹਾਂ ਸਿੰਘਾਂ ਨੇ ਗੋਲੀਆਂ ਨਾਲ ਬੀ.ਟੀ. ਭੁੰਨ ਦਿੱਤਾ।

ਹੁਣ ਵਾਰੀ ਸੀ ਬੀ.ਟੀ. ਦੇ ਕਾਤਲ ਨੂੰ ਸਨਮਾਨ ਦੇਣ ਦੀ। ਬਾਬਾ ਝੀਨਾ ਵਾਲ ਤੇ ਲੋਹਾਖੇੜਾ ਉਮਰ ਕੈਦ ਭੋਗ ਕੇ ਰਿਹਾਅ ਹੋਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 27 ਨਵੰਬਰ 1959 ਦੇ ਜਨਰਲ ਇਜਲਾਸ ਵਿੱਚ ਇਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਮਤਾ ਪਾਸ ਕੀਤਾ, ਜੋ ਪੰਜਾਹ ਸਾਲਾ ਇਤਿਹਾਸ ਦੇ ਪੰਨਾ 304 'ਤੇ ਅੰਕਿਤ ਹੈ।

(1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਇਜਲਾਸ ਬਾਬਾ ਕਰਤਾਰ ਸਿੰਘ ਝੀਨੇਵਾਲ ਤੇ ਬਾਬਾ ਭੋਲਾ ਸਿੰਘ ਲੋਹਾ ਖੇੜਾ ਜ਼ਿਲਾ ਸੰਗਰੂਰ ਦੀ ਉਸ ਸੇਵਾ ਦੀ ਪ੍ਰਸ਼ੰਸਾ ਕਰਦਾ ਹੈ ਕਿ ਜੋ ਉਨ੍ਹਾਂ ਨੇ ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ ਦੇ ਮੋਰਚੇ ਅਤੇ ਅਤਿਆਚਾਰੀ ਮਿਸਟਰ ਬੀ.ਟੀ. ਦੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਕੱਟ ਕੇ ਕੀਤੀ ਤੇ ਉਸ ਕੈਦ ਵਿੱਚੋਂ ਉਹ ਹੁਣੇ ਰਿਹਾਅ ਹੋਏ ਹਨ।

(2) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇਸ਼ ਭਗਤਾਂ ਨੂੰ ਖੁੱਲ੍ਹੀ ਸਹਾਇਤਾ ਦੇਵੇ ਤਾਂਕਿ ਇਹ ਆਪਣੀ ਬਕਾਇਆ ਜ਼ਿੰਦਗੀ ਸੁਖ ਨਾਲ ਬਤੀਤ ਕਰ ਸਕਣ।

ਸਮਾਂ ਬਦਲ ਗਿਆ, ਪਾਤਰ ਬਦਲ ਗਏ; ਪਰ ਪੰਥਕ ਹਾਲਾਤ ਨਹੀਂ ਬਦਲੇ। ਅਕਾਲੀ ਲਹਿਰ ਅਤੇ ਵਿਸ਼ੇਸ਼ ਕਰ ਗੁਰੂ ਕੇ ਬਾਗ ਦੇ ਮਹਾਨ ਯੋਧਿਆਂ ਨੂੰ ਯਾਦ ਕਰਦਿਆਂ ਮਹਾਨ ਅਕਾਲੀ ਲਫ਼ਜ਼ ਦੇ ਕਿਣਕਾ ਮਾਤਰ ਗੁਣ ਹਾਸਲ ਕਰਨ ਦਾ ਅਤੇ ਗੁਰਦੁਆਰਿਆਂ ਵਿੱਚ ਸਿੱਧੇ-ਅਸਿੱਧੇ ਤੌਰ 'ਤੇ ਸਰਕਾਰੀ ਦਖ਼ਲਅੰਦਾਜ਼ੀ ਨੂੰ ਠੱਲ੍ਹ ਪਾਉਣ ਦਾ ਸਮਾਂ ਹੈ!

# ਗਿਆਰਾਂ ਸਾਲ ਨੇਪਾਲ ਰਹੀ ਮਾਈ...

ਹਰਜੋਤ ਸਿੰਘ ਸਿੱਧੂ*
ਫੋਨ: +91-9854800075

ਸਾਲ 2022 ਵਿੱਚ ਮੈਂ ਨੇਪਾਲ ਵਿੱਚ ਸੀ। ਮੈਨੂੰ ਕਾਠਮੰਡੂ ਵਿੱਚ ਸਭ ਤੋਂ ਪੁਰਾਣੇ ਅਤੇ ਪਵਿੱਤਰ ਮੰਦਰ ਪਸ਼ੂਪਤੀਨਾਥ ਵਿੱਚ ਮੱਥਾ ਟੇਕਣ ਦਾ ਮੌਕਾ ਮਿਲਿਆ। ਨੇਪਾਲ ਨੂੰ ਮਾਊਂਟ ਐਵਰੈਸਟ, ਕੰਚਨਜੰਗਾ ਅਤੇ ਹੋਰ ਪਰਭੱਤਾਂ ਸਮੇਤ ਦੁਨੀਆ ਦੀਆਂ ਅੱਠ ਸਭ ਤੋਂ ਉੱਚੀਆਂ ਪਹਾੜੀ ਚੋਟੀਆਂ ਦਾ ਘਰ ਹੋਣ ਲਈ 'ਵਿਸ਼ਵ ਦੀ ਛੱਤ' ਵਜੋਂ ਜਾਣਿਆ ਜਾਂਦਾ ਹੈ। ਨੇਪਾਲ ਇੱਕ ਐਸਾ ਦੇਸ਼ ਹੈ, ਜੋ ਸੁਤੰਤਰਤਾ ਦਿਵਸ ਨਹੀਂ ਮਨਾਉਂਦਾ, ਕਿਉਂਕਿ ਉਹ ਕਦੇ ਵੀ ਕਿਸੇ ਵਿਦੇਸ਼ੀ ਕਬਜ਼ੇ ਹੇਠ ਨਹੀਂ ਸੀ। ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਸ਼ਵ ਵਿੱਚ ਜਾਣਿਆ ਜਾਂਦਾ ਇੱਕ ਮਸ਼ਹੂਰ ਸ਼ਹਿਰ ਹੈ।

ਨੇਪਾਲ ਵਿੱਚ ਮੇਰੀ ਯਾਤਰਾ ਦੌਰਾਨ ਮੈਂ ਸੋਚ ਰਿਹਾ ਸੀ, ਕਿਸੇ ਵਕਤ ਪੰਜਾਬ ਦਾ ਮਹਾਰਾਜਾ ਅਤੇ ਨੇਪਾਲ ਦਾ ਰਾਜਾ ਦੋਸਤ ਸਨ। ਉਹ ਵੀ ਸਮਾਂ ਸੀ ਜਦ ਕਾਠਮੰਡੂ ਪਹੁੰਚਣ ਲਈ ਇੱਕ ਮਾਈ ਨੇ ਲੰਬਾ ਸਫ਼ਰ ਕੀਤਾ! ਉਹ ਵੀ ਸਮਾਂ ਸੀ ਜਦ ਇੱਕ ਰਾਣੀ ਨੂੰ ਭਿਖਾਰੀ ਬਣ ਲੁਕ-ਲੁਕ ਕੇ ਆਪਣਾ ਦੇਸ਼ ਛੱਡ ਕਾਠਮੰਡੂ ਆਉਣਾ ਪਿਆ!

ਅੰਗਰੇਜਾਂ ਵੱਲੋਂ ਰਾਜ ਭਾਗ ਖੋਹਣ ਤੋਂ ਬਾਅਦ ਮਾਈ ਨੂੰ ਚੁਨਾਰ ਦੇ ਕਿਲੇ, ਬਨਾਰਸ ਵਿੱਚ ਕੈਦ ਕਰ ਦਿੱਤਾ ਗਿਆ; ਪਰ ਕੁਝ ਸਮੇਂ ਬਾਅਦ ਮਾਈ ਚੁਨਾਰ ਕੈਦ ਤੋਂ ਬਚ ਨਿਕਲੀ ਅਤੇ ਬਚਦੇ ਬਚਾਉਂਦੇ ਪਟਨਾ ਪਹੁੰਚ ਗਈ। ਅੰਗਰੇਜ਼ ਉਸ ਦਾ ਠਿਕਾਣਾ ਜਾਣਨ ਲਈ ਪਿੱਛੇ ਸਨ। ਪਟਨਾ ਵਿਖੇ ਮਾਈ ਆਪਣੇ ਸਹਾਇਕ ਅਵਤਾਰ ਨੂੰ ਮਿਲਦੀ ਹੈ, ਆਪਣਾ ਭੇਸ ਬਦਲਣ ਲਈ।

ਤਪੱਸਵੀ ਵਰਗੀ ਦਿਖਣ ਲਈ ਭਗਵੇ ਰੰਗ ਦੀ ਸਾੜੀ ਪਾਉਂਦੀ ਹੈ, ਜੋ ਉਸ ਲਈ ਅਵਤਾਰ ਲਿਆਇਆ ਸੀ। ਸਾਧੂਆਂ ਵਾਂਗ ਦਿਖਣ ਲਈ ਮਾਈ ਆਪਣੇ ਵਾਲਾਂ ਵਿੱਚ ਨਦੀ ਦੀ ਗ਼ਾਰ ਮਲਦੀ ਹੈ। ਉਸ ਰਾਤ ਉਹ ਪਟਨਾ ਦੇ ਇੱਕ ਗੁਰਦੁਆਰੇ ਵਿੱਚ ਠਹਿਰਦੀ ਹੈ, ਜਿੱਥੇ ਗਰੀਬਾਂ ਨੂੰ ਮੁਫਤ ਰਿਹਾਇਸ਼ ਅਤੇ ਭੋਜਨ ਛਕਾਇਆ ਜਾਂਦਾ ਹੈ। ਮਾਈ ਲਈ ਪਟਨਾ ਵਿੱਚ ਰਹਿਣਾ ਖ਼ਤਰਨਾਕ ਸੀ, ਇਸ ਲਈ ਉਹ ਨੇਪਾਲ ਜਾਣ ਅਤੇ ਨੇਪਾਲ ਦੀ ਮਦਦ ਲੈਣ ਦੀ ਯੋਜਨਾ ਬਣਾਉਂਦੀ ਹੈ। ਰਵਾਨਾ ਹੋਣ ਲਈ ਮਾਈ ਦਾ ਸਹਾਇਕ ਅਵਤਾਰ ਘੋੜਿਆਂ ਅਤੇ ਹੋਰ ਜਰੂਰੀ ਸਮਾਨ ਦਾ ਇੰਤਜ਼ਾਮ ਕਰਨ ਅਗਲੇ ਦਿਨ ਚਲਾ ਜਾਂਦਾ ਹੈ, ਪਰ ਵਾਪਸ ਨਹੀਂ ਆਉਂਦਾ। ਮਾਈ ਨੇ ਅਵਤਾਰ ਲਈ 3 ਦਿਨ ਹੋਰ ਇੰਤਜ਼ਾਰ ਕੀਤਾ, ਪਰ ਉਹ ਕਦੇ ਵਾਪਸ ਨਹੀਂ ਆਇਆ। ਆਸ-ਪਾਸ ਦੇ ਲੋਕ ਉਸ ਨੂੰ ਦੱਸਦੇ ਹਨ ਕਿ ਫਿਰੰਗੀ ਸੜਕਾਂ 'ਤੇ ਬਾਗੀਆਂ ਦੀ ਭਾਲ ਕਰ ਰਹੇ ਹਨ। ਉਸ ਸਾਰੀ ਰਾਤ ਉਹ ਗੁਰਦੁਆਰੇ ਵਿੱਚ ਅਰਦਾਸ ਕਰਦੀ ਹੈ। ਸਵੇਰ ਵੇਲੇ ਉਹ ਆਪਣੇ ਹੰਝੂ ਪੂੰਝਦੀ ਹੈ ਅਤੇ ਆਪਣੀ ਯਾਤਰਾ ਸ਼ੁਰੂ ਕਰਦੀ ਹੈ। ਉਸਦੇ ਕੋਲ ਕੁਝ ਰੁਪਈਏ ਸਨ, ਜਾਣ ਤੋਂ ਪਹਿਲਾਂ ਉਸਨੇ ਗੁਰਦੁਆਰੇ ਦੇ ਗ੍ਰੰਥੀ ਨੂੰ ਦੱਸਿਆ ਕਿ ਉਹ ਨੇਪਾਲ ਵਿੱਚ ਪਸ਼ੂਪਤੀਨਾਥ ਸ਼ਿਵ ਦੇ ਪ੍ਰਸਿੱਧ ਮੰਦਰ ਦੀ ਯਾਤਰਾ 'ਤੇ ਜਾਣਾ ਚਾਹੁੰਦੀ ਹੈ। ਗ੍ਰੰਥੀ ਉਸ ਨੂੰ ਰਸਤੇ ਦਾ ਦਿਸ਼ਾ-ਨਿਰਦੇਸ਼ ਦਿੰਦਾ ਹੈ, ਇੱਕ ਪੁਰਾਣਾ ਕੰਬਲ, ਕੁਝ ਰੋਟੀਆਂ ਅਤੇ ਕੁਝ ਪੈਸੇ ਦਿੰਦਾ ਹੈ। ਉਹ ਸ਼ਰਧਾਲੂਆਂ ਦੇ ਸਮੂਹ ਨੂੰ ਲੱਭਣ ਦੀ ਉਮੀਦ ਨਾਲ, ਸ਼ਹਿਰ ਤੋਂ ਬਾਹਰ ਦਾ ਰਸਤਾ ਲੈ ਕੇ ਇਕੱਲੀ ਚੱਲ ਪੈਂਦੀ ਹੈ, ਪਰ ਉਸ ਨੂੰ ਰਸਤੇ ਵਿੱਚ ਕੋਈ ਨਹੀਂ ਮਿਲਦਾ।

ਮਾਈ ਥੱਕੀ ਹਾਰੀ ਆਪਣੇ ਠਿਕਾਣੇ ਵੱਲ ਤੁਰੀ ਜਾਂਦੀ ਹੈ, ਆਖ਼ਿਰ ਉਸਦੀ ਜੁੱਤੀ ਟੁੱਟ ਜਾਂਦੀ ਹੈ। ਉਸਦੇ ਪੈਰਾਂ ਵਿੱਚੋਂ ਖ਼ੂਨ ਵਗਣ ਲੱਗਦਾ ਅਤੇ ਛਾਲੇ ਬਣ ਜਾਂਦੇ ਹਨ। ਜਦੋਂ ਦਰਦ ਬਹੁਤ ਵੱਧ ਜਾਂਦਾ, ਤਾਂ ਉਹ ਰੁਕ ਜਾਂਦੀ ਹੈ। ਰਸਤੇ ਵਿੱਚ ਉਹ ਥੋੜ੍ਹਾ ਜਿਹਾ ਦੁੱਧ ਅਤੇ ਥੋੜ੍ਹੀਆਂ ਰੋਟੀਆਂ ਖਰੀਦਦੀ ਹੈ। ਜਦੋਂ ਉਸ ਕੋਲ ਪੈਸੇ ਖਤਮ ਹੋ ਜਾਂਦੇ ਹਨ, ਤਾਂ ਉਹ ਭੀਖ ਮੰਗਣ ਲੱਗ ਜਾਂਦੀ। ਇੱਕ ਵਾਰ ਜਦੋਂ ਉਹ ਕਸਬਾ ਪਾਰ ਲੰਗ ਜਾਂਦੀ ਤਾਂ ਜਿਨ੍ਹਾਂ ਤੋਂ ਭੀਖ ਮੰਗਦੀ, ਉਹ ਲੋਕ ਵੀ ਘਟ ਜਾਂਦੇ।

ਅਕਸਰ ਰਸਤਾ ਜੰਗਲਾਂ ਵਿੱਚੋਂ ਲੰਘਦਾ, ਜਿੱਥੇ ਉਸਨੂੰ ਜੰਗਲੀ ਜਾਨਵਰਾਂ ਤੋਂ ਚੌਕਸ ਰਹਿਣਾ ਪੈਂਦਾ। ਉਹ ਆਪਣੀ ਰੱਖਿਆ ਲਈ ਪੱਥਰ ਇਕੱਠੇ ਕਰ ਨਾਲ ਰੱਖਦੀ। ਰਾਤ ਨੂੰ ਉਹ ਆਪਣੇ ਆਪ ਨੂੰ ਇੱਕ ਫਟੇ ਹੋਏ ਕੰਬਲ ਵਿੱਚ ਲਪੇਟਦੀ ਅਤੇ ਦਰੱਖਤਾਂ ਦੇ ਹੇਠਾਂ ਜਾਂ ਗੁਫਾਵਾਂ ਵਿੱਚ ਸੌਂਦੀ। ਦਿਨ-ਰਾਤ ਇੱਕ-ਦੂਜੇ ਵੱਲ ਭੱਜਦੇ, ਉਸਨੂੰ ਇਹ ਜਿਵੇਂ ਇੱਕ ਸੁਪਨਾ ਲੱਗ ਰਿਹਾ ਸੀ। ਇੱਕ ਦਿਨ ਉਸਨੂੰ ਪਤਾ ਲੱਗਾ ਕਿ ਉਹ ਹੁਣ ਪਹਾੜਾਂ ਵਿੱਚ ਹੈ। ਸਵੇਰੇ ਤੇ ਰਾਤਾਂ ਠੰਡੀਆਂ ਹੋ ਜਾਂਦੀਆਂ, ਜਦੋਂ ਮਾਈ ਦੀ ਅੱਖ ਖੁੱਲ੍ਹਦੀ ਤਾਂ ਕੰਬਲ ਬਰਫ਼ ਦੀ ਪਰਤ ਨਾਲ ਢੱਕਿਆ ਹੁੰਦਾ। ਪੈਂਡਾ ਲੰਬਾ ਸੀ, ਰਸਤੇ ਵਿੱਚ ਉਸਦਾ ਭੋਜਨ ਖਤਮ ਹੋ ਜਾਂਦਾ। ਮਾਈ ਨੂੰ ਲੱਗਦਾ ਹੈ, "ਮੈਂ ਜਲਦੀ ਹੀ ਮੌਤ ਦੇ ਮੂੰਹ ਵਿੱਚ ਜਾਵਾਂਗੀ।"

ਮਾਈ ਇੱਕ ਚੱਟਾਨ ਦੇ ਹੇਠਾਂ ਥੱਕੀ ਹੋਈ ਪਈ ਸੀ, ਸ਼ਰਧਾਲੂਆਂ ਦਾ ਇੱਕ ਸਮੂਹ ਉਸ ਦੇ ਕੋਲ ਆਉਂਦਾ ਹੈ, ਉਹ ਵੀ ਪਸ਼ੂਪਤੀਨਾਥ ਮੰਦਿਰ ਜਾ ਰਹੇ ਸਨ। ਉਹ ਮਾਈ ਨੂੰ ਲੋੜਵੰਦ ਸਮਝ ਕੇ ਭੋਜਨ ਖੁਆਉਂਦੇ ਅਤੇ ਹਮਦਰਦੀ ਕਰਦੇ। ਆਪਣੇ ਭੇਸ ਨੂੰ ਛੁਪਾਣ ਲਈ ਮਾਈ ਉਨ੍ਹਾਂ ਨੂੰ ਦੱਸਦੀ ਹੈ, "ਮੇਰੇ ਪੁੱਤਰ ਦੀ ਮੌਤ ਨੇ ਮੈਨੂੰ ਸੰਨਿਆਸੀ ਬਣਾ ਦਿੱਤਾ ਹੈ।" ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ, ਇੱਕ ਮਹੀਨੇ ਬਾਅਦ ਮਾਈ ਆਪਣੇ ਆਪ ਨੂੰ ਕਾਠਮੰਡੂ ਵਿੱਚ ਲੈ ਪਹੁੰਚੀ।

ਉਹ ਪੁੱਛ ਪੁੱਛਾ ਕੇ ਰਾਣਾ ਜੰਗ ਬਹਾਦਰ ਦੇ ਮਹਿਲ ਦੇ ਸਾਹਮਣੇ ਪਹੁੰਚ ਗਈ। ਜਦੋਂ ਰਾਣਾ ਜੰਗ ਬਹਾਦੁਰ ਦਰਬਾਰ ਨੂੰ ਜਾ ਰਿਹਾ ਸੀ, ਤਾਂ ਉਹ ਆਪਣਾ ਰੱਥ ਰੋਕਦਾ ਹੈ ਅਤੇ ਮਾਈ ਨੂੰ ਭਿਖਾਰੀ ਸਮਝ ਕੇ ਕੁਝ ਸਿੱਕੇ ਭੇਟ ਕਰਦਾ ਹੈ। ਪਰ ਮਾਈ ਸਿੱਕੇ ਲੈਣ ਤੋਂ ਇਨਕਾਰ ਕਰ ਦਿੰਦੀ ਹੈ। ਇਹ ਜੰਗ ਬਹਾਦਰ ਨੂੰ ਚੰਗਾ ਨਹੀਂ ਲਗਦਾ ਅਤੇ ਗੁੱਸੇ ਵਿੱਚ ਜੰਗ ਬਹਾਦਰ ਨੇ ਮਾਈ ਨੂੰ ਪੁੱਛਿਆ, ਤੁਸੀਂ ਕੌਣ ਹੋ? ਉਹ ਜਵਾਬ ਦਿੰਦੀ ਹੈ, "ਮੈਂ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ ਜਿੰਦਾਂ ਹਾਂ, ਜੋ ਕਦੇ ਤੁਹਾਡੇ ਰਾਜ ਦੇ ਮਿੱਤਰ ਸੀ।" ਜੰਗ ਬਹਾਦੁਰ ਉਸ ਵੱਲ ਹੈਰਾਨੀ ਨਾਲ਼ ਝਾਕਦਾ ਹੈ। ਸ਼ਾਇਦ ਉਹ ਉਸ ਦੇ ਚਿਹਰੇ 'ਤੇ ਸੱਚਾਈ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਸ ਨੂੰ ਬਰਖਾਸਤ ਕਰਨ ਦੀ ਬਜਾਏ, ਉਹ ਮਾਈ ਨੂੰ ਪੁੱਛਦਾ ਹੈ ਕਿ ਉਹ ਨੇਪਾਲ ਕਿਵੇਂ ਪਹੁੰਚੀ?


ਰਾਣੀ ਜਿੰਦਾਂ

ਜਦੋਂ ਉਹ ਆਪਣੇ ਜੇਲ੍ਹ 'ਚੋਂ ਬਚ ਕੇ ਨਿਕਲਣ ਅਤੇ ਔਕੜਾਂ ਭਰੀ ਯਾਤਰਾ ਦਾ ਵਰਣਨ ਕਰਦੀ ਹੈ, ਤਾਂ ਜੰਗ ਬਹਾਦਰ ਆਪਣੇ ਰੱਥ ਤੋਂ ਹੇਠਾਂ ਉਤਰ ਜਾਂਦਾ ਹੈ ਅਤੇ ਝੁਕਦਾ ਹੈ; "ਤੁਸੀਂ ਇੱਕ ਬਹਾਦਰ ਔਰਤ ਹੋ, ਮਾਈ ਜਿੰਦਾਂ। ਅਸੀਂ ਸਰਕਾਰ ਵੱਲੋਂ ਅਤੀਤ ਵਿੱਚ ਦਿੱਤੀ ਮਦਦ ਲਈ ਅੱਜ ਵੀ ਨਿੱਘ ਅਤੇ ਧੰਨਵਾਦ ਨਾਲ ਯਾਦ ਕਰਦੇ ਹਾਂ। ਭਾਵੇਂ ਅਸੀਂ ਪੰਜਾਬ ਤੋਂ ਬਹੁਤ ਦੂਰ ਹਾਂ, ਪਰ ਅੰਗਰੇਜ਼ਾਂ ਨੇ ਤੁਹਾਡੇ ਰਾਜ ਨੂੰ ਖੋਹਣ ਅਤੇ ਤੁਹਾਡੇ ਪੁੱਤਰ ਦਾ ਬੁਰਾ ਹਾਲ ਕਰਨ ਬਾਰੇ ਬਹੁਤ ਸੁਣਿਆ। ਨੇਪਾਲ ਵਿੱਚ ਤੁਹਾਡਾ ਸੁਆਗਤ ਹੈ।"

ਰਾਣੀ ਜਿੰਦਾ ਗਿਆਰਾਂ ਸਾਲ ਨੇਪਾਲ ਵਿੱਚ ਰਹੀ ਅਤੇ ਜਦ ਉਸ ਨੂੰ ਦਿਖਣਾ ਘਟ ਗਿਆ, ਇੱਕ ਦਹਾਕੇ ਬਾਅਦ ਅੰਗਰੇਜ਼ਾਂ ਨੇ ਉਸਨੂੰ ਆਪਣੇ 22 ਸਾਲਾਂ ਦੇ ਪੁੱਤਰ ਨੂੰ ਕਲਕੱਤਾ ਦੇ ਸਪੈਂਸ ਹੋਟਲ ਵਿਖੇ ਮਿਲਣ ਦੀ ਇਜਾਜ਼ਤ ਦਿੱਤੀ। ਕਲਕੱਤੇ ਤੋਂ ਰਾਣੀ ਆਪਣੇ ਪੁੱਤਰ ਨਾਲ ਇੰਗਲੈਂਡ ਰਵਾਨਾ ਹੋ ਗਈ। ਪਹਿਲੀ ਅਗਸਤ 1863 ਦੀ ਸਵੇਰ ਨੂੰ ਮਹਾਰਾਣੀ ਜਿੰਦ ਕੌਰ ਦੀ ਅਬਿੰਗਡਨ ਹਾਊਸ, ਕੇਨਸਿੰਗਟਨ ਵਿੱਚ ਮੌਤ ਹੋ ਗਈ।

1885 ਤੋਂ ਪਹਿਲਾਂ ਗ੍ਰੇਟ ਬ੍ਰਿਟੇਨ ਵਿੱਚ ਸਸਕਾਰ ਗੈਰ-ਕਾਨੂੰਨੀ ਸੀ ਅਤੇ ਦਲੀਪ ਸਿੰਘ ਨੂੰ ਆਪਣੀ ਮਾਂ ਦੀ ਦੇਹ ਨੂੰ ਪੰਜਾਬ ਲਿਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਦੇਹ ਨੂੰ ਕੇਨਸਲ ਗ੍ਰੀਨ ਕਬਰਸਤਾਨ ਵਿੱਚ ਕੁਝ ਦਿਨਾਂ ਲਈ ਰੱਖਿਆ ਗਿਆ। 1864 ਦੀ ਬਸੰਤ ਵਿੱਚ ਮਹਾਰਾਜੇ ਨੇ ਦੇਹ ਨੂੰ ਭਾਰਤ ਵਿੱਚ ਬੰਬਈ ਲਿਜਾਣ ਦੀ ਇਜਾਜ਼ਤ ਪ੍ਰਾਪਤ ਕੀਤੀ, ਜਿੱਥੇ ਉਨ੍ਹਾਂ ਆਪਣੀ ਮਾਂ ਦਾ ਸਸਕਾਰ ਕੀਤਾ, ਅਤੇ ਗੋਦਾਵਰੀ ਨਦੀ ਦੇ ਪੰਚਵਟੀ ਵਾਲੇ ਪਾਸੇ ਦਲੀਪ ਨੇ ਆਪਣੀ ਮਾਤਾ ਦੀ ਯਾਦ ਵਿੱਚ ਇੱਕ ਛੋਟੀ ਸਮਾਧ ਬਣਾਈ ਸੀ। ਜਿੰਦ ਕੌਰ ਦੀ ਲਾਹੌਰ ਵਿੱਚ ਸਸਕਾਰ ਕਰਨ ਦੀ ਇੱਛਾ ਨੂੰ ਬ੍ਰਿਟਿਸ਼ ਅਧਿਕਾਰੀਆਂ ਨੇ ਇਨਕਾਰ ਕਰ ਦਿੱਤਾ ਸੀ।

---

*ਡਾਇਰੈਕਟਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।

# ਲਹਿੰਦੇ ਪੰਜਾਬ ਦਾ ਉਹ ਘਰ

ਕਈ ਸਾਲ ਪਹਿਲਾਂ ਜਦ ਮੈਂ ਅੰਮ੍ਰਿਤਸਰ ਵਿਖੇ ਪੜ੍ਹਦੀ ਸੀ, ਮੈਂ ਆਪਣੀ ਜਮਾਤੀ ਅਤੇ ਉਸਦੇ ਪਰਿਵਾਰ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਅਟਾਰੀ ਸਰਹੱਦ ਨੇੜੇ ਉਨ੍ਹਾਂ ਦੇ ਜੱਦੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਗਈ। ਮੇਰੀ ਜਮਾਤਣ ਦੇ ਪਰਿਵਾਰ ਨੇ ਮੈਨੂੰ ਉਨ੍ਹਾਂ ਦੇ ਨਾਲ ਲੱਗਦੇ ਪਿੰਡ ਦਾ ਮੇਲਾ ਵੇਖਣ 'ਤੇ ਜ਼ੋਰ ਦਿੱਤਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੇਰਾ ਜੱਦੀ ਪਰਿਵਾਰ ਲਾਹੌਰ ਜ਼ਿਲ੍ਹੇ ਦੇ ਪਿੰਡ ਦਾ ਸੀ।

ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਪਿੰਡ ਸਰਹੱਦ ਦੀ ਵਾੜ ਤੋਂ ਸਿਰਫ਼ ਇੱਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਜਾਣਕਾਰੀ ਮੇਰੀ ਉਤਸੁਕਤਾ ਵਧਾਉਣ ਲਈ ਕਾਫੀ ਸੀ ਅਤੇ ਮੇਰੇ ਅੰਦਰ ਕਾਹਲ਼ ਪੈਣ ਲੱਗੀ। ਹੁਣ ਮੈਂ ਉਨ੍ਹਾਂ ਦੇ ਸਰਹੱਦੀ ਪਿੰਡ ਪਹੁੰਚਣ ਲਈ ਇੰਤਜ਼ਾਰ ਨਹੀਂ ਕਰ ਸਕਦੀ ਸੀ ਅਤੇ ਅਸੀਂ ਉਨ੍ਹਾਂ ਦੇ ਪਿੰਡ ਨੌਸ਼ਹਿਰਾ ਢਾਲਾ ਲਈ ਰਵਾਨਾ ਹੋ ਗਏ। ਉਥੇ ਪਹੁੰਚਣ 'ਤੇ ਮੇਰੀ ਦੋਸਤ ਦੇ ਪਿਤਾ ਨੇ ਮੇਰੀ ਵਾਰਤਾਲਾਪ ਇੱਕ ਬਜ਼ੁਰਗ ਨਾਲ ਕਰਵਾਈ, ਜਿਨ੍ਹਾਂ ਨੇ ਦਾਅਵਾ ਕੀਤਾ ਕਿ ਉਹ 93 ਸਾਲਾਂ ਦੇ ਸਨ। ਜਿਸ ਪਲ ਮੈਂ ਉਸ ਬਜ਼ੁਰਗ ਨੂੰ ਆਪਣੇ ਪੜਦਾਦਾ ਜੀ ਦਾ ਨਾਮ ਦੱਸਿਆ ਤਾਂ ਉਹ ਹੱਸ ਪਿਆ ਅਤੇ ਬੋਲਿਆ, "ਉਹੋ ਤਾਂ ਕੁੱਤੇ ਮਾਰ ਸਰਦਾਰ ਸੀ ਪਢਾਣਾ ਦੇ।" ਬਜ਼ੁਰਗ ਸੱਜਣ ਦੇ ਇਹ ਦੱਸਣ ਤੋਂ ਪਹਿਲਾਂ ਕਿ ਮੇਰੇ ਪੜਦਾਦਾ ਜੀ ਦਾ ਇਹ ਨਾਮ ਕਿਵੇਂ ਪਿਆ, ਇੱਕ ਅਜੀਬ ਜਿਹੀ ਚੁੱਪ ਛਾ ਗਈ। ਮੇਰਾ ਸਿਰ ਮਾਣ ਅਤੇ ਫ਼ਕਰ ਨਾਲ ਉੱਚਾ ਹੋ ਗਿਆ, ਜਦ ਗੱਲਾਂ ਅਤੇ ਯਾਦ ਕਰਦੇ ਉਹ ਬਜ਼ੁਰਗ ਨੇ ਦੱਸਿਆ ਕਿ ਮੇਰੇ ਪੜਦਾਦਾ ਜੀ ਦਾ ਅਸਲੀ ਨਾਂ ਮੇਵਾ ਸਿੰਘ, ਜੋ ਇੱਕ ਇਮਾਨਦਾਰ ਅਤੇ ਸਖ਼ਤ ਪੁਲਿਸ ਅਫਸਰ ਸਨ। ਵਾਰਤਾਲਾਪ ਨੂੰ ਅੱਗੇ ਵਧਾਉਂਦੇ ਬਜ਼ੁਰਗ ਦੇ ਦੱਸਿਆ ਕਿ ਇੱਕ ਵਾਰ ਮੇਵਾ ਸਿੰਘ ਦੀ ਟੀਮ ਨੇ ਇੱਕ ਅਪਰਾਧੀ ਨੂੰ ਫੜ ਲਿਆ ਅਤੇ ਉਸਨੂੰ ਕੁੱਤੇ ਵਾਂਗ ਕੁੱਟਿਆ, ਜਦੋਂ ਤੱਕ ਉਸ ਮੁਜ਼ਰਮ ਨੇ ਇਹ ਸਵੀਕਾਰ ਨਹੀਂ ਕੀਤਾ ਕਿ ਉਸਨੇ ਅਪਰਾਧ ਕੀਤਾ ਹੈ। ਉਦੋਂ ਤੋਂ ਹੀ ਮੇਵਾ ਸਿੰਘ ਨੂੰ 'ਕੁੱਤੇ ਮਾਰ ਸਰਦਾਰ' ਕਿਹਾ ਜਾਣ ਲੱਗਾ।

ਉਥੇ ਬੈਠੇ ਇੱਕ ਹੋਰ ਬਜ਼ੁਰਗ ਨੇ ਦੱਸਿਆ ਕਿ ਉਹਦੇ ਸਾਡੇ ਪਰਿਵਾਰ ਨਾਲ ਚੰਗੇ ਸਬੰਧ ਸਨ ਅਤੇ ਖਾਸਾ ਸਮਾਂ ਉਹਨੇ ਇਸ ਰਿਸ਼ਤੇ ਦਾ ਆਨੰਦ ਮਾਣਿਆ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਵੰਡ ਤੋਂ ਪਹਿਲਾਂ ਉਹ ਅਕਸਰ ਮੇਰੇ ਜੱਦੀ ਘਰ ਜਾਂਦਾ ਰਹਿੰਦਾ ਸੀ। ਉਸ ਨੇ ਯਾਦ ਕਰਦਿਆਂ ਕਿਹਾ ਕਿ ਪਢਾਣਾ ਘਰ ਖੁੱਲ੍ਹਾ ਡੁੱਲ੍ਹਾ ਹੋਣ ਕਾਰਨ ਗਰਮੀਆਂ ਦਾ ਸਮਾਂ ਸਭ ਤੋਂ ਵਧੀਆ ਬਿਤਾਇਆ ਜਾਂਦਾ ਸੀ। ਉਹ ਘਰ ਤਿੰਨ ਮੰਜ਼ਿਲਾ ਸੀ, ਪਰ 1971 ਦੀ ਭਾਰਤ-ਪਾਕਿ ਜੰਗ ਦੌਰਾਨ ਉਪਰਲੀ ਮੰਜ਼ਿਲ ਨੂੰ ਤਬਾਹ ਕਰ ਦਿੱਤਾ ਗਿਆ ਸੀ। ਪੁਰਾਣੇ ਜ਼ਮਾਨੇ ਵਿੱਚ ਉਸ ਘਰ ਦੀ ਜ਼ਮੀਨੀ ਮੰਜ਼ਿਲ ਦੀ ਵਰਤੋਂ ਸਿਰਫ਼ ਖਾਣ-ਪੀਣ ਅਤੇ ਆਏ-ਗਏ ਲਈ ਕੀਤੀ ਜਾਂਦੀ ਸੀ ਤੇ ਖਾਣਾ ਪਕਾਉਣ ਤੋਂ ਬਾਅਦ ਰਸੋਈਆ ਟਲ ਵਜਾਉਂਦਾ ਸੀ। ਤਿਆਰ-ਬਰ-ਤਿਆਰ ਰਹਿਣ ਵਾਲੇ ਮੇਵਾ ਸਿੰਘ ਦਾ ਖਾਸ ਖਿਆਲ ਰਹਿੰਦਾ ਸੀ ਕਿ ਖਾਣਾ ਨਿਸ਼ਚਿਤ ਸਮੇਂ 'ਤੇ ਪਰੋਸਿਆ ਜਾਵੇ; ਨਹੀਂ ਤਾਂ ਰਸੋਈਏ ਨੂੰ ਉਨ੍ਹਾਂ ਦੇ ਸਖਤ ਸੁਭਾਅ ਦਾ ਸਾਹਮਣਾ ਕਰਨਾ ਪੈਂਦਾ ਸੀ। ਉਸ ਘਰ ਦੀਆਂ ਪੌੜੀਆਂ ਸੁਰੱਖਿਆ ਕਾਰਨਾਂ ਕਰਕੇ ਗੁੰਝਲਦਾਰ ਢੰਗ ਨਾਲ ਬਣਾਈਆਂ ਗਈਆਂ ਸਨ।

ਭਾਵੁਕ ਹੁੰਦਿਆ ਬਜ਼ੁਰਗ ਸੱਜਣ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਆਪਣਾ ਘਰ ਦੇਖਣਾ ਚਾਹੁੰਦੀ ਹਾਂ? ਤਾਂ ਉਸਨੇ ਨਾ਼ਲ ਲੱਗਦੀ ਇਮਾਰਤ ਵੱਲ ਇਸ਼ਾਰਾ ਕਰ ਕੇ ਕਿਹਾ ਕਿ "ਉੱਪਰ ਜਾਉ ਤੇ ਦੇਖੋ, ਬਿਲਕੁਲ ਉਹੀ ਜਿੱਥੇ ਕਾਫੀ ਡਰਖਤ ਲੱਗੇ ਨੇ, ਓਹ ਤੋਹਾਡਾ ਘਰ ਹੈ।" ਜਦ ਹੀ ਬਜ਼ੁਰਗ ਨੇ ਇਹ ਕਿਹਾ, ਮੈਂ ਜਲਦੀ ਨਾਲ ਛੱਤ 'ਤੇ ਦੌੜਦੀ ਹਾਂ। ਛੱਤ 'ਤੇ ਪਹੁੰਚ ਕੇ ਥੋੜ੍ਹੀ ਦੂਰੀ 'ਤੇ ਮੈਂ ਇੱਕ ਧੁੰਦਲੀ ਜਿਹੀ ਦੋ ਮੰਜ਼ਿਲਾ ਇਮਾਰਤ ਦੇਖੀ, ਜਿਸ ਦੇ ਆਲੇ-ਦੁਆਲੇ ਬਹੁਤ ਸਾਰੇ ਅਸ਼ੋਕ ਦੇ ਰੁੱਖ ਲੱਗੇ ਹੋਏ ਸਨ। ਮੇਰੀਆਂ ਅੱਖਾਂ ਭਰ ਆਈਆਂ ਅਤੇ ਜੋ ਮੈਂ ਦੇਖ ਰਹੀ ਸੀ, ਉਸ ਨੂੰ ਸਾਂਝਾ ਕਰਨ ਲਈ ਮੈਂ ਆਪਣੇ ਪਿਤਾ ਨੂੰ ਫ਼ੋਨ ਕੀਤਾ। ਜਦੋਂ ਮੈਂ ਮੇਰੇ ਪਿਤਾ ਨੂੰ 'ਕੁੱਤੇ ਮਾਰ ਸਰਦਾਰ' ਬਾਰੇ ਪੁੱਛਿਆ ਤਾਂ ਉਨ੍ਹਾਂ ਦੀ ਵੀ ਦੀ ਆਵਾਜ਼ ਲੜਖੜਾ ਗਈ।

ਉਦੋਂ ਮੈਨੂੰ ਅਹਿਸਾਸ ਹੋਇਆ ਕਿ ਕਿਵੇਂ ਇੱਕ ਕਿਲੋਮੀਟਰ ਅਤੇ ਕੰਡਿਆਲੀ ਤਾਰ ਦੀ ਵਾੜ ਨੇ ਵਰਤਮਾਨ ਨੂੰ ਅਤੀਤ ਤੋਂ ਹਮੇਸ਼ਾ ਲਈ ਦੂਰ ਕਰ ਦਿੱਤਾ ਹੈ। ਹੁਣ ਮੇਰੀ ਇੱਕੋ ਇੱਕ ਇੱਛਾ ਹੈ ਕਿ ਇਸ ਜੀਵਨ ਵਿੱਚ ਇੱਕ ਵਾਰ ਚੜ੍ਹਦੇ ਪੰਜਾਬ ਦੇ ਇਸ ਘਰ ਤੋਂ ਦੂਰ ਉਸ ਲਹਿੰਦੇ ਪੰਜਾਬ ਦੇ ਘਰ ਦਾ ਦੌਰਾ ਕਰਾਂ।

*-ਅਸ਼ਪੁਨੀਤ ਕੌਰ ਸਿੱਧੂ*
*ਫੋਨ: +91-9988585879*

# ਜੱਲਿਆਂ ਵਾਲਾ ਬਾ਼ਗ ਸ਼ਹੀਦ ਊਧਮ ਸਿੰਘ

ਹਰਪ੍ਰੀਤ ਸਿੰਘ ਗਿੱਲ ਬਾਲਟੀਮੋਰ, ਮੈਰੀਲੈਂਡ
ਫੋਨ: 410-340-3779



ਉੱਨੀ ਸੌ ਉੱਨੀ ਦੀ ਵਿਸਾਖੀ ਵੀ ਅਜੀਬ ਸੀ
ਤੇਰਾਂ ਅਪ੍ਰੈਲ ਸ਼ਾਮਾਂ ਢਲਣ ਦੇ ਕਰੀਬ ਸੀ
ਰੌਲਟ-ਐਕਟ ਦੇ ਵਿਰੋਧ ਵਿੱਚ 'ਕੱਠ ਸੀ ਹਜ਼ਾਰਾਂ ਦਾ
ਮਸਲਾ ਸੀ ਏਹ ਸਾਡੇ ਨਾਗਰਿਕ ਅਧਿਕਾਰਾਂ ਦਾ
ਸੈਫੂਦੀਨ ਸੱਤਪਾਲ ਕੀਤੇ ਏਨ੍ਹਾਂ ਕੈਦ ਸਨ
ਧੁਖ ਰਹੀ ਅੱਗ ਵੇਖ ਗੋਰੇ ਮੁਸ਼ਤੈਦ ਸਨ
ਜੱਲਿਆਂਵਾਲਾ ਬਾ਼ਗ ਚਾਰੇ ਪਾਸੇ ਘਰ ਵਸਦੇ
ਬੱਸ ਥੋੜ੍ਹੇ ਜਿੰਨੇ ਸਣ ਸੌੜੇ ਜਿਹੇ ਰਸਤੇ
ਭਾਵੇਂ ਸੀ ਵਿਸਾਖੀ ਤਕਰੀਰਾਂ ਇਨਕਲਾਬੀ ਸਨ
ਅਣਖੀ ਸੁਭਾਅ ਦੇ ਸਾਡੇ ਬਾਬੇ ਪੰਜਾਬੀ ਸਨ
ਉੱਠ ਰਹੀ ਲਹਿਰ ਪਾਉਣੀ ਗੋਰਿਆਂ ਨੇ ਠੱਲ੍ਹ ਸੀ
ਮਈ ਵਿੱਚ ਜਾਣਾ ਏਨ੍ਹਾਂ ਠੰਡੇ ਪਹਾੜਾਂ ਵੱਲ ਸੀ
ਏਹੀਓ ਸੋਚ ਖੌਰੇ ਮੱਥਾ ਠਣਕਿਆ ਸੀ ਡਾਇਰ ਦਾ
ਨਿਹੱਥੇ ਬੈਠੇ ਲੋਕਾਂ ਉੱਤੇ ਫੈਸਲਾ ਏਹ ਕਹਿਰ ਦਾ
ਮਜਬੂਰ ਤੇ ਲਾਚਾਰ ਸਾਡੇ ਆਪਣੇ ਹੀ ਫ਼ੌਜੀ ਸਨ
ਹੁਕਮਅਦੂਲੀ ਕਿਉਂਕਿ ਗੋਰੇ ਰੋਟੀ ਰੋਜੀ ਸਨ
ਬੱਸ ਫੇਰ ਕੀ ਸੀ ਬਾ਼ਗ ਚਾਰੇ ਪਾਸੋਂ ਘੇਰਿਆ
ਸੁਚੇਤ ਬਿਨਾਂ ਕੀਤਿਆਂ ਹੀ ਖੋਲ੍ਹ ਦਿੱਤਾ ਫੈਰਿਆ
ਭੱਜਣ ਵਾਲੇ ਰਸਤਿਆਂ 'ਤੇ ਰੱਖਿਆ ਨਿਸ਼ਾਨਾ ਸੀ
ਵਿਉਂਤਬੰਦੀ ਐਸੀ ਵੱਧ ਹਾਨੀ ਹੋਵੇ ਜਾਨਾਂ ਦੀ
ਜਾਨਾਂ ਨੂੰ ਬਚੌਣ ਖ਼ਾਤਰ ਖੂਹ 'ਚ ਛਾਲਾਂ ਮਾਰੀਆਂ
ਇਕ ਉੱਤੇ ਦੂਜਾ ਡਿੱਗਾ ਵੱਜਣ ਕਿਲਕਾਰੀਆਂ
ਖੌਰੇ ਕਿਹੜਾ ਖੂਨੀਆਂ ਨੂੰ ਚੜ੍ਹਿਆ ਖਰੂਦ ਸੀ
ਉਦੋਂ ਬੰਦ ਕੀਤਾ ਜਦੋਂ ਮੁੱਕਿਆ ਬਰੂਦ ਸੀ
ਹਜ਼ਾਰ ਤੋਂ ਵੀ ਵੱਧ ਮਾਰੇ ਹਜ਼ਾਰਾਂ ਹੋਏ ਜ਼ਖ਼ਮੀ
ਪਰ ਏਸੇ ਸਾਕੇ ਅੱਗ ਸ਼ੁਰੂ ਹੋਈ ਭਖਣੀ
ਕਰੋੜਾਂ ਹਿੰਦੁਸਤਾਨੀਆਂ ਦੇ ਛਲਣੀ ਸੀ ਕਾਲਜੇ
ਪਰ ਕਈ ਖ਼ੁਦਗ਼ਰਜ਼, ਸਲੂਟ ਪਏ ਸੀ ਮਾਰਦੇ
ਸਰ ਦੇ ਖਿਤਾਬ ਕਈਆਂ ਲਏ ਸਰਦਾਰਾਂ ਦੇ
ਤਖਤਾਂ 'ਤੇ ਪੁੱਤਰ ਬੈਠੇ ਅੱਜ ਵੀ ਗੱਦਾਰਾਂ ਦੇ।

ਪਰ ਇੱਕ ਗੱਬਰੂ ਨੇ ਅੱਗ ਸੀਨੇ ਦੱਬ ਲਈ
ਗੁਲਾਮੀ ਕੀ ਏ ਹੁੰਦੀ ਏਨੂੰ ਲੱਗ ਪਤਾ ਅੱਜ ਗਈ
ਉੱਨੀ ਸੌ ਉੱਨੀ ਵਿੱਚ ਉੱਨੀਆਂ ਕੁ ਸਾਲ ਦਾ ਸੀ
ਇਆਣੀ ਜਿਹੀ ਉਮਰੇ ਵੀ ਜਜ਼ਬਾ ਕਮਾਲ ਦਾ ਸੀ
ਸ਼ੇਰਨੀ ਦਾ ਸ਼ੇਰ ਪੁੱਤ ਊਧਮ ਸਿੰਘ ਨਾਮ ਸੀ
ਪੰਜਾਬੀ ਅਣਖੀਲਾ ਨਾਮ ਪਿੰਡ ਦਾ ਸੁਨਾਮ ਸੀ
ਬੱਸ ਫੇਰ ਕੀ ਸੀ ਬਾਬੇ ਗਦਰੀਆਂ 'ਚ ਮਿਲ ਗਿਆ
ਭਗਤ ਸਿੰਘ ਜਿਹੇ ਭੌਰੇ ਜਿੱਤ ਉਹਦਾ ਦਿਲ ਲਿਆ
ਧਰਮ ਨਿਰਪੇਖ ਉਸਦੀ ਸੋਚ ਦਾ ਨਿਸ਼ਾਨ ਹੈ
ਰਾਮ ਮੁਹੰਮਦ ਸਿੰਘ ਅਜ਼ਾਦ ਉਸਦਾ ਹੀ ਨਾਮ ਹੈ
ਦਿਲ 'ਚ ਦੱਬੀ ਅੱਗ ਲੈ ਕੇ ਲੰਦਨ ਨੂੰ ਤੁਰ ਪਿਆ
ਭੁੱਖਾ ਭਾਣਾ ਜਿੱਦਾਂ ਵੀ ਸੀ ਮਿਸ਼ਨ ਓਦ੍ਹਾ ਰੁੜ ਪਿਆ
ਉੱਨੀ ਸੌ ਚਾਲੀ ਮਾਰਚ ਤੇਰਾਂ ਹੀ ਤਰੀਕ ਸੀ
ਭਰੀ ਪਿਸਤੌਲ ਨੂੰ ਕੋਈ ਵੱਖਰੀ ਉਡੀਕ ਸੀ
ਅੱਖੀਂ ਰੱਤ ਚੜ੍ਹੀ ਜਦੋਂ ਤੱਕਿਆ 'ਡਾਇਰ ਨੂੰ
ਚੀਤੇ ਵਾਂਗੂ ਟੁੱਟਿਆ ਤੇ ਖੋਲ੍ਹ ਦਿੱਤਾ ਫਾਇਰ ਨੂੰ
ਭਰੀ ਸਭਾ ਵਿੱਚ ਸਾਡਾ ਸ਼ੇਰ ਲਲਕਾਰਿਆ
ਆਓ ਮੈਨੂੰ ਮਾਰੋ ਥੋਡਾ ਪਾਪੀ 'ਡਾਇਰ ਮਾਰਿਆ
ਇੱਕੀ ਸਾਲਾਂ ਤੋਂ ਸੀ ਜੀਨੂੰ ਫਿਰਦਾ ਏਹ ਭਾਲਦਾ
ਕਰੋੜਾਂ ਹਿੰਦੁਸਤਾਨੀਆਂ ਦਾ ਠਾਰ ਦਿੱਤਾ ਕਾਲਜਾ
ਅਖੀਰ, ਜੁਲਾਈ ਅਕੱਤੀ ਰਾਣੀ ਮੌਤ ਨੂੰ ਵਿਆਹ ਲਿਆ
ਪਰ ਗੋਰਾ ਰਾਜ ਧੁਰੋਂ ਅੰਦਰੋਂ ਹਿਲਾ ਗਿਆ।
ਮੌਤ ਨਾਲ ਪ੍ਰੀਤ ਜੇਹਦੀ ਓਹੀ ਲਲਕਾਰਦੇ
ਕਫ਼ਨ ਵਾਲੀ ਪੱਗ ਫੇਰ ਸਜੇ ਸਰਦਾਰ ਦੇ
ਪਰ ਸੱਟ ਵੱਜਦੀ ਏ ਸਿੱਧੀ ਜਾ ਕੇ ਕਾਲਜੇ
ਅੱਜ ਵੀ ਕਿਉਂ ਲੱਗਿਆ ਨਹੀਂ ਬੁੱਤ ਵਿੱਚ ਬਾਗ਼ ਦੇ?
ਅੱਜ ਵੀ ਕਿਉਂ ਲੱਗਿਆ ਨਹੀਂ ਬੁੱਤ ਵਿੱਚ ਬਾਗ਼ ਦੇ?

ਜੁਗ ਜੁਗ ਜੀਓ... (14)

# ਅੰਤੜੀਆਂ ਦਾ ਮਾਮਲਾ ਗੜਬੜ ਹੈ

## ਲੰਮੇ ਅਰਸੇ ਦੀ ਕਬਜ, ਸਰੀਰ ਦਾ ਨੁਕਸਾਨ

ਡਾ. ਹਰਬੰਸ ਕੌਰ ਦਿਓਲ

***ਕਈ ਵਾਰ ਬੇਧਿਆਨੀ ਦੇ ਚੱਲਦਿਆਂ ਸਰੀਰ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਜਾਂ ਬਿਮਾਰੀਆਂ ਵੱਡੀਆਂ ਹੋ ਜਾਂਦੀਆਂ ਹਨ, ਜਿਸ ਦਾ ਖਮਿਆਜ਼ਾ ਭੁਗਤਦਿਆਂ ਅਸੀਂ ਪਛਤਾਉਣ ਲੱਗ ਜਾਂਦੇ ਹਾਂ ਕਿ ਜੇ ਮੌਕੇ 'ਤੇ ਡਾਕਟਰੀ ਮੁਆਇਨਾ ਕਰਵਾ ਲਿਆ ਹੁੰਦਾ ਤਾਂ ਸ਼ਾਇਦ ਗੱਲ ਹੋਰ ਹੋਣੀ ਸੀ! ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਭਾਈਚਾਰੇ ਦੀ ਹੀ ਪ੍ਰਮਾਣਿਤ ਸ਼ਖਸੀਅਤ ਡਾ. ਹਰਬੰਸ ਕੌਰ ਦਿਓਲ 'ਜੁਗ ਜੁਗ ਜੀਓ' ਕਾਲਮ ਤਹਿਤ ਸਰੀਰਕ ਸਮੱਸਿਆਵਾਂ ਜਾਂ ਬਿਮਾਰੀਆਂ ਦੇ ਲੱਛਣ ਦੱਸ ਕੇ ਅਤੇ ਉਨ੍ਹਾਂ ਤੋਂ ਬਚਣ ਦੇ ਉਪਾਅ ਦੇ ਮੱਦੇਨਜ਼ਰ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। 'ਪੰਜਾਬੀ ਪਰਵਾਜ਼' ਦੇ ਪਿਛਲਿਆਂ ਅੰਕਾਂ ਵਿੱਚ ਉਨ੍ਹਾਂ ਦੇ ਲਗਾਤਾਰ 13 ਲੇਖ ਛਪ ਚੁਕੇ ਹਨ। ਥੋੜ੍ਹੇ ਜਿਹੇ ਵਕਫੇ ਪਿੱਛੋਂ ਉਨ੍ਹਾਂ ਇਹ ਕਾਲਮ ਮੁੜ ਸ਼ੁਰੂ ਕੀਤਾ ਹੈ। ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰੋ। ਪੇਸ਼ ਹੈ, ਜਾਣਕਾਰੀ ਭਰਪੂਰ ਇਹ ਲੇਖ...***

"ਦੀਦੀ, ਆਹ ਤਾਂ ਬਈ ਬਹੁਤ ਵਧੀਆ ਹੋ ਗਿਆ, ਤੁਸੀਂ ਘਰ ਹੀ ਮਿਲ ਗਏ।"

"ਨਾ ਕੋਈ ਫੋਨ, ਨਾ ਕੋਈ ਸੁਨੇਹਾ, ਨਾ ਤੈਨੂੰ ਕਿਸੇ ਨੇ ਸੱਦਾ ਭੇਜਿਆ! ਫਿਰ ਤੂੰ ਕਿਵੇਂ ਆ ਟਪਕੀ ਇੱਥੇ?"

"ਦੇਖੋ ਜੀ, ਮੈਨੂੰ ਨਾ ਕਾਲ ਕਰਨ ਦੀ ਲੋੜ ਹੈ, ਨਾ ਸੁਨੇਹਾ ਭੇਜਣ ਦੀ ਅਤੇ ਨਾ ਹੀ ਸੱਦੇ ਦੀ ਜ਼ਰੂਰਤ ਹੈ ਤੁਹਾਡੇ ਘਰ ਆਉਣ ਲਈ। ਇਹ ਤਾਂ ਮੇਰਾ ਹੱਕ ਹੈ। ਜਦੋਂ ਜੀਅ ਕੀਤਾ, ਮੈਂ ਆ ਸਕਦੀ ਹਾਂ।"

"ਇਹ ਹੱਕ ਤੈਨੂੰ ਕਿਸ ਨੇ ਦਿੱਤਾ ਹੈ?"

"ਜੇ ਹੱਕ ਨਾ ਦਿੱਤਾ ਹੋਵੇ ਤਾਂ ਬਸ ਅਸੀਂ ਲੈ ਲੈਂਦੇ ਆਂ ਆਪਣੇ ਆਪ।"

"ਹੱਛਾ! ਕਦੇ ਅਕਲ ਦੀ ਗੱਲ ਕਰ ਲਿਆ ਕਰ, ਜੇ ਮੈਂ ਘਰ ਨਾ ਹੁੰਦੀ!"

"ਕੋਈ ਪਰਵਾਹ ਨਹੀਂ, ਆਪਾਂ ਫਿਰ ਆ ਜਾਣਾ ਸੀ। ਮੈਂ ਕਿਤੇ ਵੀ ਜਾਵਾਂ 2-3 ਕੰਮ ਇਕੱਠੇ ਕਰ ਲੈਂਦੀ ਆਂ ਤਾਂ ਜੋ ਸਮੇਂ ਅਤੇ ਗੈਸ- ਦੋਹਾਂ ਦੀ ਬੱਚਤ ਹੋ ਜਾਵੇ ਅਤੇ ਇੱਕ ਗੇੜੇ ਵਿੱਚ ਇੱਕ ਤੋਂ ਵੱਧ ਕੰਮ ਹੋ ਸਕਣ। ਮੈਂ ਹੋਰ ਕੰਮ ਖਤਮ ਕਰ ਕੇ ਹੀ ਤੁਹਾਡੇ ਘਰ ਆਈ ਆਂ। ਸੋਚਿਆ ਨਾਲੇ ਚਾਹ-ਪਾਣੀ ਪੀਵਾਂਗੇ, ਨਾਲੇ ਕੁਝ ਗੱਲਾਂ ਕਰਾਂਗੇ ਅਤੇ ਤੁਹਾਡਾ ਦਿਲ ਵੀ ਪਰਚਾ ਦੇਵਾਂਗੇ। ਤੁਹਾਡੀ ਉਕਤਾਹਟ (boredom) ਦਾ ਇਲਾਜ ਕਰਨ ਆਈ ਆਂ।"

"ਤੈਨੂੰ ਕਿਸ ਨੇ ਦੱਸਿਆ, ਮੈਨੂੰ ਬੋਰਡਮ ਦੀ ਤਕਲੀਫ ਹੈ? ਮੇਰੇ ਕਈ ਕੰਮ ਕਰਨ ਵਾਲੇ ਨੇ, ਜਾਹ ਕਿਤੇ ਹੋਰ ਮਟਰਗਸ਼ਤੀ ਕਰ ਆ।"



"ਓ, ਕਮ ਆਨ (come on) ਦੀਦੀ।"

"ਪ੍ਰੀਤ ਸੱਚ ਦੱਸ ਤੇਰੇ ਆਉਣ ਦਾ ਕੀ ਮਕਸਦ ਏ। ਤੂੰ ਕੰਮ ਤੋਂ ਬਿਨਾ ਨਹੀਂ ਆਉਣ ਵਾਲੀ।"

"ਮੈਂ ਤੁਹਾਡੇ ਨਾਲ ਇੱਕ ਜ਼ਰੂਰੀ ਸਲਾਹ-ਮਸ਼ਵਰਾ ਕਰਨਾ ਏ, ਯਾਨਿ consultation."

"ਆ ਗਈ ਨਾ ਬੋਤੀ ਬੋਹੜ ਥੱਲੇ! ਦੱਸ ਕਾਹਦੀ ਜਾਣਕਾਰੀ ਚਾਹੀਦੀ ਤੈਨੂੰ?"

"ਲਓ ਜੀ, ਪਹਿਲਾਂ ਪਾਣੀ-ਧਾਣੀ ਤਾਂ ਪੁੱਛੋ, ਮਹਿਮਾਨ-ਨਿਵਾਜੀ ਵੀ ਕਿਸੇ ਬਲਾ ਦਾ ਨਾਂ ਹੈ!"

"ਜਾਹ ਰਸੋਈ ਵਿੱਚ ਜਾ ਕੇ ਮੇਰੇ ਤੇ ਆਪਣੇ ਲਈ ਚਾਹ ਬਣਾ ਕੇ ਲਿਆ ਅਤੇ ਫਰਿੱਜ 'ਚੋਂ ਸਨੈਕ ਵੀ ਲੈ ਆਵੀਂ ਆਪਣੀ ਪਸੰਦੀਦਾ। ਉਤਨੀ ਦੇਰ 'ਚ ਮੈਂ ਹਥਲਾ ਕੰਮ ਖਤਮ ਕਰ ਲਵਾਂ। ਆਪਾਂ ਫਿਰ ਬੈਠ ਕੇ ਖੁੱਲ੍ਹੀਆਂ ਗੱਲਾਂ ਕਰਾਂਗੇ।"

'ਅੱਛਾ ਦੀਦੀ' ਕਹਿ ਕੇ ਪ੍ਰੀਤ ਰਸੋਈ ਵਿੱਚ ਚਲੀ ਗਈ ਅਤੇ ਥੋੜ੍ਹੀ ਦੇਰ ਬਾਅਦ ਚਾਹ ਅਤੇ ਸਨੈਕ ਲੈ ਆਈ।

"ਪ੍ਰੀਤ ਤੂੰ ਚਾਹ ਬੜੀ ਸੁਆਦ ਬਣਾਈ ਏ।" ਚੰਨੀ ਨੇ ਚਾਹ ਦੀ ਘੁੱਟ ਭਰ ਕੇ ਕਿਹਾ। ਦੱਸ ਚਾਚੀ ਜੀ ਦਾ ਕੀ ਹਾਲ ਏ?"

"ਆਓ ਨਾ ਘਰੇ ਕਿਸੇ ਦਿਨ ਵਕਤ ਕੱਢ ਕੇ, ਉਹ ਤੁਹਾਨੂੰ ਬਹੁਤ ਮਿਸ ਕਰਦੇ ਨੇ। ਸਿਹਤ ਉਨ੍ਹਾਂ ਦੀ ਠੀਕ ਏ।"

"ਪ੍ਰੀਤ ਦੱਸ ਤੇਰਾ ਕਿਵੇਂ ਆਉਣਾ ਹੋਇਆ?"

"ਦੀਦੀ, ਅਸੀਂ ਸਾਰੀਆਂ ਸਹੇਲੀਆਂ ਮਹੀਨੇ ਵਿੱਚ ਇੱਕ ਵਾਰ ਕਿਸੇ ਦੇ ਘਰ ਇਕੱਠੀਆਂ ਹੋ ਜਾਂਦੀਆਂ। ਬਸ ਸ਼ੁਗਲ ਲਈ। ਪਿਛਲੀ ਵਾਰ ਨੂਰ ਨੇ ਦੱਸਿਆ, ਉਸ ਦਾ ਪੇਟ ਖਰਾਬ ਹੈ, ਕਬਜ ਹੈ, ਅਫਾਰਾ ਹੁੰਦਾ ਹੈ। ਕਹਿੰਦੀ ਆਪਣੀ ਦੀਦੀ ਤੋਂ ਪੁੱਛ ਕੇ ਕੋਈ ਸੁਝਾਅ ਦੇਣਾ। ਮੈਂ ਸੋਚਿਆ ਕਿਸੇ ਦਾ ਭਲਾ ਹੋ ਜਾਵੇਗਾ। ਤੁਸੀਂ ਆਪ ਹੀ ਕਹਿੰਦੇ ਹੋ ਸਾਨੂੰ ਜੇ ਹੋ ਸਕੇ ਤਾਂ ਦੂਜਿਆਂ ਦੀ ਭਲਾਈ ਕਰਨੀ ਚਾਹੀਦੀ ਹੈ। ਕਰ ਭਲਾ, ਹੋ ਭਲਾ, ਹੈਂ ਨਾ!"

"ਓ ਤਾਂ ਠੀਕ ਹੈ, ਪਰ ਆਪਾਂ ਨੂੰ ਉਸ ਦੀ ਬਾਕੀ ਦੀ ਮੈਡੀਕਲ ਹਿਸਟਰੀ ਦੀ ਜਾਣਕਾਰੀ ਨਹੀਂ। ਹੋ ਸਕਦੈ, ਇਹ ਸਭ ਤਕਲੀਫ ਉਸ ਨੂੰ ਕਬਜ ਕਰਕੇ ਹੋਵੇ, ਪਰ ਹੋਰ ਕੁਝ ਵੀ ਹੋ ਸਕਦੈ। ਮੈਂ ਤੈਨੂੰ ਕਬਜ ਬਾਰੇ ਜਾਣਕਾਰੀ ਦੇ ਦਿੰਨੀ ਆਂ, ਉਸ ਨੂੰ ਕਹਿਣਾ ਜੇ ਕੁਝ ਫਾਇਦਾ ਨਾ ਹੋਇਆ ਤਾਂ ਆਪਣੇ ਡਾਕਟਰ ਦੀ ਰਾਏ ਲੈ ਲਵੇ। ਦੇਖਿਆ ਜਾਵੇ ਤਾਂ ਕਬਜ, ਖੁਰਾਕ ਪ੍ਰਣਾਲੀ ਵੀ ਸਭ ਤੋਂ ਜ਼ਿਆਦਾ ਕਾਰਨ ਹੈ ਮਰੀਜਾਂ ਦਾ ਆਪਣੇ ਡਾਕਟਰ ਕੋਲ ਜਾਣ ਦਾ। ਇਕੱਲੇ ਅਮਰੀਕਾ ਵਿੱਚ ਹੀ ਤਕਰੀਬਨ 2.5 ਮਿਲੀਅਨ ਮਰੀਜ ਹਰ ਸਾਲ ਆਪਣੇ ਡਾਕਟਰ ਕੋਲ ਇਸ ਬਾਰੇ ਮਸ਼ਵਰਾ ਲੈਣ ਜਾਂਦੇ ਹਨ।

ਕਬਜ (Constipation) ਦੀ ਪਰਿਭਾਸ਼ਾ ਹੈ- ਜੇ ਹਫਤੇ ਵਿੱਚ ਟੱਟੀ ਤਿੰਨ ਵਾਰ ਤੋਂ ਘੱਟ ਆਵੇ, ਸਖਤ ਤੇ ਖੁਸ਼ਕ ਹੋਵੇ, ਦਰਦ ਨਾਲ ਅਫਰੇਵਾਂ ਜਾਂ ਗੈਸ ਹੋਵੇ। ਕਈ ਵਾਰ ਭੁੱਖ ਵੀ ਘਟ ਜਾਂਦੀ ਹੈ।

ਟੱਟੀ ਆਉਣ ਦਾ ਹਰ ਇੱਕ ਦਾ ਦਿਨ-ਚਰਿਆ ਵੱਖਰਾ ਵੱਖਰਾ ਹੁੰਦਾ ਹੈ। ਦਿਨ ਵਿੱਚ 1-2 ਵਾਰ ਤੋਂ ਲੈ ਕੇ ਹਫਤੇ ਵਿੱਚ ਤਿੰਨ ਵਾਰ। ਕਿਹਾ ਜਾਂਦੈ, ਆਈਡੀਅਲ ਹੈ ਦਿਨ ਵਿੱਚ 1-2 ਵਾਰ ਜਾਣਾ। ਆਦਮੀ ਆਮ ਨਾਲੋਂ ਜ਼ਿਆਦਾ ਵਾਰ ਜਾਂਦੇ ਹਨ ਅਤੇ ਕਬਜ ਬਜ਼ੁਰਗਾਂ ਵਿੱਚ ਜ਼ਿਆਦਾ ਹੁੰਦੀ ਹੈ।

ਕਬਜ ਦੋ ਤਰ੍ਹਾਂ ਦੀ ਹੁੰਦੀ ਹੈ:

1. ਕਦੇ-ਕਦੇ 2-4 ਦਿਨਾਂ ਲਈ - Occasional

2. ਦੂਸਰੀ, ਲੰਮੇ ਅਰਸੇ ਲਈ ਜਾਂ Chronic"

"ਦੀਦੀ, ਤੁਸੀਂ ਕਿਹੈ ਇਹ ਜ਼ਿਆਦਾ ਔਰਤਾਂ ਤੇ ਬਜ਼ੁਰਗਾਂ ਨੂੰ ਹੁੰਦੀ ਹੈ। ਬਾਕੀ ਹੋਰ ਕੀ ਕਾਰਨ ਹਨ?"

"ਤੁਹਾਡੀ ਖੁਰਾਕ ਦਾ ਬਹੁਤ ਜ਼ਿਆਦਾ ਹੱਥ ਹੈ ਕਬਜ ਕਰਨ ਵਿੱਚ। ਖਾਣ ਤੋਂ ਬਾਅਦ ਖੁਰਾਕ ਮਿਹਦੇ ਵਿੱਚ ਜਾ ਕੇ ਹਜ਼ਮ ਹੁੰਦੀ ਹੈ। ਫਿਰ ਛੋਟੀਆਂ ਆਂਦਰਾਂ ਵਿੱਚ ਜਾਂਦੀ ਹੈ, ਜਿੱਥੇ ਤਾਕਤ ਵਾਲੇ ਤੱਤ ਆਪਣੇ ਖੂਨ ਵਿੱਚ ਚਲੇ ਜਾਂਦੇ ਨੇ। ਬਚਿਆ ਹੋਇਆ ਹਿੱਸਾ ਵੱਡੀ ਖੁਰਾਕ ਪ੍ਰਣਾਲੀ ਵਿੱਚ ਜਾਂਦਾ ਏ, ਜਿੱਥੇ ਪਾਣੀ ਖੂਨ ਵਿੱਚ ਮੁੜ ਜਾਂਦੈ ਅਤੇ ਬਚੇ ਹੋਏ ਹਿੱਸੇ ਨੂੰ ਟੱਟੀ (stool, ਮਲ) ਕਹਿੰਦੇ ਨੇ ਅਤੇ ਉਹ ਮਲ ਦੁਆਰ ਰਾਹੀਂ ਬਾਹਰ ਚਲਾ ਜਾਂਦੈ। ਜੇ ਟੱਟੀ/ਮਲ ਜ਼ਿਆਦਾ ਦੇਰ, ਅਖੀਰ ਵਾਲੀ ਖੁਰਾਕ ਪ੍ਰਣਾਲੀ ਵਿੱਚ ਰਹੇ ਤਾਂ ਹੋਰ ਪਾਣੀ ਖੂਨ ਵਿੱਚ ਚਲਾ ਜਾਂਦੈ ਅਤੇ ਮਲ/ਟੱਟੀ ਸਖਤ ਹੋ ਜਾਂਦੀ ਏ; ਤੇ ਆਪਾਂ ਇਸ ਨੂੰ ਕਬਜ ਕਹਿੰਦੇ ਹਾਂ।"

"ਦੀਦੀ, ਤੁਹਾਡਾ ਮਤਲਬ ਹੈ ਕਿ ਅਸਾਡੀ ਖੁਰਾਕ ਹੀ ਆਂਦਰ ਨਿਯਮਤਤਾ (bowel regularity) ਦੀ ਜ਼ਿੰਮੇਵਾਰ ਹੈ!"

"ਖੁਰਾਕ ਵਿੱਚ ਫਾਈਬਰ ਦੀ ਮਿਕਦਾਰ ਬਹੁਤ ਜ਼ਰੂਰੀ ਹੈ। ਅਲਟਰਾਪ੍ਰੋਸੈਸਡ ਖੁਰਾਕ, ਫੈਟੀ ਫੂਡਜ਼- ਜਿਵੇਂ ਕੀਟੋ ਖੁਰਾਕ (ਜੋ ਅਸੀਂ ਖਾਣ ਦੇ ਆਦੀ ਹਾਂ) ਵਿੱਚ ਫਾਈਬਰ ਦੀ ਬਹੁਤ ਘਾਟ ਹੁੰਦੀ ਹੈ।"

"ਦੀਦੀ, ਆਪਣੀ ਖੁਰਾਕ ਜਿਸ ਵਿੱਚ ਫਾਈਬਰ ਘੱਟ ਹੋਵੇ, ਕਬਜ ਕਿਵੇਂ ਕਰ ਸਕਦੀ ਏ?"

"ਇੱਕ ਤਾਂ ਮਲ/ਟੱਟੀ ਦਾ ਥੋਕ (bulk) ਘਟ ਜਾਂਦੈ; ਦੂਜਾ ਫਾਈਬਰ ਘੱਟ ਹੋਣ ਕਰ ਕੇ ਟੱਟੀ ਸਖਤ ਹੋ ਜਾਂਦੀ; ਤੀਸਰਾ ਇਸ ਦੀ ਘਾਟ ਚੰਗੇ ਜਰਮ (gut microbiome) ਨੂੰ ਨੁਕਸਾਨ ਪਹੁੰਚਾਉਂਦੈ ਅਤੇ gut bacteria ਵਿੱਚ in-balance ਹੋ ਜਾਂਦੈ। ਪਾਣੀ ਦੀ ਘਾਟ ਨਾਲ ਵੀ ਡੀਹਾਈਡ੍ਰੇਸ਼ਨ ਹੋ ਜਾਂਦੀ ਏ ਅਤੇ ਆਪਣੀਆਂ ਆਂਦਰਾਂ ਵਿੱਚ ਜ਼ਿਆਦਾ ਪਾਣੀ (liquid) ਨਹੀਂ ਬਚਦਾ।"

"ਦੀਦੀ, ਖੁਰਾਕ ਤੋਂ ਬਿਨਾ ਕਬਜ ਦੇ ਹੋਰ ਕੀ ਕਾਰਨ ਹਨ?"

"2. ਕਸਰਤ ਦੀ ਘਾਟ ਅਤੇ ਬੈਠ ਕੇ ਕਰਨ ਵਾਲੀ ਨੌਕਰੀ

3. ਜੇ ਕਿਸੇ ਦਾ ਦਿਨ-ਚਰਿਆ ਬਦਲ ਜਾਵੇ; ਯਾਤਰਾ ਵਗੈਰਾ ਕਰ ਕੇ ਜਾਂ ਖਾਣ ਦਾ ਰੁਟੀਨ ਬਦਲ ਜਾਵੇ

4. ਕਈ ਦਵਾਈਆਂ ਦੇ ਮਾੜੇ ਪ੍ਰਭਾਵ (side effect) ਹੋ ਸਕਦੇ ਹਨ

5. ਸਟਰੈਸ ਕਰ ਕੇ ਵੀ ਹੋ ਸਕਦਾ ਹੈ।

6. ਕਈ ਬਿਮਾਰੀਆਂ IBS (imitable bowel syndrome)

7. Thyroid ਘਟੇ ਕੰਮ ਕਰਦਾ ਹੋਵੇ

8. ਥੱਲੇ ਦੀ ਖੁਰਾਕ ਪ੍ਰਣਾਲੀ ਦਾ ਕੈਂਸਰ ਵਗੈਰਾ।

9. ਪਖਾਨੇ ਜਾਣ ਦੀ ਸਨਸਨੀ (sensation) ਨੂੰ ਨਜ਼ਰਅੰਦਾਜ਼ ਕਰ ਦੇਣਾ।"

"ਦੀਦੀ, ਕਬਜ ਦਾ ਕੋਈ ਖਤਰਾ ਵੀ ਹੋ ਸਕਦੈ, ਬੇਅਰਾਮੀ ਤੋਂ ਇਲਾਵਾ?"

"1. ਜੇ ਕਬਜ ਕਦੇ-ਕਦੇ (occasional) ਤਰ੍ਹਾਂ ਦੀ ਹੋਵੇ ਤਾਂ ਖਤਰੇ ਵਾਲੀ ਗੱਲ ਨਹੀਂ, ਪਰ ਜੇ ਲੰਮੇ ਅਰਸੇ (chronic constipation) ਹੋਵੇ ਤਾਂ ਵੱਡੀਆਂ ਆਂਦਰਾਂ ਤੋਂ ਟੌਕਸਨਜ਼ ਖੂਨ ਵਿੱਚ ਜਾ ਕੇ ਗੁਰਦਿਆਂ ਅਤੇ ਹੋਰ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

2. ਆਪਾਂ ਖੁਰਾਕ ਪ੍ਰਣਾਲੀ ਦੇ ਅਖੀਰਲੇ ਹਿੱਸੇ ਨੂੰ rectum ਅਤੇ anus (ਮਲ ਦੁਆਰ) ਕਹਿੰਦੇ ਹਾਂ, ਉੱਥੇ ਖੂਨ ਦੀਆਂ ਨਾੜੀਆਂ ਕਬਜ ਕਾਰਨ ਫੁਲ ਜਾਂਦੀਆਂ ਹਨ ਅਤੇ ਇਨਫਲੇਮੇਸ਼ਨ ਹੋ ਜਾਂਦੀ ਹੈ। ਨਤੀਜਾ ਹੈ, ਬਵਾਸੀਰ (hemorrhoids) ਦੀ ਬਿਮਾਰੀ।

3. ਸਖਤ ਮਲ/ਟੱਟੀ ਕਰਕੇ ਮਲ ਦੁਆਰ ਦੀ ਚਮੜੀ ਵਿੱਚ ਚੀਰੇ ਆ ਜਾਂਦੇ ਹਨ, ਜਿਸ ਨੂੰ anal fissure ਕਹਿੰਦੇ ਹਾਂ ਅਤੇ ਇਹ ਕਾਫੀ ਤਕਲੀਫ ਦਾ ਕਾਰਨ ਬਣਦੀ ਹੈ।

4. ਕਈ ਵਾਰੀ rectum ਦੀ ਅੰਦਰਲੀ ਝਿੱਲੀ ਵੀ ਬਾਹਰ ਆ ਜਾਂਦੀ ਹੈ (rectal prolapse)

5. ਵੱਡੀ ਪ੍ਰਣਾਲੀ ਦੀ wall ਵਿੱਚ ਪੱਠਿਆਂ ਦੀ ਕਮਜ਼ੋਰੀ ਕਰਕੇ pouches ਬਣ ਜਾਂਦੇ ਨੇ, ਜਿਸ ਨੂੰ ਆਪਾਂ diverticulosis (ਡਾਈਵਰਟੀਕੁਲੋਸਿਸ) ਕਹਿੰਦੇ ਹਾਂ।

6. ਕਈ ਵਾਰੀ ਜ਼ਿਆਦਾ ਮਲ ਇਕੱਠਾ ਹੋ ਕੇ ਮਲ ਦੁਆਰ ਨੂੰ ਬੰਦ ਕਰ ਸਕਦਾ ਏ (fecal impaction)"

"ਦੀਦੀ, ਇਸ ਦਾ ਨਤੀਜਾ ਇਹ ਹੋਇਆ, ਜੇ ਵੇਲੇ ਸਿਰ ਇਲਾਜ ਨਾ ਕਰੋ, ਸਿਹਤ ਨੂੰ ਕਾਫੀ ਨੁਕਸਾਨ ਪਹੁੰਚ ਸਕਦਾ ਏ। ਦੱਸੋ ਡਾਕਟਰ ਦੀ ਰਾਏ ਲੈਣ ਲਈ ਕਦੋਂ ਜਾਣਾ ਚਾਹੀਦੈ?"

"ਸੁਣੋ: 1. ਜੇ ਕਬਜ 3 ਹਫਤੇ ਜਾਂ ਉਸ ਤੋਂ ਜ਼ਿਆਦਾ ਅਰਸੇ ਦੀ ਹੋਵੇ ਅਤੇ ਤੁਹਾਡਾ ਘਰੇਲੂ ਆਹਰ-ਪਾਹਰ ਲਾਭਦਾਇਕ ਸਾਬਤ ਨਹੀਂ ਹੋਇਆ

2. ਖੂਨ ਆ ਰਿਹੈ, ਮਲ ਦੇ ਨਾਲ

3. ਮਲ ਦਾ ਰੰਗ ਬਦਲ ਗਿਐ- ਕਾਲਾ ਜਾਂ ਹੋਰ

4. ਸਟੂਲ ਦੀ ਸ਼ਕਲ ਬਦਲ ਗਈ (narrow ਜਾਂ ribbon ਵਰਗੀ)

5. ਕਿਸੇ ਵਜ੍ਹਾ ਤੋਂ ਬਿਨਾ ਤੁਹਾਡਾ ਵਜ਼ਨ ਘਟ ਰਿਹੈ।

ਆਪਣੇ ਡਾਕਟਰ ਨੂੰ ਦਿਖਾਓ, ਕੋਈ ਖਤਰਨਾਕ ਬਿਮਾਰੀ ਨਾ ਹੋਵੇ। ਤੁਹਾਡੇ ਖੂਨ, ਮਲ ਨੂੰ ਪਰਖਣ ਦੀ ਜ਼ਰੂਰਤ ਹੈ। ਹੋ ਸਕਦੈ ਐਕਸਰੇ ਜਾਂ ਕੋਲੋਨੋਸਕੋਪੀ (colonoscopy) ਕਰਨ ਦੀ ਵੀ ਜ਼ਰੂਰਤ ਪਵੇ।

ਬਹੁਤੇ ਮਰੀਜਾਂ ਵਿੱਚ ਤਾਂ ਕੋਈ ਆਮ ਕਾਰਨ ਹੀ ਹੁੰਦੈ, ਪਰ ਅੱਗੇ ਪਰਖ ਕਰਵਾ ਲੈਣੀ ਬਹੁਤ ਹੀ ਜ਼ਰੂਰੀ ਹੈ। ਜੇ ਉਪਰ ਦੱਸੀ ਕੋਈ ਵੀ ਸਥਿਤੀ ਹੋਵੇ।"

"ਦੀਦੀ, ਹੁਣ ਲੱਗਦੇ ਹੱਥ ਇਹਦਾ ਇਲਾਜ ਵੀ ਦੱਸ ਦੇਵੋ।"

"ਬਈ ਇਲਾਜ ਨਿਰਭਰ ਹੈ: ਕਬਜ ਦਾ ਕਾਰਨ ਕੀ ਹੈ! ਦਵਾਈਆਂ ਦਾ ਮਾੜਾ ਅਸਰ ਵਗੈਰਾ। ਨਹੀਂ ਤਾਂ ਸਿੱਧੇ ਜਿਹੇ ਤਰੀਕਿਆਂ ਨਾਲ ਸ਼ੁਰੂ ਕਰੋ; ਜਿਵੇਂ- 1. ਜ਼ਿਆਦਾ ਪਾਣੀ ਪੀਣਾ - ਆਮ ਤੌਰ 'ਤੇ ਕਿਹਾ ਜਾਂਦੈ 6 ਕੁ ਗਲਾਸ ਰੋਜ਼ ਪਾਣੀ ਪੀਓ। ਇਸ ਦੀ ਮਾਤਰਾ ਵਧ ਸਕਦੀ ਹੈ, ਜੇ ਤੁਹਾਡਾ ਕੰਮ ਬਹੁਤ ਕਸਰਤ ਵਾਲਾ ਜਾਂ ਗਰਮੀ ਦਾ ਮੌਸਮ ਜਾਂ ਕਿਸੇ ਬਿਮਾਰੀ ਕਾਰਨ ਸਰੀਰ ਦੀ ਜ਼ਰੂਰਤ ਜ਼ਿਆਦਾ ਪਾਣੀ ਦੀ ਹੋਵੇ।

-ਕੈਫੀਨ ਘੱਟ ਕਰ ਦੇਣੀ ਚਾਹੀਦੀ ਹੈ

-ਸ਼ਰਾਬ ਵੀ ਪਾਣੀ ਦੀ ਘਾਟ (dehydration) ਕਰਦੀ ਏ

-ਮਿੱਠੀਆਂ ਪੀਣ ਵਾਲੀਆਂ ਡ੍ਰਿੰਕਸ ਵੀ ਨਾ ਲਵੋ।

2. ਖੁਰਾਕ ਦੀ ਤਬਦੀਲੀ ਕਰਨੀ ਪੈਣੀ ਹੈ

-ਆਪਣੇ ਖਾਣ ਦੀ ਰੁਟੀਨ ਨਾ ਬਦਲੋ

-ਜ਼ਿਆਦਾ ਫਾਈਬਰ ਵਾਲੀ ਖੁਰਾਕ ਸ਼ਾਮਲ ਕਰੋ। ਹਰ ਰੋਜ਼ 25-30 ਗਰਾਮ ਫਾਈਬਰ ਲੈਣਾ ਚਾਹੀਦਾ।"

"ਦੀਦੀ, ਤੁਸੀਂ ਹਮੇਸ਼ਾ ਫਾਈਬਰ ਜ਼ਿਆਦਾ ਲੈਣ ਲਈ ਕਹਿੰਦੇ ਰਹਿੰਦੇ ਹੋ, ਇਸ ਦਾ ਫਾਇਦਾ ਜ਼ਰਾ ਵਿਸਥਾਰ ਵਿੱਚ ਦੱਸੋ।"

"ਪ੍ਰੀਤ, ਫਾਈਬਰ ਆਪਣੀ ਸਿਹਤ ਲਈ, ਖਾਸ ਕਰ ਕੇ ਆਪਣੀ ਖੁਰਾਕ ਪ੍ਰਣਾਲੀ ਦੀ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਤੁਹਾਡੀ ਸਿਹਤ ਉਨੀ ਹੀ ਅੱਛੀ ਹੋਵੇਗੀ, ਜਿੰਨੀ ਤੁਹਾਡੀ ਖੁਰਾਕ ਪ੍ਰਣਾਲੀ। ਫਾਈਬਰ ਆਪਣੇ gut bacteria ਦੇ balance ਲਈ ਬਹੁਤ ਹੀ ਅਹਿਮ ਹੈ, ਕਿਉਂਕਿ ਫਾਈਬਰ microbiome ਦੀ ਖੁਰਾਕ ਹੈ ਅਤੇ ਉਨ੍ਹਾਂ ਨੂੰ ਸਿਹਤਮੰਦ ਰੱਖਣ ਲਈ ਫਾਈਬਰ ਦੋਨੋਂ ਤਰ੍ਹਾਂ ਦੀ insoluble ਅਤੇ soluble ਜ਼ਰੂਰੀ ਹੈ ਆਪਣੇ ਲਈ।

Insoluble fiber- ਆਪਣੇ ਮਿਹਦੇ ਵਿੱਚ ਘੁਲਦੀ ਨਹੀਂ, ਪਾਣੀ ਵਿੱਚ ਉਸ ਤਰ੍ਹਾਂ ਹੀ ਵੱਡੀ ਖੁਰਾਕ ਪ੍ਰਣਾਲੀ ਵਿੱਚ ਪਹੁੰਚ ਜਾਂਦੀ ਹੈ, ਇਸ ਦਾ ਖੁਰਾਕ ਸਰੋਤ ਹਨ- ਫਲਾਂ ਅਤੇ ਸਬਜ਼ੀਆਂ ਦੇ ਛਿਲਕੇ, ਬੀਜ, ਨੱਟਸ, ਡਰਾਈ ਫਰੂਟ, ਹਰੀਆਂ ਪੱਤੇਦਾਰ ਸਬਜ਼ੀਆਂ, pop corns ਵਗੈਰਾ।

Soluble fiber- ਇਹ ਪਾਣੀ ਵਿੱਚ ਘੁਲ ਕੇ gel ਜਿਹਾ ਬਣਾਉਂਦੇ ਨੇ। ਇਹ ਕੇਲਿਆਂ ਵਿੱਚ, ਸੇਬ, ਓਟਮੀਲ, ਹੋਲ ਗਰੇਨਜ਼ ਅਤੇ ਪੱਕੀਆਂ ਹੋਈਆਂ ਸਬਜ਼ੀਆਂ ਵਿੱਚ ਹੁੰਦੀ ਹੈ। ਇਹ ਦੋਹਾਂ ਤਰ੍ਹਾਂ ਦੇ ਫਾਈਬਰ ਕਬਜ ਲਈ ਲਾਭਦਾਇਕ ਹਨ, ਪਰ soluble fiber ਦਾ ਅਸਰ 3-4 ਗੁਣਾ ਜ਼ਿਆਦਾ ਫਾਇਦੇਮੰਦ ਹੈ। Insoluble fiber ਆਪਣੇ ਮਲ ਵਿੱਚ ਥੋਕ (bulk) ਬਣਾਉਂਦਾ ਹੈ ਅਤੇ soluble gel ਬਣਾ ਕੇ ਨਰਮ ਬਣਾਉਂਦਾ ਹੈ।"

"ਪ੍ਰੀਤ, ਮੈਂ ਤਾਂ ਭੁੱਲ ਹੀ ਗਈ ਸੀ, ਆਪਣੀ ਖੁਰਾਕ ਵਿੱਚ probiotic ਖੁਰਾਕ ਦਾ ਵੀ ਬਹੁਤ ਅਹਿਮ ਰੋਲ ਹੈ- microbiome ਲਈ ਇਹ ਕਬਜ ਦੇ ਇਲਾਜ ਲਈ ਮਦਦਗਾਰ ਹੈ। ਇਸ ਵਿੱਚ ਹਨ- ਸਾਵਰ ਕਰੋਟ, ਕਿਮਚੀ, ਕੀਫਰ, ਦਹੀਂ, ਕੌਟੇਜ ਚੀਜ਼, ਕਾਂਜੀ, ਡੋਸਾ, ਡੋਕਲਾ ਵਗੈਰਾ। ਇਨ੍ਹਾਂ ਦੀ 1-2 ਸਰਵਿੰਗ ਰੋਜ਼ਾਨਾ ਲਵੋ। ਕਈ ਵਾਰ ਸ਼ੁਰੂ ਵਿੱਚ ਗੈਸ ਅਤੇ bloating ਹੋ ਸਕਦੀ ਹੈ, ਜੇ ਕੋਈ ਦਿੱਕਤ ਹੋਵੇ ਤਾਂ ਇਨ੍ਹਾਂ ਦਾ ਇਸਤੇਮਾਲ ਸ਼ੁਰੂ ਵਿੱਚ ਘੱਟ ਮਿਕਦਾਰ ਵਿੱਚ ਕਰੋ ਅਤੇ ਹੌਲੀ ਹੌਲੀ ਮਿਕਦਾਰ ਵਧਾਓ। ਬਹੁਤੀ ਵਾਰੀ ਇਸ ਦੇ ਨਾਲ ਯਾਨਿ probiotic ਖੁਰਾਕ ਨਾਲ ਕਾਮਯਾਬੀ ਹੁੰਦੀ ਹੈ।

-ਕਸਰਤ ਆਪਣੇ ਰੋਜ਼ਮੱਰ੍ਹਾ ਦੇ ਕੰਮਾਂ ਵਿੱਚ ਸ਼ਾਮਲ ਕਰੋ

-ਕਈ ਘਰੇਲੂ ਇਲਾਜ ਵੀ ਕਰ ਸਕਦੇ ਹੋ

ਅੱਧਾ ਗਲਾਸ ਸੰਤਰੇ ਦਾ ਜੂਸ ਅਤੇ ਅੱਧਾ ਗਲਾਸ ਪਰੂਨ ਜੂਸ, ਇਸ ਨੂੰ ਗਰਮ ਕਰਕੇ ਲਵੋ (ਜੇ ਤੁਹਾਨੂੰ ਸ਼ੂਗਰ ਦੀ ਬਿਮਾਰੀ ਨਹੀਂ)। ਪਰੂਨਜ਼ ਅਤੇ ਅੰਜੀਰ (figs) ਵਿੱਚ ਕਾਫੀ ਫਾਈਬਰ ਤੋਂ ਬਿਨਾ ਹੋਰ ਵੀ ਤੱਤ ਹਨ ਕਬਜ ਤੋਂ ਮੁਕਤੀ ਲਈ।

-ਇੱਕ ਹੋਰ concoction ਵੀ ਮਦਦਗਾਰ ਹੋ ਸਕਦੀ ਏ। ਇੱਕ ਲਿਟਰ ਕੋਸਾ ਜਿਹਾ ਪਾਣੀ ਲਵੋ, ਉਸ ਵਿੱਚ ਇੱਕ ਚੱਮਚ fennel seed ਪਾਓ, ਇੱਕ ਚੱਮਚ ਸੁੰਢ (dry ginger) ਜਾਂ ਅੱਧਾ ਇੰਚ crushed ginger, ਇੱਕ ਚੱਮਚ chia seeds ਅਤੇ 2-3 ਕੱਟੀਆਂ ਹੋਈਆਂ ਅੰਜੀਰਾਂ। ਇਸ ਨੂੰ ਕੁਝ ਘੰਟਿਆਂ ਲਈ ਰੱਖ ਦੇਵੋ (ਸਾਰੀ ਰਾਤ ਵੀ ਰੱਖ ਸਕਦੇ ਹੋ)। ਸਵੇਰੇ ਉਠ ਕੇ ਪੀ ਲਵੋ।

-ਜੇ magnesium supplement ਲੈਂਦੇ ਹੋ, ਉਹ magnesium citrate ਦੀ form ਵਿੱਚ ਲਵੋ, ਉਸ ਨਾਲ ਵੀ ਫਾਇਦਾ ਹੋ ਸਕਦੈ।

ਪ੍ਰੀਤ ਆਪਾਂ ਹੁਣ ਬੱਸ ਕਰੀਏ, ਬਾਕੀ ਅਗਲੀ ਵਾਰੀ। ...ਰੱਬ ਰਾਖਾ!"

-0-

# ਹਾਕੀ ਦਾ 'ਸਰਪੰਚ' ਹਰਮਨਪ੍ਰੀਤ ਸਿੰਘ

***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਗੋਲ ਕਰਨ ਵਿੱਚ ਭਾਰਤ ਵੱਲੋਂ ਧਿਆਨ ਚੰਦ ਅਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ ਉਤੇ ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ ਦਾ ਕਿੱਸਾ ਛੋਹਿਆ ਗਿਆ ਹੈ। ਪੈਰਿਸ ਓਲੰਪਿਕਸ ਦੀ ਜਿੱਤ ਵਿੱਚ ਸਭ ਤੋਂ ਵੱਡਾ ਯੋਗਦਾਨ ਕਪਤਾਨ ਹਰਮਨਪ੍ਰੀਤ ਸਿੰਘ ਦਾ ਰਿਹਾ। ਕੁਮੈਂਟਰੀ ਕਰਨ ਵਾਲਿਆਂ ਵੱਲੋਂ ਤਖ਼ੱਲਸ ਦਿੰਦਿਆਂ ਉਸ ਨੂੰ 'ਸਰਪੰਚ' ਆਖਿਆ ਗਿਆ। ਉਹ ਆਪਣੇ ਇੱਕ ਦਹਾਕਾ ਖੇਡ ਕਰੀਅਰ ਵਿੱਚ ਹੁਣ ਤੱਕ 227 ਕੌਮਾਂਤਰੀ ਮੈਚ ਖੇਡ ਚੁੱਕੈ।***

**ਖਿਡਾਰੀ ਪੰਜ-ਆਬ ਦੇ (23)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



ਭਾਰਤੀ ਹਾਕੀ ਟੀਮ ਨੇ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਜਿੱਤ ਕੇ 52 ਸਾਲ ਬਾਅਦ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਲਗਾਤਾਰ ਦੋ ਵਾਰ ਤਮਗ਼ੇ ਜਿੱਤੇ। ਭਾਰਤ ਨੇ 2021 ਵਿੱਚ ਟੋਕੀਓ ਵਿਖੇ ਵੀ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਇਸ ਤੋਂ ਪਹਿਲਾਂ 1968 ਵਿੱਚ ਮੈਕਸੀਕੋ ਤੇ 1972 ਵਿੱਚ ਮਿਊਨਿਖ ਵਿਖੇ ਵੀ ਲਗਾਤਾਰ ਤਮਗ਼ੇ ਜਿੱਤੇ ਸਨ। ਹਾਲਾਂਕਿ ਭਾਰਤ ਨੇ 1928 ਐਮਸਟਰਡਮ ਤੋਂ ਲੈ ਕੇ 1972 ਤੱਕ ਲਗਾਤਾਰ 10 ਤਮਗ਼ੇ ਜਿੱਤੇ ਹਨ। ਓਲੰਪਿਕ ਖੇਡਾਂ ਵਿੱਚ ਹਾਕੀ ਮੁਕਾਬਲਿਆਂ ਵਿੱਚ ਇਹ ਭਾਰਤ ਦਾ 13ਵਾਂ ਤਮਗਾ ਹੈ, ਜਿਨ੍ਹਾਂ ਵਿੱਚ 8 ਸੋਨੇ, ਇੱਕ ਚਾਂਦੀ ਤੇ ਚਾਰ ਕਾਂਸੀ ਦੇ ਤਮਗ਼ੇ ਸ਼ਾਮਲ ਹਨ।

ਪੈਰਿਸ ਓਲੰਪਿਕਸ ਦੀ ਜਿੱਤ ਵਿੱਚ ਸਭ ਤੋਂ ਵੱਡਾ ਯੋਗਦਾਨ ਕਪਤਾਨ ਹਰਮਨਪ੍ਰੀਤ ਸਿੰਘ ਦਾ ਰਿਹਾ। ਹਰਮਨਪ੍ਰੀਤ ਸਿੰਘ ਨੇ ਓਲੰਪਿਕਸ ਵਿੱਚ ਕੁੱਲ 10 ਗੋਲ ਕੀਤੇ ਅਤੇ ਉਹ ਓਲੰਪਿਕ ਖੇਡਾਂ ਦਾ ਸਰਵੋਤਮ ਸਕੋਰਰ ਵੀ ਰਿਹਾ। ਉਸ ਤੋਂ ਬਾਅਦ ਆਸਟਰੇਲੀਆ ਦੇ ਬਲੈਕ ਗੋਵਰਜ਼ ਨੇ ਸੱਤ ਗੋਲ ਕੀਤੇ। ਕਪਤਾਨ ਹਰਮਨਪ੍ਰੀਤ ਸਿੰਘ ਕਪਤਾਨਾਂ ਵਾਲੀ ਖੇਡ ਦਿਖਾਉਂਦਾ ਹੋਇਆ ਟੀਮ ਨੂੰ ਅੱਗੇ ਲੈ ਕੇ ਵਧਿਆ। ਕਬੱਡੀ ਖਿਡਾਰੀਆਂ ਵਾਂਗ ਹਰਮਨਪ੍ਰੀਤ ਸਿੰਘ ਨੂੰ ਓਲੰਪਿਕਸ ਦੀ ਕੁਮੈਂਟਰੀ ਕਰਨ ਵਾਲਿਆਂ ਵੱਲੋਂ ਤਖ਼ੱਲਸ ਦਿੰਦਿਆਂ 'ਸਰਪੰਚ' ਆਖਿਆ ਜਾ ਰਿਹਾ ਹੈ। ਜਿਵੇਂ ਸਰਪੰਚ ਪਿੰਡ ਦਾ ਮੁਖੀ ਹੁੰਦੀ ਹੈ, ਉਵੇਂ ਹੀ ਹਰਮਨਪ੍ਰੀਤ ਸਿੰਘ ਭਾਰਤੀ ਹਾਕੀ ਟੀਮ ਦਾ ਮੁਖੀ ਹੈ। ਉਹ ਸੁੱਚਜੇ ਤਰੀਕੇ ਨਾਲ ਟੀਮ ਦੀ ਅਗਵਾਈ ਕਰਦਾ ਹੋਇਆ ਜਿੱਥੇ ਡਿਫੈਂਸ ਅਤੇ ਪੈਨਲਟੀ ਕਾਰਨਰ ਰੋਕਣ ਮੌਕੇ ਟੀਮ ਦਾ ਥੰਮ੍ਹ ਬਣਿਆ ਹੋਇਆ ਹੈ, ਉਥੇ ਹੀ ਆਪਣੀ ਡਰੈਗ ਫਲਿੱਕ ਅਤੇ ਸਕੂਪ ਨਾਲ ਉਹ 10 ਗੋਲ ਕਰਕੇ ਓਲੰਪਿਕ ਖੇਡਾਂ ਦਾ ਸਰਵੋਤਮ ਸਕੋਰਰ ਰਿਹਾ। ਬਰਤਾਨੀਆ ਖਿਲਾਫ਼ ਮੈਚ ਵਿੱਚ ਹਰਮਨਪ੍ਰੀਤ ਸਿੰਘ ਨੇ ਔਖੇ ਸਮੇਂ ਟੀਮ ਦਾ ਹੌਸਲਾ ਨਹੀਂ ਡਿੱਗਣ ਦਿੱਤਾ ਅਤੇ ਆਪਣੇ ਹਮਲਾਵਰ ਅੰਦਾਜ਼ ਵਿੱਚ ਖੇਡ ਖੇਡੀ।

ਹਰਮਨਪ੍ਰੀਤ ਸਿੰਘ ਪਿਛਲੀਆਂ ਟੋਕੀਓ ਓਲੰਪਿਕਸ ਵਿੱਚ ਟੀਮ ਦਾ ਉਪ ਕਪਤਾਨ ਸੀ, ਜਦੋਂ ਟੀਮ ਦੇ ਮੌਜੂਦਾ ਖਿਡਾਰੀ ਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਭਾਰਤ ਨੇ 41 ਵਰ੍ਹਿਆਂ ਬਾਅਦ ਓਲੰਪਿਕ ਖੇਡਾਂ ਵਿੱਚ ਤਮਗ਼ਾ ਜਿੱਤਿਆ ਸੀ। ਟੋਕੀਓ ਓਲੰਪਿਕਸ ਵਿੱਚ ਹਰਮਨਪ੍ਰੀਤ ਸਿੰਘ ਨੇ ਛੇ ਗੋਲ ਕੀਤੇ ਸਨ ਅਤੇ ਭਾਰਤ ਦਾ ਸਰਵੋਤਮ ਗੋਲ ਸਕਰੋਰ ਸੀ। ਇਸ ਤਰ੍ਹਾਂ ਹਰਮਨਪ੍ਰੀਤ ਦੀ ਹਾਕੀ ਨੇ ਓਲੰਪਿਕ ਖੇਡਾਂ ਵਿੱਚ ਕੁੱਲ 16 ਗੋਲ ਕਰ ਦਿੱਤੇ ਹਨ। 13 ਨੰਬਰ ਜਰਸੀ ਵਿੱਚ ਖੇਡਣ ਵਾਲੇ ਹਰਮਨਪ੍ਰੀਤ ਸਿੰਘ ਨੇ ਭਾਰਤ ਨੂੰ ਹਾਕੀ ਵਿੱਚ 13ਵਾਂ ਤਮਗ਼ਾ ਜਿਤਾਇਆ ਹੈ। ਇਹ ਨੰਬਰ ਹਰਮਨਪ੍ਰੀਤ ਸਿੰਘ ਨੂੰ ਹਾਕੀ ਦੇ ਮਹਾਨ ਦਿੱਗਜ਼ ਬਲਬੀਰ ਸਿੰਘ ਸੀਨੀਅਰ ਨੇ ਦਿੱਤਾ ਸੀ। ਜਦੋਂ ਹਰਮਨਪ੍ਰੀਤ ਸਿੰਘ ਨੂੰ ਸ਼ੁਰੂਆਤੀ ਸਮੇਂ ਵਿੱਚ 13 ਨੰਬਰ ਜਰਸੀ ਅਲਾਟ ਹੋਈ ਤਾਂ ਉਦੋਂ ਉਹ ਇਸ ਨੰਬਰ ਨੂੰ ਅਭਾਗਾ (ਯੂਰਪ ਦੀ ਸੋਚ ਮੁਤਾਬਕ) ਸਮਝਦਾ ਹੋਣ ਕਰਕੇ ਅਪਣਾਉਣ ਤੋਂ ਹਿਚਕਾਉਂਦਾ ਸੀ। ਫੇਰ ਬਲਬੀਰ ਸਿੰਘ ਸੀਨੀਅਰ ਨੇ ਹਰਮਨਪ੍ਰੀਤ ਸਿੰਘ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਆਖ ਕੇ 13 ਨੰਬਰ ਦੀ ਜਰਸੀ ਪਹਿਨਣ ਲਈ ਪ੍ਰੇਰਿਆ। ਉਦੋਂ ਤੋਂ ਹਰਮਨਪ੍ਰੀਤ ਸਿੰਘ 13 ਨੰਬਰ ਜਰਸੀ ਵਿੱਚ ਖੇਡਦਾ ਹੈ। ਉਸ ਦੇ ਸੋਸ਼ਲ ਮੀਡੀਆ ਹੈਂਡਲ ਉਪਰ ਵੀ ਨਾਮ ਦੇ ਨਾਲ 13 ਲਿਖਿਆ ਹੁੰਦਾ। ਉਹ ਆਪਣੇ ਪ੍ਰਸ਼ੰਸਕਾਂ ਨੂੰ ਆਟੋਗ੍ਰਾਫ ਦਿੰਦਾ ਹੋਇਆ ਵੀ 13 ਨੰਬਰ ਜ਼ਰੂਰ ਲਿਖਦਾ ਹੈ।

ਹਰਮਨਪ੍ਰੀਤ ਸਿੰਘ ਨੇ ਪੈਰਿਸ ਓਲੰਪਿਕਸ ਵਿੱਚ ਜਿਸ ਟੀਮ ਦੀ ਅਗਵਾਈ ਕੀਤੀ, ਉਸ ਵਿੱਚ ਦੋ ਸਾਬਕਾ ਕਪਤਾਨ ਖੇਡ ਰਹੇ ਹਨ। ਮਿਡਫੀਲਡਰ ਮਨਪ੍ਰੀਤ ਸਿੰਘ ਨੇ ਟੋਕੀਓ ਓਲੰਪਿਕਸ ਵਿੱਚ ਕਪਤਾਨੀ ਕੀਤੀ, ਜਦੋਂਕਿ ਟੀਮ ਦੀ ਮਜਬੂਤ ਦੀਵਾਰ ਬਣ ਕੇ ਗੋਲਾਂ ਦੀ ਰਾਖੀ ਕਰ ਰਹੇ ਗੋਲਚੀ ਪੀ.ਆਰ. ਸ੍ਰੀਜੇਸ਼ 2016 ਦੀਆਂ ਰੀਓ ਓਲੰਪਿਕ ਖੇਡਾਂ ਵਿੱਚ ਭਾਰਤੀ ਟੀਮ ਦਾ ਕਪਤਾਨ ਸੀ।

ਹਰਮਨਪ੍ਰੀਤ ਸਿੰਘ ਟੀਮ ਦਾ ਡਿਫੈਂਡਰ ਵੀ ਹੈ ਅਤੇ ਮਜਬੂਤ ਡਰੈਗ ਫਲਿੱਕ ਕਾਰਨ ਪੈਨਲਟੀ ਕਾਰਨਰ ਮੌਕੇ ਟੀਮ ਲਈ ਟਰੰਪ ਕਾਰਡ ਵੀ ਸਾਬਤ ਹੁੰਦਾ ਹੈ। ਉਸ ਦੀ ਦਨਦਨਾਉਂਦੀ ਤੇਜ਼ ਤਰਾਰ ਡਰੈਗ ਫਲਿੱਕ ਪੈਨਲਟੀ ਕਾਰਨਰ ਮੌਕੇ ਸਿੱਧਾ ਵਿਰੋਧੀ ਟੀਮ ਦੇ ਗੋਲਾਂ ਵਿੱਚ ਜਾਂਦੀ। ਉਹ ਅੱਜ ਹਰ ਹਾਕੀ ਪ੍ਰੇਮੀ ਦਾ ਹਰਮਨ ਪਿਆਰਾ ਖਿਡਾਰੀ ਬਣ ਗਿਆ ਹੈ। ਆਪਣੇ ਆਦਰਸ਼ ਜੁਗਰਾਜ ਸਿੰਘ ਵਾਂਗ ਖੇਡਦਾ ਹਰਮਨਪ੍ਰੀਤ ਸਿੰਘ ਮਿਡਫੀਲਡ ਤੋਂ ਖ਼ੁਦ ਵੀ ਗੇਂਦ ਨੂੰ ਅੱਗੇ ਲਿਜਾ ਕੇ ਭਾਰਤੀ ਫਾਰਵਰਡਾਂ ਦੀ ਮੱਦਦ ਕਰਦਾ ਰਿਹਾ। ਰਣਨੀਤੀ ਤਹਿਤ ਉਹ ਅੱਗੇ ਵੀ ਖੇਡਦਾ ਹੈ, ਜੋ ਕਿ ਭਾਰਤ ਲਈ ਲਾਹੇਵੰਦ ਸਾਬਤ ਹੁੰਦਾ ਹੈ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤਿੰਮੋਵਾਲ ਵਿਖੇ 6 ਜਨਵਰੀ 1996 ਨੂੰ ਸਾਧਾਰਣ ਕਿਸਾਨ ਪਰਿਵਾਰ ਵਿੱਚ ਜਨਮਿਆ ਹਰਮਨਪ੍ਰੀਤ ਸਿੰਘ ਪੈਰਿਸ ਵਿਖੇ ਆਪਣੀ ਤੀਜੀ ਓਲੰਪਿਕਸ ਖੇਡਿਆ। 10 ਸਾਲ ਦੀ ਉਮਰੇ ਹਾਕੀ ਦੀ ਸ਼ੁਰੂਆਤ ਕਰਨ ਵਾਲੇ ਹਰਮਨਪ੍ਰੀਤ ਦਾ ਕਰੀਅਰ ਸੁਰਜੀਤ ਹਾਕੀ ਅਕੈਡਮੀ ਜਲੰਧਰ ਤੋਂ ਸ਼ੁਰੂ ਹੋਇਆ। ਮਾਝੇ ਦੇ ਅੰਮ੍ਰਿਤਸਰ-ਗੁਰਦਾਸਪੁਰ ਜ਼ਿਲ੍ਹਿਆਂ ਨੇ ਅਨੇਕਾਂ ਓਲੰਪੀਅਨ ਦਿੱਤੇ ਹਨ, ਜਿਨ੍ਹਾਂ ਵਿੱਚ ਰਈਆ, ਬਾਬਾ ਬਕਾਲਾ, ਬੁਤਾਲਾ, ਸਠਿਆਲਾ, ਮਹਿਤਾ ਚੌਕ, ਮਰੜ, ਬਟਾਲਾ, ਗੁਰਦਾਸਪੁਰ ਦੇ ਖਿਡਾਰੀਆਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਹਰਮਨਪ੍ਰੀਤ ਸਿੰਘ ਤੋਂ ਪਹਿਲਾਂ ਤਿੰਮੋਵਾਲ ਪਿੰਡ ਦਾ ਕੋਈ ਵੱਡਾ ਖਿਡਾਰੀ ਨਹੀਂ ਸੀ, ਪਰ ਹਰਮਨਪ੍ਰੀਤ ਸਿੰਘ ਇਕੱਲੇ ਨੇ ਤਿੰਮੋਵਾਲ ਦਾ ਓਲੰਪਿਕਸ ਤੱਕ ਨਾਮ ਰੌਸ਼ਨ ਕਰ ਦਿੱਤਾ। ਛੋਟਾ ਹੁੰਦਾ ਹਰਮਨਪ੍ਰੀਤ ਵਾਲੀਬਾਲ ਵੀ ਖੇਡਦਾ ਸੀ। ਕੱਚੇ ਘਰ ਦੇ ਵਿਹੜੇ ਵਿੱਚ ਕੰਧਾਂ ਵਿੱਚ ਬਾਲਾਂ ਮਾਰ-ਮਾਰ ਹਾਕੀ ਖੇਡਦਾ ਹੁੰਦਾ। ਖੇਤੀਬਾੜੀ ਵਿੱਚ ਆਪਣੇ ਪਿਤਾ ਨਾਲ ਹੱਥ ਵਟਾਉਂਦਾ, ਪਰ ਦਿਮਾਗ ਵਿੱਚ ਹਰ ਸਮੇਂ ਹਾਕੀ ਹੀ ਹੁੰਦੀ ਸੀ। ਹਰਮਨਪ੍ਰੀਤ ਸਿੰਘ ਨੂੰ ਗਾਉਣ ਦਾ ਵੀ ਸ਼ੌਕ ਰਿਹਾ ਅਤੇ ਇੱਕ ਵਾਰ ਉਸ ਨੇ ਹਾਰਮੋਨੀਅਮ ਵੀ ਖਰੀਦਿਆ ਸੀ। ਹਰਮਨਪ੍ਰੀਤ ਸਿੰਘ ਨੂੰ ਖੇਡਣ ਤੋਂ ਇਲਾਵਾ ਟਰੈਕਟਰ ਚਲਾਉਣ ਅਤੇ ਬੁਲਟ ਮੋਟਰ ਸਾਈਕਲ ਚਲਾਉਣ ਦਾ ਸ਼ੌਕ ਰਿਹਾ। ਹਰਮਨਪ੍ਰੀਤ ਸਿੰਘ ਦੇ ਪਿਤਾ ਦਾ ਕਹਿਣਾ ਹੈ ਕਿ ਕਹੀ ਚਲਾਉਣ ਵਾਲੇ ਹੱਥ ਡਰੈਗ ਫਲਿੱਕ ਵੀ ਜਬਰਦਸਤ ਲਗਾ ਸਕਦੇ ਹਨ।

ਹਰਮਨਪ੍ਰੀਤ ਸਿੰਘ ਆਪਣੇ ਇੱਕ ਦਹਾਕਾ ਖੇਡ ਕਰੀਅਰ ਵਿੱਚ ਹੁਣ ਤੱਕ 227 ਕੌਮਾਂਤਰੀ ਮੈਚ ਖੇਡ ਚੁੱਕਾ ਹੈ ਅਤੇ ਕੁੱਲ 198 ਗੋਲ ਕੀਤੇ ਹਨ। ਗੋਲਾਂ ਦਾ ਦੋਹਰਾ ਸੈਂਕੜਾ ਮਾਰਨ ਦੇ ਕਰੀਬ ਹੈ। ਗੋਲ ਕਰਨ ਵਿੱਚ ਉਹ ਭਾਰਤ ਵੱਲੋਂ ਧਿਆਨ ਚੰਦ ਅਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ ਉਤੇ ਹੈ। ਚੰਗੀ ਡੀਲ ਡੌਲ ਵਾਲਾ ਇਹ ਖਿਡਾਰੀ ਭਾਰਤੀ ਹਾਕੀ ਦਾ ਭਵਿੱਖ ਹੈ, ਜਿਸ ਤੋਂ ਆਸ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਭ ਤੋਂ ਵੱਧ ਗੋਲ ਕਰਨ ਦਾ ਸੋਹੇਲ ਅੱਬਾਸ ਦਾ ਰਿਕਾਰਡ ਤੋੜੇਗਾ।



2011 ਵਿੱਚ ਜੂਨੀਅਰ ਭਾਰਤੀ ਹਾਕੀ ਟੀਮ ਵੱਲੋਂ ਸੁਲਤਾਨ ਜੌਹਰ ਕੱਪ ਖੇਡ ਕੇ ਆਪਣੇ ਕੌਮਾਂਤਰੀ ਕਰੀਅਰ ਦੀ ਸ਼ੁਰੂਆਤ ਕੀਤੀ। 2016 ਵਿੱਚ ਲਖਨਊ ਵਿਖੇ ਹੋਏ ਜੂਨੀਅਰ ਵਿਸ਼ਵ ਕੱਪ ਵਿੱਚ ਖਿਤਾਬ ਜਿੱਤਣ ਵਾਲੀ ਭਾਰਤੀ ਟੀਮ ਦੀ ਜਿੱਤ ਵਿੱਚ ਤਿੰਨ ਗੋਲਾਂ ਨਾਲ ਅਹਿਮ ਯੋਗਦਾਨ ਪਾਉਣ ਵਾਲੇ ਹਰਮਨਪ੍ਰੀਤ ਸਿੰਘ ਨੇ 2015 ਵਿੱਚ ਮਲੇਸ਼ੀਆ ਵਿਖੇ ਹੋਏ ਜੂਨੀਅਰ ਏਸ਼ੀਆ ਕੱਪ ਦੀ ਜਿੱਤ ਵਿੱਚ ਵੀ 14 ਗੋਲ ਕਰਕੇ ਅਹਿਮ ਯੋਗਦਾਨ ਪਾਇਆ ਸੀ। ਉਹ ਉਦੋਂ ਵੀ ਸਰਵੋਤਮ ਸਕਰੋਰ ਬਣਿਆ ਸੀ। ਸੀਨੀਅਰ ਵਰਗ ਵਿੱਚ ਉਸ ਨੇ 2021 ਵਿੱਚ ਟੋਕੀਓ ਓਲੰਪਿਕ ਖੇਡਾਂ ਤੇ ਹੁਣ 2024 ਵਿੱਚ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। 2023 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਸੋਨੇ ਅਤੇ 2018 ਵਿੱਚ ਜਕਾਰਤਾ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤਿਆ। 2017 ਵਿੱਚ ਢਾਕਾ ਵਿਖੇ ਏਸ਼ੀਆ ਕੱਪ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। 2018 ਵਿੱਚ ਮਸਕਟ ਅਤੇ 2023 ਵਿੱਚ ਚੇਨੱਈ ਵਿਖੇ ਦੋ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। 2021 ਵਿੱਚ ਢਾਕਾ ਵਿਖੇ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। 2016 ਵਿੱਚ ਲੰਡਨ ਅਤੇ 2018 ਵਿੱਚ ਬਰੇਡਾ ਵਿਖੇ ਹੋਈ ਚੈਂਪੀਅਨਜ਼ ਟਰਾਫੀ ਵਿੱਚ ਦੋ ਵਾਰ ਚਾਂਦੀ ਦਾ ਤਮਗ਼ਾ ਜਿੱਤਿਆ। 2016-17 ਵਿੱਚ ਭੁਵਨੇਸ਼ਵਰ ਵਿਖੇ ਹੋਈ ਹਾਕੀ ਵਿਸ਼ਵ ਲੀਗ ਵਿੱਚ ਕਾਂਸੀ ਦਾ ਤਮਗਾ ਅਤੇ 2022 ਵਿੱਚ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ ਹੈ।

ਹਰਮਨਪ੍ਰੀਤ ਸਿੰਘ ਦੇ ਨਿੱਜੀ ਰਿਕਾਰਡਾਂ ਦੀ ਗੱਲ ਕਰੀਏ ਤਾਂ ਇਸ ਸਾਲ ਐਫ.ਆਈ.ਐਚ. ਪ੍ਰੋ. ਹਾਕੀ ਲੀਗ ਵਿੱਚ ਉਸ ਨੇ ਕੁੱਲ 12 ਗੋਲ ਕੀਤੇ। ਪਿਛਲੇ ਸਾਲ ਏਸ਼ਿਆਈ ਖੇਡਾਂ ਵਿੱਚ 13 ਗੋਲ ਕੀਤੇ, ਜਦੋਂ ਭਾਰਤ ਨੇ ਸੋਨ ਤਮਗ਼ਾ ਜਿੱਤਿਆ। 2018 ਵਿੱਚ ਹੋਈਆਂ ਜਕਾਰਤਾ ਏਸ਼ਿਆਈ ਖੇਡਾਂ ਵਿੱਚ 10 ਗੋਲ ਕੀਤੇ ਸਨ, ਜਦੋਂ ਭਾਰਤੀ ਟੀਮ ਨੇ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ 9 ਗੋਲ ਕੀਤੇ। ਪਿਛਲੇ ਸਾਲ ਐਫ.ਆਈ.ਐਚ. ਪ੍ਰੋ. ਹਾਕੀ ਲੀਗ ਵਿੱਚ 18 ਗੋਲ ਅਤੇ 2022 ਵਿੱਚ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ 9 ਗੋਲ ਕੀਤੇ। ਹਰਮਨਪ੍ਰੀਤ ਸਿੰਘ ਨੇ ਆਪਣੀ ਕਪਤਾਨੀ ਹੇਠ ਓਲੰਪਿਕ ਖੇਡਾਂ ਵਿੱਚ ਕਾਂਸੀ, ਏਸ਼ਿਆਈ ਖੇਡਾਂ ਅਤੇ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। 2023 ਦੇ ਵਿਸ਼ਵ ਕੱਪ ਵਿੱਚ ਪਹਿਲੀ ਵਾਰ ਹਰਮਨਪ੍ਰੀਤ ਸਿੰਘ ਨੇ ਵੱਡੇ ਮੁਕਾਬਲੇ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕੀਤੀ ਅਤੇ ਉਹ ਚਾਰ ਗੋਲ ਕਰਕੇ ਭਾਰਤ ਵੱਲੋਂ ਸਰਵੋਤਮ ਸਕਰੋਰ ਰਿਹਾ ਸੀ।

ਹਰਮਨਪ੍ਰੀਤ ਸਿੰਘ ਨੂੰ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਸਾਲ ਹਰਮਨਪ੍ਰੀਤ ਸਿੰਘ ਦੀਆਂ ਖੇਡ ਪ੍ਰਾਪਤੀਆਂ ਬਦਲੇ ਸਨਮਾਨ ਕਰਦਿਆਂ ਪੰਜਾਬ ਪੁਲੀਸ ਵਿੱਚ ਡੀ.ਐਸ.ਪੀ. ਭਰਤੀ ਕੀਤਾ। ਪੈਰਿਸ ਓਲੰਪਿਕਸ ਤੇ ਟੋਕੀਓ ਓਲੰਪਿਕਸ ਵਿੱਚ ਕਾਂਸੀ ਦੇ ਤਮਗ਼ੇ ਜਿੱਤਣ ਵਾਲੇ ਹਰਮਨਪ੍ਰੀਤ ਸਿੰਘ ਦਾ ਅਗਲਾ ਨਿਸ਼ਾਨਾ 2028 ਵਿੱਚ ਲਾਸ ਏਂਜਲਸ ਓਲੰਪਿਕਸ ਖੇਡਣਾ ਹੈ ਅਤੇ ਉਸ ਵਿੱਚ ਤਮਗ਼ੇ ਦੀ ਹੈਟ੍ਰਿਕ ਅਤੇ ਰੰਗ ਵੀ ਬਦਲਣ ਦਾ ਨਿਸ਼ਾਨਾ ਹੋਵੇਗਾ।



## 'ਖੇਡ ਰਤਨ ਪੁਰਸਕਾਰ' ਵਿਨੇਸ਼ ਫੋਗਾਟ ਨੂੰ ਦੇਣ ਦਾ ਐਲਾਨ

ਖੇਡ ਜਗਤ ਦੇ ਉੱਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣਾ 'ਖ਼ੇਡ ਰਤਨ ਪੁਰਸਕਾਰ' ਵਿਨੇਸ਼ ਫ਼ੋਗਾਟ ਦੀ ਝੋਲੀ ਪਾਉਣ ਦਾ ਕੀਤਾ ਐਲਾਨ ਕੀਤਾ ਹੈ। ਪ੍ਰਿੰਸੀਪਲ ਸਰਵਣ ਸਿੰਘ ਨੂੰ ਪੰਜਾਬੀ ਖੇਡ ਪੱਤਰਕਾਰੀ ਦੇ ਮੋਢੀ ਤੇ ਸਿਰਮੌਰ ਖੇਡ ਲੇਖਕ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕਈ ਲੋਕ ਖੇਡ ਸਾਹਿਤ ਦਾ 'ਬਾਬਾ ਬੋਹੜ' ਵੀ ਕਹਿੰਦੇ ਹਨ। ਦਰਅਸਲ ਪੈਰਿਸ ਓਲੰਪਿਕਸ ਦੇ ਫਾਈਨਲ ਮੁਕਾਬਲੇ ਵਾਲੇ ਦਿਨ ਸਵੇਰੇ ਵਿਨੇਸ਼ ਫੋਗਾਟ ਨੂੰ 100 ਗ੍ਰਾਮ ਭਾਰ ਜ਼ਿਆਦਾ ਹੋਣ ਕਰ ਕੇ ਖੇਡਣ ਵਿੱਚ ਅਯੋਗ ਕਰਾਰ ਦੇ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਸਾਰੇ ਪਾਸੇ ਵਿਨੇਸ਼ ਫੋਗਾਟ ਲਈ ਹਮਦਰਦੀ ਦੀ ਭਾਵਨਾ ਜ਼ਾਹਿਰ ਕਰ ਰਹੇ ਸਨ। ਕਈਆਂ ਨੇ ਤਾਂ ਇਹ ਵੀ ਕਿਹਾ ਸੀ ਵਿਨੇਸ਼ ਫੋਗਾਟ ਸਿਆਸਤ ਦਾ ਸ਼ਿਕਾਰ ਹੋ ਗਈ ਹੈ। ਇਸ ਵਿਚਾਲੇ ਕੈਨੇਡਾ ਰਹਿੰਦੇ ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣਾ 'ਖੇਡ ਰਤਨ', ਜਿਸ ਵਿੱਚ ਸਵਾ ਦੋ ਤੋਲੇ ਦਾ ਗੋਲਡ ਮੈਡਲ ਵੀ ਸ਼ਾਮਲ ਹੈ, ਵਿਨੇਸ਼ ਫੋਗਾਟ ਨੂੰ ਦੇਣ ਦਾ ਐਲਾਨ ਕੀਤਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਨੂੰ 'ਖੇਡ ਰਤਨ' ਸਨਮਾਨ 5 ਮਾਰਚ 2023 ਨੂੰ ਪੰਜਾਬ ਦੀ ਮਿੰਨੀ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡਾਂ ਹਕੀਮਪੁਰ ਵਿੱਚ ਦਿੱਤਾ ਗਿਆ ਸੀ। ਇਸ ਖੇਡ ਰਤਨ ਵਜੋਂ ਸਵਾ ਦੋ ਤੋਲੇ ਸ਼ੁੱਧ ਸੋਨੇ ਦਾ ਮੈਡਲ ਵੀ ਦਿੱਤਾ ਗਿਆ ਸੀ। ਉਨ੍ਹਾਂ ਨੂੰ ਇਹ ਪੁਰਸਕਾਰ ਉਨ੍ਹਾਂ ਦੀਆਂ ਖੇਡ ਸਾਹਿਤ ਜਗਤ ਦੀਆਂ ਪ੍ਰਾਪਤੀਆਂ ਅਤੇ ਲੇਖਣੀ ਕਰ ਕੇ ਦਿੱਤਾ ਗਿਆ ਸੀ।

ਪ੍ਰਿੰਸੀਪਲ ਸਰਵਣ ਸਿੰਘ ਦੇ ਸ਼ਬਦਾਂ ਵਿੱਚ, "ਮੈਨੂੰ ਖੇਡ ਰਤਨ ਮੇਰੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਮਿਲਿਆ ਹੈ, ਜੋ ਮੈਂ ਉਸ ਬੱਚੀ ਨੂੰ ਦੇਣਾ ਚਾਹੁੰਦਾ ਹਾਂ; ਕਿਉਂਕਿ ਅਸਲੀ ਗੋਲਡ ਮੈਡਲ ਗੰਦੀ ਸਿਆਸਤ ਦੇ ਸਿਰ ਚੜ੍ਹ ਗਿਆ, ਪਰ ਅਸੀਂ ਉਸ (ਫੋਗਾਟ) ਦਾ ਵੱਧ ਤੋਂ ਵੱਧ ਸਨਮਾਨ ਕਰਾਂਗੇ।"

ਪੜਚੋਲ

ਪਰਮਜੀਤ ਸਿੰਘ ਸੋਹਲ



# ‘ਓਹ ਸਾਂਭਣਾ ਜਾਣਦੀ ਮੈਨੂੰ’ ਦੇ ਸੰਦਰਭ ਵਿੱਚ

ਜਿਵੇਂ ਕਹਿੰਦੇ ਹੁੰਦੇ ਹਨ ਕਿ ਪਿੰਡ ਦੇ ਭਾਗ ਫਿਰਨੀ ਦੇ ਦੋਪਾਸੀਂ ਪਾਥੀਆਂ ਦੇ ਗੁਹਾਰਿਆਂ ਤੋਂ ਹੀ ਉਜਾਗਰ ਹੋ ਜਾਂਦੇ ਹਨ, ਇਵੇਂ ਹੀ ਸੰਦੀਪ ਸ਼ਰਮਾ ਦੀ ਕਾਵਿ-ਪੁਸਤਕ ‘ਓਹ ਸਾਂਭਣਾ ਜਾਣਦੀ ਮੈਨੂੰ’ ਦੇ ਮੁੱਖ ਪੰਨੇ ਦੇ ਕਲਾਤਮਿਕ ਚਿੱਤਰ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਸਦੀ ਕਵਿਤਾ ਕਿਹੋ ਜਿਹੇ ਅਹਿਸਾਸ ਦੀ ਕਵਿਤਾ ਹੈ। ਮੁੱਖ ਚਿੱਤਰ ਵਿੱਚ ਇੱਕ ਔਰਤ ਇੱਕ ਪਾਲਤੂ ਬੱਤਖ ਨੂੰ ਗੋਡੇ ’ਤੇ ਬਿਠਾ ਕੇ ਦੁਲਾਰ ਰਹੀ ਹੈ। ਸੰਦੀਪ ਸ਼ਰਮਾ ਦੇ ਪਰਿਵਾਰਕ ਪਿਛੋਕੜ ’ਚੋਂ ਉਪਜੀ ਕਵਿਤਾ ਬਾਰੇ ਇਹ ਚਿੱਤਰ ਪਹਿਲੋਂ ਹੀ ਨਿਸ਼ਾਨਦੇਹੀ ਕਰ ਦਿੰਦਾ ਹੈ। ‘ਆੱਟਮ ਆਰਟ’ ਵਲੋਂ ਖ਼ੂਬਸੂਰਤੀ ਸਹਿਤ ਛਾਪੀ ਗਈ ਇਹ ਪਲੇਠੀ ਕਾਵਿ-ਪੁਸਤਕ ਕਵੀ ਨੇ ਆਪਣੇ ਬੱਚਿਆਂ ‘ਧੀ ਲੋਰੀ ਤੇ ਪੁੱਤਰ ਸੁਰਖ਼ਾਬ’ ਨੂੰ ਸਮਰਪਿਤ ਕੀਤੀ ਹੈ। ਬੱਚਿਆਂ ਜਿਹੀ ਮਾਸੂਮੀਅਤ ਵਾਲੀਆਂ ਗੱਲਾਂ ਦਾ ਕਵੀ ਮਨ ’ਤੇ ਜੋ ਛਿੜਕਾਅ ਹੁੰਦਾ ਹੈ, ਉਸ ਵਿੱਚੋਂ ਕਵਿਤਾ ਦੀ ਵਾਸ਼ਨਾ ਨੂੰ ਮਾਣਿਆ ਜਾ ਸਕਦਾ ਹੈ।

ਉਸਦੇ ਪਿਆਰੇ ਮਿੱਤਰ ਸ਼ਾਇਰ ਗੁਰਪ੍ਰੀਤ ਦੁਆਰਾ ਲਿਖੇ ਮੁੱਖ ਬੰਦ ਦੀ ਸਾਰਥਕਤਾ ਨੂੰ ਵੀ ਉਸਦੀ ਸ਼ਾਇਰੀ ਦੇ ਸੰਦਰਭ ਵਿੱਚ ਰੱਖ ਕੇ ਨਿਰਖਿਆ-ਪਰਖਿਆ ਜਾ ਸਕਦਾ ਹੈ, ਜਿਸ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ, ਵਿਆਖਿਆ ਨਹੀਂ। ਇਸ ਸ਼ੀਸ਼ੇ ’ਚੋਂ ਸੰਦੀਪ ਸ਼ਰਮਾ ਦੀ ਕਵਿਤਾ ਦੇ ਨੈਣ-ਨਕਸ਼ ਪਛਾਣੇ ਸਿਆਣੇ ਜਾ ਸਕਦੇ ਹਨ। ਕਿਸੇ ਅਹਿਸਾਸਮੰਦ ਕਵੀ ਮਨ ਵਿੱਚ ਕਵਿਤਾ ਕਿਵੇਂ ਸਾਹ ਲੈਂਦੀ ਹੈ, ਉਸਦੀਆਂ ਕਵਿਤਾਵਾਂ ਵਿਚਲੀ ਕਾਵਿਕਤਾ ਕਿਵੇਂ ਸਾਡੇ ਜੀਵਨ ਵਿੱਚ ਪ੍ਰਵੇਸ਼ ਕਰਦੀ ਹੈ, ਇਸ ਬਾਤ ਨੂੰ ‘ਓਹ ਸਾਂਭਣਾ ਜਾਣਦੀ ਮੈਨੂੰ’ ਦੇ ਕੋਮਲ ਪਾਣੀਆਂ ਵਰਗੇ ਅਹਿਸਾਸਾਂ ਵਿੱਚ ਉਤਰਨ ਨਾਲ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਖ਼ੁਦ ਨੂੰ ਕਿਵੇਂ ਕਵਿਤਾ ਦੇ ਲਾਗੇ ਲਾਗੇ ਜਾਂ ਕਵਿਤਾ ਨੂੰ ਆਪਣੇ ਨੇੜੇ-ਤੇੜੇ ਦੇ ਮਾਹੌਲ ਵਿੱਚੋਂ ਮਹਿਸੂਸਿਆ ਜਾ ਸਕਦਾ ਹੈ। ਕਵੀ ਦੇ ਆਪਣੀ ਧੀ ਲੋਰੀ ਦੇ ਰਾਬਤੇ ਨਾਲ ਗੱਲ ਸ਼ੁਰੂ ਕਰਿਆਂ ਪਤਾ ਲਗਦਾ ਹੈ ਕਿ ਕਿਵੇਂ ਧੀ ਲੋਰੀ ਹਜ਼ਾਰਾਂ ਧੀਆਂ ਬਣ ਜਾਂਦੀ ਹੈ ਤੇ ਕਵੀ ਹਜ਼ਾਰਾਂ ਧੀਆਂ ਦਾ ਬਾਪ। ਗੁਰਪ੍ਰੀਤ ਦੇ ਹਵਾਲੇ ਅਨੁਸਾਰ ‘ਕਵਿਤਾ ਦਾ ਅਜਿਹਾ ਕਾਰਜ ਹੀ ਬੰਦੇ ਨੂੰ ਬੇਚੈਨ ਕਰ ਦਿੰਦਾ ਹੈ।’ ਕਵੀ ਨੂੰ ਕਵਿਤਾ ਦੁਆਰਾ ਇਸ ਤਰ੍ਹਾਂ ਸਾਂਭੇ ਜਾਣਾ ਹੀ ਉਹ ਜ਼ਿੰਮੇਵਾਰੀ ਦਾ ਮੁਕਾਮ ਹੈ, ਜਿਸ ਨੂੰ ਉਸਦੇ ਸ਼ਬਦਾਂ ਦੇ ਆਰ-ਪਾਰ ਵਿਚਰਦਿਆਂ ਅਸੀਂ ਮਹਿਸੂਸ ਕਰ ਸਕਦੇ ਹਾਂ।

ਸੰਦੀਪ ਸ਼ਰਮਾ ਦੀ ਕਵਿਤਾ ‘ਚੌਂਕੇ ’ਚ ਰੋਟੀਆਂ ਲਾਹੁੰਦੀ ਮਾਂ ਦੇ ਫ਼ਿਕਰ ਵਾਂਗ’ ਜਾਗਦੀ ਹੈ। ਜ਼ਿੰਦਗੀ ਦੇ ਨਿੱਕੇ-ਨਿੱਕੇ ਵੇਰਵਿਆਂ ਵਿੱਚੋਂ, ਪਰਿਵਾਰਕ ਮੈਂਬਰਾਂ ਤੇ ਯਾਰਾਂ-ਦੋਸਤਾਂ ਦੇ ਸਾਥ ਵਿੱਚੋਂ ਉਹ ਕਵਿਤਾ ਵਰਗੀਆਂ ਗੱਲਾਂ ਰਾਹੀਂ ਆਪਣੇ ਮਨ ਦੇ ਬੂਹੇ ਖੋਲ੍ਹਦਾ ਹੈ। ਉਸ ਅੰਦਰੋਂ ਆਪਣੇ ਬੱਚਿਆਂ ਨਾਲ ਵਾਰਤਾਲਾਪੀ ਲਹਿਜ਼ੇ ’ਚੋਂ ਮਾਸੂਮੀਅਤ ਭਰੀ ਕਵਿਤਾ ਦੇ ਅਹਿਸਾਸ ਸਫੁਟਿਤ ਹੁੰਦੇ ਹਨ। ਮੱਥੇ ਦੇ ਚਾਨਣ ’ਚ ਹਰਿਆਲੇ ਰੁੱਖਾਂ ਦੀ ਜ਼ਿਆਦਾ ਕਾਂਟ-ਛਾਂਟ ਦੀ ਬਜਾਏ ਬੇਤਰਤੀਬੇ ਤੇ ਆਪ-ਮੁਹਾਰੇ ਫੈਲਣ/ਮੌਲਣ ਵਿੱਚੋਂ ਕਵਿਤਾ ਦੇ ਪੁੰਗਾਰੇ ਫੁੱਟ ਆਉਂਦੇ ਹਨ। ਨਿੱਕੀਆਂ ਕੁੜੀਆਂ ਦੇ ਪਤਾਸੇ ’ਚੋਂ ਤੋੜ ਕੇ ਦਿੱਤਾ ਪ੍ਰਸਾਦ ਕਵਿਤਾ ਦੀ ਮਿਠਾਸ ਬਣ ਜਾਂਦਾ ਹੈ। ਇੰਞ ਗੱਲਾਂ ਕਵਿਤਾ ਵਰਗੀਆਂ ਤੇ ਕਵਿਤਾ ਗੱਲਾਂ ਵਰਗੀ ਹੋ ਜਾਂਦੀ ਹੈ। ਜਿਸ ਤੋਂ ਖ਼ੂਬਸੂਰਤ ਭਲਾਂ ਹੋਰ ਕੀ ਵਾਪਰ ਸਕਦਾ ਹੈ? ਕਈ ਵਾਰ ਸਹਿਜੇ ਹੀ ਉਸ ਦੀ ਕਵਿਤਾ ਦੀਆਂ ਆਖ਼ਰੀ ਸਤਰਾਂ ਪਾਠਕ ਦੇ ਮਨ ਅੰਦਰ ਬਹੁਤ ਕੁਝ ਕਹਿ ਕੇ ਵੀ ਬਹੁਤ ਕੁਝ ਅਣਕਿਹਾ ਛੱਡ ਜਾਂਦੀਆਂ ਹਨ। ਤੁਸੀਂ ਕਵਿਤਾ ਦੇ ਨਾਲ ਨਾਲ ਤੁਰਦਿਆਂ ਮਹਿਸੂਸ ਕਰਦੇ ਹੋ ਕਿ ‘ਰੁੱਖਾਂ ਤੇ ਮਨੁੱਖਾਂ ’ਚ ਬਹੁਤਾ ਫ਼ਰਕ ਨਹੀਂ ਹੁੰਦਾ।’ ਇਸੇ ਤਰ੍ਹਾਂ,

‘ਟੁੱਟ ਕੇ ਡਿੱਗਣ ਤੋਂ ਬਾਅਦ  
ਸੁੱਕ ਸੜ ਜਾਣ ਤੋਂ ਪਹਿਲਾਂ  
ਕਈ ਰੰਗ ਬਦਲਦੇ ਨੇ ਪੱਤੇ।’

ਜਾਂ ‘ਪੈੜਾਂ’ ਕਵਿਤਾ ਦੀਆਂ ਆਖ਼ਰੀ ਸਤਰਾਂ:

ਹੱਥਾਂ ਦੀਆਂ ਘਸੀਆਂ ਲਕੀਰਾਂ  
ਪਾਟੀਆਂ ਬਿਆਈਆਂ  
ਸਫ਼ਰ ਬਹੁਤ ਲੰਮੇਰੇ ਨੇ  
ਮੇਰੇ ਕੋਲ ਤਾਂ ਬੱਸ ਥੋੜ੍ਹਾ ਹੀ ਪਾਣੀ ਹੈ।



ਆਖ ਕੇ ਕਵੀ ਪਾਠਕ ਨੂੰ ਕਿਸੇ ਹੋਰ ਹੀ ਮਨੋ ਅਵਸਥਾ ਵਿੱਚ ਲੈ ਜਾਂਦਾ ਹੈ।

ਜਾਂ ‘ਮੌਜ ਦਾ ਸਫ਼ਰ’ ਦੀਆਂ ਪ੍ਰਸ਼ੰਸਨੀਯ ਖ਼ੂਬਸੂਰਤ ਸਤਰਾਂ ਗੌਰਤਲਬ ਹਨ:

ਮੈਨੂੰ ਕਾਹਲ ਨਹੀਂ  
ਨਾ ਜਿੱਦ ਹੈ  
ਮੈਂ ਸਮੇਂ ਤੋਂ ਅਗਾਂਹ ਨਹੀਂ ਲੰਘਣਾ  
ਨਾ ਨਾਲ ਨਾਲ ਤੁਰਨਾ  
ਮੈਂ ਤਾਂ ਪਛੜਕੇ ਹੀ ਪਹੁੰਚਾਂਗਾ  
ਗਾਹੇ ਹੋਏ ਰਾਹਾਂ ਦੀ ਖ਼ੁਸ਼ਬੂ ਲੈ ਕੇ

ਭਾਵੇਂ ਭਾਰਤ ਦੇ ਵਿਕਾਸ ਦੀ ਰਫ਼ਤਾਰ ਜਾਂ ਕਹਿ ਲਓ, ਸ਼ਹਿਰੀਕਰਨ ਦੀ ਦੌੜ ਅੰਦਰ ਪਿੰਡਾਂ ਨੂੰ ਜਾਂਦੀਆਂ ਸੜਕਾਂ ਤੇ ਰਾਹਾਂ ਦੀ ਖਸਤਾ ਹਾਲਤ ਦੇਖ ਕੇ ਪਿੰਡਾਂ ਦੇ ਪਛੜ ਜਾਣ ਦਾ ਅਹਿਸਾਸ ਹੁੰਦਾ ਹੈ; ਫਿਰ ਵੀ ਸੰਦੀਪ ਸ਼ਰਮਾ ਦੀ ਕਵਿਤਾ ਵਿੱਚ ਪਿੰਡਾਂ ਦਾ ਮੋਹ ਜਾਂ ਉਦਰੇਵਾਂ ਉਸਦੀ ‘ਪਿੰਡ ਨੂੰ ਜਾਂਦਾ ਰਾਹ’ ਕਵਿਤਾ ਦੀਆਂ ਅਖ਼ਰੀਲੀਆਂ ਸਤਰਾਂ ਪ੍ਰੇਰਨਾਦਾਇਕ ਹਨ:


‘ਸ਼ੁਕਰ ਹੈ  
ਮੈਂ ਵਾਰ ਵਾਰ ਪਿੰਡ ਮੁੜ ਆਉਂਦਾ ਹਾਂ’

ਇਹ ਸਤਰ ਬਹੁਤ ਕੁਝ ਕਹਿ ਜਾਂਦੀ ਹੈ। ਇਹ ਸਾਨੂੰ ਫਿਰ ਤੋਂ ਆਪਣੇ ਪਿੰਡਾਂ ਨਾਲ ਜੁੜਨ ਦਾ, ਜੜ੍ਹਾਂ ਵੱਲ ਮੁੜਨ ਦਾ ਚੇਤਾ ਕਰਾਉਂਦੀ ਹੈ। ਪਿੰਡ ਹੀ ਹੈ, ਜੋ ਸਾਨੂੰ ਬੇਫ਼ਿਕਰੀ ਤੇ ਸਹਿਜਤਾ ਵੱਲ ਲੈ ਕੇ ਜਾਂਦਾ ਹੈ।

ਸੰਦੀਪ ਸ਼ਰਮਾ ਦੇ ਸੁਭਾਅ ਵਿਚਲੀ ਸੂਖ਼ਮਤਾ ਨੂੰ ‘ਸ਼ੀਸ਼ੇ ਦੇ ਸਨਮੁੱਖ’ ਕਵਿਤਾ ਦੀਆਂ ਵਾਰਤਾਲਾਪੀ ਸਤਰਾਂ ਵਿੱਚੋਂ ਮਹਿਸੂਸਿਆ ਜਾ ਸਕਦਾ ਹੈ।

‘ਕੱਲ੍ਹ ਜਦੋਂ ਪਾਪਾ ਨੇ ਮੈਨੂੰ ਝਿੜਕਿਆ  
ਮੈਨੂੰ ਲੱਗਿਆ  
ਜਿਵੇਂ ਪਾਪਾ ਨੇ ਕੋਈ ਫੁੱਲ ਤੋੜਿਆ ਹੋਵੇ।’

ਬੱਚੇ ਨੂੰ ਝਿੜਕਣਾ ਵੀ ਫੁੱਲ ਤੋੜਨ ਵਰਗਾ ਕੁਕਰਮ ਹੈ। ਇਸ ਗੱਲ ਦੀ ਸੁਕੋਮਲਤਾ ਸਾਡਾ ਹਿਰਦਾ ਬਦਲਣ ਦੇ ਯੋਗ ਸਿੱਧ ਹੁੰਦੀ ਹੈ। ਇਸ ਵਾਕ ਨਾਲ ਅੰਦਰੋਂ ਝੰਜੋੜਨ ਵਰਗੀ ਦਸ਼ਾ ਸਹਿਜੇ ਹੀ ਵਾਪਰ ਜਾਂਦੀ ਹੈ। ਇਸੇ ਤਰ੍ਹਾਂ ਹੀ




ਕਈ ਹੋਰ ਨਿੱਕੇ-ਨਿੱਕੇ ਵਾਰਤਾਲਾਪਾਂ ਵਿੱਚੋਂ ਕਵਿਤਾ ਸਿਰਜਣ ਦੀ ਕਲਾ ਦਾ ਰੁਝਾਨ ‘ਘਰ ਮੁੜਨ ਦਾ ਚਾਅ’, ‘ਲੋਰੀ’, ‘ਸਫ਼ਰ ਅਨੰਤ’, ‘ਦਿਲ ਦੀਆਂ ਸਿਆਣਪਾਂ’, ‘ਵਲਗਣਾਂ ਦੇ ਪਰਲੇ ਪਾਸੇ’, ‘ਮਹਾਂਕਾਵਿ’ ਅਤੇ ‘ਧੀ ਦਾ ਪਿਉ’ ਕਵਿਤਾਵਾਂ ਵਿੱਚੋਂ ਵੀ ਦ੍ਰਿਸ਼ਟੀਗਤ ਹੁੰਦਾ ਹੈ।

ਜਿਸ ਕੋਲ ਬੱਚੇ ਦੀ ਨਜ਼ਰ ਹੈ, ਉਹ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਜਿਊਂਦਾ ਤੇ ਮਾਣਦਾ ਹੈ। ਬਹੁਤਾ ਸੋਚਣ ਨਾਲ ਜ਼ਿੰਦਗੀ ਦੀ ਸਹਿਜ ਤੋਰ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਸਾਨੂੰ ਬੱਚਿਆਂ ਦੀ ਨਜ਼ਰ ਵਾਂਗ ਵੇਖਿਆਂ ਜ਼ਿੰਦਗੀ ਜਿਵੇਂ ਚਲਦੀ ਹੈ, ਇਸ ਨੂੰ ਚਲਣ ਦੇਣਾ ਚਾਹੀਦਾ ਹੈ। ਜ਼ਿੰਦਗੀ ਦੇ ਬਹੁਤ ਸਾਰੇ ਵਰਤਾਰਿਆਂ ਦੇ ਸਰਲ ਅਰਥ ਨਹੀਂ ਹੋ ਸਕਦੇ। ਉਨ੍ਹਾਂ ਨੂੰ ਫ਼ਾਸਲੇ ਤੋਂ ਦੇਖਣਾ ਹੀ ਵਾਜਿਬ ਹੁੰਦਾ ਹੈ। ਨੇੜੇ ਹੋਇਆਂ ਫੋਕਸ ਆਊਟ ਹੋ ਜਾਂਦਾ ਹੈ ਤੇ ਅਕਸ ਧੁੰਦਲਾ ਜਾਂਦੇ ਹਨ। ਦਰਅਸਲ ਇਹੀ ਜੀਣ ਦਾ ਸੁਹਿਰਦ ਸਲੀਕਾ ਹੈ। ਕਈ ਵਾਰ ਅਸੀਂ ਜ਼ਿੰਦਗੀ ਨੂੰ ਉਲਝੀ ਤਾਣੀ ਬਣਾ ਲੈਂਦੇ ਹਾਂ। ਪਤੰਗ ਉਡਾਉਂਦੇ ਬੱਚੇ ਵਾਂਗ ਅਸੀਂ ਆਪਣੇ ਸਾਹਾਂ ਦੀ ਡੋਰ ਉਲਝਾ ਬਹਿੰਦੇ ਹਾਂ। ‘ਉਲਝੀ ਤਾਣੀ’ ਸਹਿਵਨ ਹੀ ਇਸ ਦਾ ਅਹਿਸਾਸ ਕਰਵਾ ਜਾਂਦੀ ਹੈ।

ਸੰਦੀਪ ਸ਼ਰਮਾ ਦੀ ‘ਬੀਤੇ ਦੀ ਪਰਿਕਰਮਾ’ ਕਵਿਤਾ ਨਿੱਕੀ ਹੋਣ ਦੇ ਬਾਵਜੂਦ ਬਹੁਤ ਗਹਿਰੀ ਹੈ:

ਪਿਛਾਂਹ ਤੱਕਿਆ  
ਕੁਝ ਸ਼ਬਦ ਸਨ  
ਜਾਣੇ-ਪਛਾਣੇ  
ਅਣਜਾਣੇ  
ਭੀੜ ਬਹੁਤ ਸੀ  
ਮੈਥੋਂ ਬਸ  
ਪਿਆਰ  
ਪੜ੍ਹ ਹੋਇਆ।

ਜ਼ਿੰਦਗੀ ਦੀ ਪਿਛਲ ਝਾਤ ਵਿੱਚੋਂ ਪਿਆਰ ਦੇ ਅੱਖਰ ਪੜ੍ਹ ਲੈਣਾ ਕਵਿਤਾ ਵਰਗੀ ਗੱਲ ਹੈ। ਇਸੇ ਤਰ੍ਹਾਂ ‘ਗੈਰ-ਹਾਜ਼ਰ ਮੈਂ” ਵਿੱਚ ‘ਸਭ ਕੁਝ ਕਰਦਿਆਂ ਵੀ ਕੁਝ ਨਾ ਕਰਨਾ ਤੇ ਕੁਝ ਨਾ ਕਰਦਿਆਂ ਸਭ ਕੁਝ ਕਰੀ ਜਾਣਾ’ ਕਵਿਤਾ ਦੀ ਅਭਿਧਾ ਸ਼ਕਤੀ ਦਾ ਪ੍ਰਮਾਣ ਹੈ।

ਸੰਦੀਪ ਸ਼ਰਮਾ ਦੀ ਇੱਕ ਹੋਰ ਸ਼ਸਕਤ ਕਵਿਤਾ ‘ਬਿਲਾਲ ਦੀ ਚਿੰਤਾ’ ਜੋ ਉਸਦੀ ਇੱਕ ਬਿਆਨੀਆ ਕਵਿਤਾ ਹੈ। ਕਵੀ ਇਸ ਕਵਿਤਾ ਵਿੱਚ ਉਸਦੇ ਪਿੰਡ ਸ਼ਾਲਾਂ, ਲੋਈਆਂ ਵੇਚਣ ਆਏ ਕਸ਼ਮੀਰੀ ਮੁੰਡੇ ਬਿਲਾਲ ਦਾ ਪਾਤਰ ਚਿਤਰਨ ਕਰਦਾ ਹੈ। ਜਿਵੇਂ-ਜਿਵੇਂ ਕਵੀ ਉਸ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਬਿਆਨ ਕਰਦਾ ਹੈ, ਤਿਵੇਂ-ਤਿਵੇਂ ਉਸ ਨਾਲ ਪਾਠਕ ਦੇ ਭਾਵ ਵੀ ਜੁੜ ਜਾਂਦੇ ਹਨ। ਚਰਮਸੀਮਾ ਉਦੋਂ ਦੇਖਣ ਨੂੰ ਮਿਲਦੀ ਹੈ, ਜਦੋਂ ਪੱਥਰਬਾਜ਼ੀ ਦੀ ਘਟਨਾ ਵਿੱਚ ਕਿਸੇ ਦੀ ਮੌਤ ਕਵੀ ਨੂੰ ਬਿਲਾਲ ਦੀ ਮੌਤ ਲਗਦੀ ਹੈ, ਫਿਰ ਉਸਦੀ ਲਾਸ਼ ਤੋਂ ਹਵਾ ਨਾਲ ਮੂੰਹ ਨੰਗਾ ਹੋਣ ਤੇ ਪਤਾ ਲਗਦਾ ਹੈ ਕਿ ਉਹ ਬਿਲਾਲ ਨਹੀਂ ਹੈ ਤਾਂ ਕਵੀ ਦੀ ਚਿੰਤਾ ਮੁੱਕਦੀ ਹੈ। ਸੰਦੀਪ ਆਪਣੀ ਗੱਲ ਕਹਿ ਚੁਕਾ ਹੁੰਦਾ ਹੈ, ਪਰ ਪਾਠਕ ਦੇ ਜ਼ਿਹਨ ਵਿੱਚ ਬਿਲਾਲ ਦਾ ਚਿਤਰ ਉਸੇ ਤਰ੍ਹਾਂ ਖੜ੍ਹਾ ਰਹਿੰਦਾ ਹੈ।

ਆਖ਼ਰ ’ਤੇ ਕਿਹਾ ਜਾ ਸਕਦਾ ਹੈ ਕਿ ‘ਓਹ ਸਾਂਭਣਾ ਜਾਣਦੀ ਮੈਨੂੰ’ ਪਲੇਠੇ ਕਾਵਿ ਸੰਗ੍ਰਹਿ ਰਾਹੀਂ ਸੰਦੀਪ ਸ਼ਰਮਾ ਪੰਜਾਬੀ ਕਾਵਿ ਖੇਤਰ ਵਿੱਚ ਨਵੀਂ ਕਵਿਤਾ ਦੇ ਇੱਕ ਗੰਭੀਰ, ਸੰਵੇਦਨਸ਼ੀਲ, ਅਹਿਸਾਸਮੰਦ ਤੇ ਸਮਰੱਥ ਕਵੀ ਵਜੋਂ ਪ੍ਰਵੇਸ਼ ਕਰਦਾ ਹੈ। ਉਹ ਲੁਧਿਆਣਾ ਵਿਖੇ ਜ਼ਿਲ੍ਹਾ ਭਾਸ਼ਾ ਅਫ਼ਸਰ ਵਜੋਂ ਕਾਰਜ ਵੀ ਨਿਭਾਅ ਰਿਹਾ ਹੈ। ਉਸਦੇ ਸਾਹਿਤਕ ਦੋਸਤਾਂ ਦਾ ਦਾਇਰਾ ਬੜਾ ਵਸੀਹ ਹੈ ਅਤੇ ਨਵੀਂ ਕਵਿਤਾ ਦੇ ਕਈ ਚਰਚਿਤ ਕਵੀਆਂ ਨਾਲ ਉਹਦੀ ਦੋਸਤੀ, ਸਾਂਝ ਤੇ ਮੇਲ-ਜੋਲ ਹੈ। ਰੱਬ ਕਰੇ, ਉਸਦੀ ਇਹੋ ਜਿਹੀ ਕਵਿਤਾ ਦਾ ਮੁਹਾਂਦਰਾ ਹੋਰ ਨਿਖਰੇ, ਵਧੇ-ਫੁਲੇ ਤੇ ਪਾਠਕਾਂ ਲਈ ਉਹ ਗੱਲਾਂ ਵਰਗੀ ਕਵਿਤਾ ਤੇ ਕਵਿਤਾ ਵਰਗੀਆਂ ਗੱਲਾਂ ਇਸੇ ਤਰ੍ਹਾਂ ਕਰਦਾ ਰਹੇ।

---

ਪੜਚੋਲ

ਰਵਿੰਦਰ ਸਿੰਘ ਸੋਢੀ, ਕੈਨੇਡਾ
ਫੋਨ: 1-604-369-2371



## ਹਰੀ ਕ੍ਰਿਸ਼ਨ ਮਾਇਰ ਦੀ ਬਹੁ-ਮੁਖੀ ਪੁਸਤਕ


# ਪੰਜਾਬੀ ਖੋਜਕਾਰ

ਸਾਹਿਤਕ ਵੰਨਗੀਆਂ ਵਿੱਚੋਂ ਵਾਰਤਕ ਵਿਧਾ ਦਾ ਵੱਖਰਾ ਸਥਾਨ ਹੈ। ਵਾਰਤਕ ਵਿੱਚ ਸੰਬੰਧਿਤ ਵਿਸ਼ੇ ਦੀ ਜਾਣਕਾਰੀ ਦੇ ਨਾਲ-ਨਾਲ ਜਾਣਕਾਰ ਕਿਵੇਂ ਮੁਹੱਈਆ ਕਰਵਾਈ ਗਈ ਹੈ, ਵਾਰਤਕ ਸ਼ੈਲੀ ਅਤੇ ਭਾਸ਼ਾ ਦਾ ਆਪਸੀ ਸਮਤੋਲ ਕਿਵੇਂ ਰੱਖਿਆ ਗਿਆ ਹੈ, ਇਸ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੁੰਦਾ ਹੈ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਉਹ ਕਿਸ ਵਰਗ ਦੇ ਪਾਠਕਾਂ ਲਈ ਲਿਖ ਰਿਹਾ ਹੈ, ਜਿਹੜੇ ਵਿਸ਼ੇ ‘ਤੇ ਲਿਖ ਰਿਹਾ ਹੈ, ਉਸ ਦਾ ਕੀ ਮਹੱਤਵ ਹੈ, ਕੀ ਵਿਸ਼ੇ ਅਨੁਸਾਰ ਭਾਸ਼ਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ? ਜੇ ਵਿਸ਼ਾ ਬੱਚਿਆਂ ਨਾਲ ਸੰਬੰਧਿਤ ਹੈ, ਪਰ ਭਾਸ਼ਾ ਔਖੀ ਵਰਤੀ ਗਈ ਹੈ ਤਾਂ ਲਿਖਣ ਦਾ ਮਕਸਦ ਹੀ ਪੂਰਾ ਨਹੀਂ ਹੁੰਦਾ। ਜੇ ਭਾਸ਼ਾ ਵੀ ਬੱਚਿਆਂ ਅਨੁਸਾਰ ਵਰਤੀ ਹੈ, ਪਰ ਲੇਖਕ ਦੀ ਸ਼ੈਲੀ ਵਿੱਚ ਹੀ ਕੋਈ ਖਿੱਚ ਨਹੀਂ ਤਾਂ ਪਾਠਕਾਂ ਨੂੰ ਉਹ ਲਿਖਤ ਕਦੇ ਵੀ ਪ੍ਰਭਾਵਿਤ ਨਹੀਂ ਕਰ ਸਕਦੀ।

ਪੰਜਾਬੀ ਸਾਹਿਤ ਦੇ ਇੱਕ ਹਸਤਾਖਰ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਦੀ ਪੁਸਤਕ ‘ਪੰਜਾਬੀ ਖੋਜਕਾਰ’ ਪੜ੍ਹਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਵਿਦਵਾਨ ਲੇਖਕ ਇੱਕ ਸਫਲ ਵਾਰਤਾਕਾਰ ਦੇ ਤੌਰ ’ਤੇ ਆਪਣੀ ਵੱਖਰੀ ਪਹਿਚਾਣ ਬਣਾਉਣ ਵਿੱਚ ਸਫਲ ਹੋਇਆ ਹੈ। ਇਸ ਪੁਸਤਕ ਵਿੱਚ ਪੰਜਾਬ ਨਾਲ ਸਬੰਧਿਤ 22 ਵਿਗਿਆਨਕਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ ਕਈ ਵਿਗਿਆਨਕ ਖੋਜੀਆਂ ਨੇ ਪੰਜਾਬ ਜਾਂ ਭਾਰਤ ਨੂੰ ਹੀ ਆਪਣੀ ਕਰਮ ਭੂਮੀ ਬਣਾਉਣ ਵਿੱਚ ਫਖਰ ਮਹਿਸੂਸ ਕੀਤਾ ਅਤੇ ਕਈਆਂ ਨੇ ਆਪਣੀ ਖੋਜ ਦੇ ਖੇਤਰ ਦੀ ਵਿਸ਼ਾਲਤਾ ਨੂੰ ਪਹਿਚਾਣਦਿਆਂ ਵਿਦੇਸ਼ਾਂ ਵੱਲ ਉਡਾਨ ਭਰੀ ਅਤੇ ਵਿਸ਼ੇਸ਼ ਪ੍ਰਾਪਤੀਆਂ ਕਰਦੇ ਹੋਏ ਆਪਣਾ ਤੇ ਆਪਣੀ ਜਨਮ ਭੂਮੀ ਦੇ ਨਾਂ ਨੂੰ ਚਮਕਾਇਆ।

ਇੱਕ ਵਿਸ਼ੇਸ਼ਤਾ ਹੋਰ ਹੈ ਕਿ ਲੇਖਕ ਨੇ ਇਸ ਪੁਸਤਕ ਵਿੱਚ ਕਈ ਅਜਿਹੇ ਖੋਜਕਾਰ ਵਿਗਿਆਨੀਆਂ ਨਾਲ ਪਾਠਕਾਂ ਦੀ ਜਾਣ-ਪਛਾਣ ਕਰਵਾਈ ਹੈ, ਜਿਨ੍ਹਾਂ ਸੰਬੰਧੀ ਪੰਜਾਬੀ ਵਿੱਚ ਪਹਿਲਾਂ ਬਹੁਤ ਕੁਝ ਨਹੀਂ ਸੀ ਲਿਖਿਆ ਗਿਆ। ਪੁਸਤਕ ਵਿੱਚ ਜਿਨ੍ਹਾਂ ਪੰਜਾਬੀ ਵਿਗਿਆਨਕ ਖੋਜੀਆਂ ਸੰਬੰਧੀ ਲੇਖ ਲਿਖੇ ਗਏ ਹਨ, ਉਹ ਹਨ: ਡਾ. ਰੁਚੀ ਰਾਮ ਸਾਹਨੀ, ਡਾ. ਬੀਰਬਲ ਸਾਹਨੀ, ਡਾ. ਸ਼ਾਂਤੀ ਸਰੂਪ ਭਟਨਾਗਰ, ਡਾ. ਬੈਂਜਾਮਿਨ ਪੀਅਰੀ ਪਾਲ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਪਿਆਰਾ ਸਿੰਘ ਗਿੱਲ, ਡਾ. ਹਰਗੋਬਿੰਦ ਖੁਰਾਣਾ, ਮੁਹੰਮਦ ਅਬਦੁਸ ਸਲਾਮ, ਡਾ. ਨਰਿੰਦਰ ਸਿੰਘ ਕਪਾਨੀ, ਪ੍ਰੋ. ਯਸ਼ਪਾਲ, ਡਾ. ਓਮ ਪ੍ਰਕਾਸ਼ ਬਹਿਲ, ਡਾ. ਦਿਲਬਾਗ ਸਿੰਘ ਅਟਵਾਲ, ਡਾ. ਖੇਮ ਸਿੰਘ ਗਿੱਲ, ਰਾਜ ਕੁਮਾਰ ਪਥਰੀਆ, ਡਾ. ਗੁਰਦੇਵ ਸਿੰਘ ਖੁਸ਼, ਪ੍ਰੋ. ਕਮਲਜੀਤ ਸਿੰਘ ਬਾਵਾ, ਪ੍ਰੋ. ਵੇਦ ਪ੍ਰਕਾਸ਼ ਸੈਂਡਲਸ, ਡਾ. ਹਰਦੇਵ ਸਿੰਘ ਵਿਰਕ, ਡਾ. ਬਲਦੇਵ ਸਿੰਘ ਢਿੱਲੋਂ, ਡਾ. ਸੁਰੇਸ਼ ਰਤਨ, ਡਾ. ਗਗਨਦੀਪ ਕੰਗ, ਪ੍ਰੋ. ਅਰਵਿੰਦ। ਇਨ੍ਹਾਂ ਵਿੱਚੋਂ ਕੁਝ ਖੋਜਕਾਰਾਂ ਸੰਬੰਧੀ ਤਾਂ ਪੰਜਾਬੀ ਦੇ ਆਮ ਪਾਠਕ ਵੀ ਜਾਣਦੇ ਹਨ, ਪਰ ਕਈ ਖੋਜੀਆਂ ਸੰਬੰਧੀ ਮਾਇਰ ਸਾਹਿਬ ਨੇ ਪਹਿਲੀ ਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ।

ਸਾਰੇ ਲੇਖਾਂ ਵਿੱਚ ਲੇਖਕ ਨੇ ਇੱਕ ਹੀ ਢੰਗ ਵਰਤਿਆ ਹੈ, ਮਸਲਨ ਵਿਗਿਆਨਕ ਬਾਰੇ ਕੁਝ ਸ਼ਬਦ, ਜਨਮ ਅਤੇ ਪਰਿਵਾਰ ਸੰਬੰਧੀ ਜਾਣਕਾਰੀ, ਵਿਦਿਅਕ ਯੋਗਤਾ, ਖੋਜ ਦਾ ਵਿਸ਼ਾ, ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਖੋਜ ਪੱਤਰ ਅਤੇ ਲਿਖੀਆਂ ਪੁਸਤਕਾਂ ਦਾ ਵੇਰਵਾ, ਇਨਾਮ/ਸਨਮਾਨ, ਸ਼ੌਕ ਅਤੇ ਸਮੇਟਵੀਂ ਟਿੱਪਣੀ ਆਦਿ। ਲੇਖਕ ਨੇ ਇਸ ਢੰਗ ਨਾਲ ਪਾਠਕ ਨੂੰ ਸੰਬੰਧਿਤ ਖੋਜਕਾਰ ਸੰਬੰਧੀ ਮੁੱਢਲੀ ਜਾਣਕਾਰੀ ਦੇ ਕੇ ਇਨ੍ਹਾਂ ਮਹਾਨ ਪੰਜਾਬੀ ਖੋਜੀਆਂ ਸੰਬੰਧੀ ਵਿਸਤਾਰ ’ਚ ਜਾਣਕਾਰੀ ਪ੍ਰਾਪਤ ਕਰਨ ਦੀ ਚਿਣਗ ਸੁਲਘਾ ਦਿੱਤੀ ਹੈ। ਇਸ ਨੂੰ ਉੱਚ ਕੋਟੀ ਦੇ ਲੇਖਕ ਅਤੇ ਵਧੀਆ ਲਿਖਤ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ, ਜਦੋਂ ਪਾਠਕ ਦੇ ਮਨ ਵਿੱਚ ਸੰਬੰਧਿਤ ਵਿਸ਼ੇ ਪ੍ਰਤੀ ਹੋਰ ਰੁਚੀ ਪੈਦਾ ਹੋਵੇ।



ਲੇਖਕ ਵੱਲੋਂ ਤਕਰੀਬਨ ਹਰ ਲੇਖ ਦਾ ਅੰਤ ਹੀ ਭਾਵਪੂਰਤ ਸ਼ਬਦਾਂ ਨਾਲ ਕੀਤਾ ਗਿਆ ਹੈ। ਇਸ ਦੀਆਂ ਕੁਝ ਉਦਾਹਰਣਾਂ ਹਨ:

1. ਆਓ, ਆਪਾਂ ਮਾਂ-ਬੋਲੀ ਪੰਜਾਬੀ ਵਿੱਚ ਵਿਗਿਆਨਕ ਵਿਸ਼ੇ ਨੂੰ ਪੜ੍ਹਾਉਣ ਦੇ ਡਾ. ਸਾਹਨੀ ਵੱਲੋਂ ਲਏ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਲਈ ਯਤਨ ਮੁੜ ਤੋਂ ਅਰੰਭੀਏ। (ਡਾ. ਰੁਚੀ ਰਾਮ ਸਾਹਨੀ)

2. ਸੱਚਮੁੱਚ ਉਹ ਵਿਗਿਆਨ, ਟੈਕਨਾਲੋਜੀ ਤੇ ਮੁਲਕ ਦੇ ਵਿਕਾਸ ਵਿਚਕਾਰ ਦ੍ਰਿੜ ਇਰਾਦੇ ਵਾਲਾ ਇੱਕ ਮਜਬੂਤ ਪੁਲ ਬਣ ਕੇ ਜਿਉਂਦਾ ਰਿਹਾ ਸੀ। (ਸ਼ਾਂਤੀ ਸਰੂਪ ਭਟਨਾਗਰ)

3. ਉਸ ਦੀ ਨਿਜੀ ਪ੍ਰਯੋਗਸ਼ਾਲਾ ‘ਚੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਨੌਜਵਾਨ ਖੋਜੀ ਉਸ ਦੇ ਖੋਜ ਕਾਰਜਾਂ ਨੂੰ ਹੋਰ ਅੱਗੇ ਲੈ ਕੇ ਜਾਣ ਦਾ ਬੀੜਾ ਚੁੱਕਣਗੇ। (ਡਾ. ਹਰਗੋਬਿੰਦ ਖੁਰਾਣਾ)

ਹਰੀ ਕ੍ਰਿਸ਼ਨ ਮਾਇਰ ਦੀ ਸ਼ੈਲੀ ਦਾ ਮੀਰੀ ਗੁਣ ਇਹ ਹੈ ਕਿ ਉਹ ਕੁਝ ਸ਼ਬਦਾਂ ਵਿੱਚ ਹੀ ਬਹੁਤੀ ਜਾਣਕਾਰੀ ਦੇ ਜਾਂਦਾ ਹੈ। ਮੁਹੰਮਦ ਅਬਦੁਸ ਸਲਾਮ ਵਾਲੇ ਲੇਖ ਦੇ ਮੁੱਢ ਵਿੱਚ ਉਹ ਲਿਖਦਾ ਹੈ, “ਅੰਗਰੇਜ਼ੀ ਰਾਜ ਵੇਲੇ ਡਾ. ਅਬਦੁਸ ਸਲਾਮ ਭਾਰਤੀ ਪੰਜਾਬ ਦਾ ਇੱਕ ਸਿਧਾਂਤਕ ਭੌਤਿਕ ਵਿਗਿਆਨੀ ਹੋਇਆ ਹੈ, ਜਿਸ ਨੇ ਅੱਗੇ ਜਾ ਕੇ ਨੋਬਲ ਪੁਰਸਕਾਰ ਵੀ ਹਾਸਿਲ ਕੀਤਾ ਸੀ। ਵੰਡ ਤੋਂ ਪਿੱਛੋਂ ਉਸ ਦੀ ਜੰਮਣ ਭੋਇੰ ਪਾਕਿਸਤਾਨ ਵਿੱਚ ਚਲੀ ਗਈ ਸੀ। ਉਸ ਨੇ ਸੰਨ 1879 ਵਿੱਚ ਫਿਜ਼ਿਕਸ ਦਾ ਨੋਬਲ ਪੁਰਸਕਾਰ ਸ਼ੈਲਡਨ ਗਲਾਸ਼ੋ ਅਤੇ ਸਟੀਵਨ ਵੇਨਵਰਗ ਨਾਲ ਸਾਂਝੇ ਤੌਰ ’ਤੇ ਪ੍ਰਾਪਤ ਕੀਤਾ ਸੀ, ਪਰ ਅਹਿਮਦੀਆ ਪੰਜਾਬੀ ਹੋਣ ਕਰਕੇ ਨੋਬਲ ਪੁਰਸਕਾਰ ਦਾ ਜਸ਼ਨ ਪਾਕਿਸਤਾਨ ਵਿੱਚ ਨਹੀਂ ਮਨਾਇਆ ਗਿਆ ਸੀ।”




⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ



# ਕਤਾਰ ਲਕੀਰ ਲਾਈਨ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-8847610125



ਲੀਕ/ਲਕੀਰ ਜਾਂ ਰੇਖਾ ਦੇ ਅਰਥ ਵਿੱਚ ਕਤਾਰ ਇੱਕ ਜਾਣਿਆ ਪਛਾਣਿਆ ਸ਼ਬਦ ਹੈ। ਅਰਬੀ ਕੋਸ਼ ਅਨੁਸਾਰ ਕਤਾਰ ਦਾ ਅਰਥ ਹੈ- ਘੱਟੋ ਘੱਟ ਦਸ ਊਠ ਅੱਗੇ-ਪਿੱਛੇ ਅਤੇ ਇੱਕ ਚਾਲ ਚਲਣ ਵਾਲੇ, ਊਠਾਂ ਦੀ ਪਾਲ, ਅੱਗੇ-ਪਿੱਛੇ ਚੱਲਣ ਵਾਲੀ ਹਰੇਕ ਬਹੁਤੀ ਚੀਜ਼, ਸਫ਼, ਲਾਈਨ, ਪਾਲ, ਪੰਗਤੀ; ਕਤਾਰੋ ਕਤਾਰ- ਲਾਈਨਾਂ ਬਣਾ ਕੇ ਸਫ਼ਾਂ ਵਿਚ। ਕਤਾਰ ਬੰਨ੍ਹਣੀ, ਕਤਾਰ ਬਣਾਉਣੀ ਮੁਹਾਵਰੇ ਹਨ। ਪੰਜਾਬੀ ਕੋਸ਼ ਅਨੁਸਾਰ ਅਰਬੀ ਕਿਤਾਰ-ਓ-ਕਤਰ= ਬੰਨ੍ਹਣਾ (ਊਠਾਂ ਨੂੰ) ਤਾਂ ਜੋ ਉਹ ਇੱਕ-ਦੂਜੇ ਦੇ ਪਿੱਛੇ ਤੁਰਦੇ ਰਹਿਣ, ਪਾਲ, ਪੰਗਤ, ਲਾਈਨ, ਡਾਰ, ਲੰਗ, ਸਤਰ। ਵਿਓਤਪਤੀ ਕੋਸ਼ ਵਿੱਚ ਵੀ ਇਹੋ ਜਿਹੇ ਅਰਥ ਹੀ ਦਿੱਤੇ ਗਏ ਹਨ। ਰੇਖਾ ਅਤੇ ਲਕੀਰ ਦੇ ਅਰਥਾਂ ਵਿੱਚ ਪੰਕਤੀ ਜਾਂ ਕਤਾਰ ਵਿੱਚ ਮਹੀਨ ਜਿਹਾ ਅੰਤਰ ਹੈ, ਹਾਲਾਂਕਿ ਭਾਵ ਇਨ੍ਹਾਂ ਸਾਰਿਆਂ ਦਾ ਇੱਕੋ ਹੈ। ਵਸਤੂਆਂ ਅਥਵਾ ਜੀਵਾਂ ਦੇ ਸਮੂਹ ਦੀ ਸਰਲ ਰੇਖਾਗਤ ਅਵਸਥਾ ਜਾਂ ਸਥਿਤੀ ਪੰਕਤੀ/ਪੰਗਤ ਜਾਂ ਕਤਾਰ ਕਹੀ ਜਾਂਦੀ ਹੈ। ਏਵੇਂ ਹੀ ਅਕਾਸ਼ ਵਿੱਚ ਤਾਰਿਆਂ ਦੇ ਸਮੂਹ ਹਨ, ਪਰ ਜੇ ਕਿਸੇ ਵਿਸ਼ੇਸ਼ ਤਾਰਾ ਮੰਡਲ ਵਿੱਚ ਸਥਿਤੀ ਸਰਲ ਰੇਖਾਗਤ ਹੋਵੇ ਤਾਂ ਉਸ ਸਮੂਹ ਨੂੰ ਪੰਕਤੀ ਵਿੱਚ ਰੱਖਿਆ ਜਾ ਸਕਦਾ ਹੈ। ਪੰਕਤੀ/ਪੰਗਤ ਸਮੂਹਵਾਚੀ ਸ਼ਬਦ ਹੈ, ਜਿਸਦੀ ਵਿਸ਼ੇਸ਼ ਰਚਨਾ ਉਸ ਪੰਕਤੀ/ਪੰਗਤ ਜਾਂ ਕਤਾਰ ਦੇ ਰੂਪ ਵਿੱਚ ਹੁੰਦੀ ਹੈ। ਰੇਖਾ ਦੇ ਅਰਥਾਂ ਵਿੱਚ ਕਤਾਰ ਸ਼ਬਦ ਦੀ ਵਰਤੋਂ ਨਹੀਂ ਹੁੰਦੀ, ਪਰ ਕਤਾਰ ਮੂਲ ਰੂਪ ਵਿੱਚ ਇੱਕ ਰੇਖਾ ਜਾਂ ਲਕੀਰ ਹੀ ਹੁੰਦੀ ਹੈ।

ਕਤਾਰ ਸ਼ਬਦ ਮੂਲ ਰੂਪ ਵਿੱਚ ਅਰਬੀ ਦਾ ਹੈ, ਪਰ ਹੈ ਇਹ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦਾ। ਇਹ ਸ਼ਬਦ ਭਰੋਪੀ ਤੇ ਸੈਮੇਟਿਕ ਭਾਸ਼ਾ ਪਰਿਵਾਰਾਂ ਦੇ ਆਪਸੀ ਸੰਬੰਧਾਂ ਦੀ ਉਦਾਹਰਨ ਹੈ। ਮਨੁੱਖੀ ਵਿਕਾਸ ਕ੍ਰਮ ਦਾ ਪ੍ਰਭਾਵ ਭਾਸ਼ਾਵਾਂ 'ਤੇ ਵੀ ਪੈਂਦਾ ਹੈ। ਅੱਜ ਤੋਂ ਹਜ਼ਾਰਾਂ ਵਰ੍ਹੇ ਪਹਿਲਾਂ ਆਏ ਆਰੀਆ ਮੂਲ ਰੂਪ ਵਿੱਚ ਪਸ਼ੂਪਾਲਕ ਸਨ ਤੇ ਉਨ੍ਹਾਂ ਦਾ ਸਾਰਾ ਸੱਭਿਆਚਾਰ ਇਸੇ ਵਿੱਚ ਢਲਿਆ ਨਜ਼ਰ ਆਉਂਦਾ ਹੈ। ਮੁਢਲੇ ਮਨੁੱਖ ਨੇ ਸਮੂਹਕ ਰੂਪ ਵਿੱਚ ਆਪਣੀ ਤਾਕਤ ਲਾਈ ਤੇ ਇਸ ਤਰ੍ਹਾਂ ਮੁਢਲੇ ਨਗਰ ਸੱਭਿਆਚਾਰ ਦਾ ਆਗਮਨ ਹੋਇਆ। ਇਸ ਸਮੁੱਚੇ ਪਾਸਾਰੇ ਵਿੱਚ ਸ਼ਬਦ ਆਪਣੇ ਚੋਲੇ ਬਦਲਦੇ ਇੱਕ ਥਾਂ ਤੋਂ ਦੂਜੀ ਥਾਂ ਤੱਕ ਜਾਂਦੇ-ਆਉਂਦੇ ਅਥਵਾ ਭ੍ਰਮਣ ਕਰਦੇ ਰਹੇ। ਕਤਾਰ ਦਾ ਮੂਲ ਇੰਡੋ-ਯੂਰਪੀ ਰੂਪ ਇਸੇ ਸਥਿਤੀ ਵਿਚੋਂ ਉਪਜਿਆ ਹੈ ਤੇ ਜਦੋਂ ਇਹ ਸੈਮੇਟਿਕ ਭਾਸ਼ਾ ਪਰਿਵਾਰ ਵਿੱਚ ਗਿਆ ਤਾਂ ਪਸ਼ੂ ਪਾਲਣ ਤੇ ਖੇਤੀ ਵਾਹੀ ਦੇ ਸਭਿਆਚਾਰ ਨਾਲ ਘੁਲ ਮਿਲ ਗਿਆ। ਕਤਾਰ ਸ਼ਬਦ ਦਾ ਅਰਬੀ ਰੂਪ 'ਕ਼ਤਾਰ' ਜਾਂ 'ਕ਼ਤਾਰਾ' ਹੈ, ਹਾਲਾਂਕਿ ਫ਼ਾਰਸੀ ਵਿੱਚ ਕ਼ਤਾਰਾ ਕਟਾਰ ਲਈ ਵਰਤਿਆ ਜਾਂਦਾ ਹੈ, ਪਰ ਇੱਥੇ ਇਹਦੀ ਤਿੱਖੀ ਧਾਰ ਦੇਖੀ ਜਾ ਸਕਦੀ ਹੈ, ਜੋ ਕਤਾਰ ਵਰਗੀ ਹੀ ਹੈ। ਇਸ ਵਿੱਚ ਬੂੰਦ, ਬਿੰਦੂ, ਕਤਰੇ ਦਾ ਭਾਵ ਵੀ ਹੈ। ਕੋਈ ਰੇਖਾ ਯਾਤਰਾ ਇੱਕ ਵਿਦਾ ਬਿੰਦੂ ਤੋਂ ਅਰੰਭ ਹੋ ਕੇ ਕਈਆਂ ਬਿੰਦੂਆਂ ਨੂੰ ਉਲੰਘਦੀ ਪਹੁੰਚ ਬਿੰਦੂ 'ਤੇ ਅਪੜਦੀ ਹੈ। ਇਸੇ ਤਰ੍ਹਾਂ ਕਈ ਵਸਤੂਆਂ, ਜੀਵ ਰੇਖਾ ਵਾਂਗ ਰਚਨਾ ਜਾਂ ਫਾਰਮੇਸ਼ਨ ਕਰਦੇ ਹਨ।

ਇਸ ਸੰਬੰਧ ਵਿੱਚ ਰੇਗਿਸਤਾਨ ਵਿਚ ਊਠਾਂ ਦਾ ਕਤਾਰ ਵਿੱਚ ਚਲਣਾ ਕਤਾਰ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਊਠ ਸਮੂਹ ਵਿੱਚ ਰਹਿਣ ਵਾਲਾ ਪ੍ਰਾਣੀ ਹੈ ਤੇ ਬਿਖੜੇ ਪੈਂਡਿਆਂ ਦੇ ਸਫ਼ਰ ਵਿੱਚ ਇਹ ਸੁਤੰਤਰ ਜਾਂ ਅਲੱਗ-ਥਲੱਗ ਰਹਿਣ ਦੀ ਬਜਾਏ ਸਮੂਹ ਵਿੱਚ ਰਹਿਣ ਦੀ ਬਿਰਤੀ ਦਾ ਧਾਰਨੀ ਹੈ। ਇਹ ਇੱਕ ਦੇ ਪਿੱਛੇ ਇੱਕ ਅਨੁਸ਼ਾਸਨ ਵਿੱਚ ਚਲਦੇ ਹਨ। ਰੇਗਿਸਤਾਨ ਦੇ ਇਨ੍ਹਾਂ ਊਠਾਂ ਨਾਲ ਸਹਿਚਾਰ ਤੋਂ ਬਿਨਾ ਬੇਦੂਈਨ ਜਾਂ ਅਰਬੀ ਬੱਦੂਆਂ ਦੀ ਜ਼ਿੰਦਗੀ ਮੁਸ਼ਕਲ ਸੀ। ਸੱਭਿਅਤਾ ਦੇ ਮੁਢਲੇ ਪੜਾਅ 'ਤੇ ਬੱਦੂਆਂ ਨੂੰ ਇਹੀ ਰੇਗਿਸਤਾਨੀ ਫ਼ਰਿਸ਼ਤਿਆਂ ਨੇ ਮਾਰਗ ਦਰਸ਼ਕ ਬਣ ਕੇ ਦਿਖਾਇਆ। ਅਰਬਾਂ ਨੇ ਊਠਾਂ ਦੀ ਤਾਕਤ ਦੇ ਸਿਰ ਸਾਰੀ ਦੁਨੀਆ ਮੁੱਠੀ ਵਿੱਚ ਕਰ ਲਈ। ਖਾੜੀ ਦਾ ਇੱਕ ਪ੍ਰਮੁਖ ਮੁਲਕ ਹੈ- ਕ਼ਤਰ ਜਾਂ ਕ਼ਤਾਰ, ਜਿਸਦਾ ਨਾਮਕਰਨ ਵੀ ਇਸੇ ਸ਼ਬਦ ਮੂਲ ਤੋਂ ਹੋਇਆ ਹੈ। ਸੈਮੇਟਿਕ ਭਾਸ਼ਾ ਪਰਿਵਾਰ ਦੀਆਂ ਦੋ ਧਾਤੂਆਂ ਨਾਲ ਇਨ੍ਹਾਂ ਦੀ ਸਕੀਰੀ ਗੰਢੀ ਜਾਂਦੀ ਹੈ। ਇਹ ਹਨ 'Qutr' ਜਾਂ 'Qutra' ਜਿਨ੍ਹਾਂ ਦੇ ਅਰਥ ਹਨ ਪ੍ਰਦੇਸ਼/ਪ੍ਰਾਂਤ ਜਾਂ ਬੂੰਦ ਅਥਵਾ ਬਿੰਦੂ। ਕਤਰ (Qutr) ਦੇ ਭਾਵਅਰਥ 'ਤੇ ਗੌਰ ਕਰੀਏ ਤਾਂ ਧਿਆਨ ਰਖਣਾ ਪਏਗਾ ਕਿ ਬਿੰਦੂ ਨਾਲ ਬਿੰਦੂ ਜੁੜ ਕੇ ਹੀ ਰੇਖਾ ਬਣਦੀ ਹੈ। ਇਸੇ ਤਰ੍ਹਾਂ Qutra ਦਾ ਅਰਥ ਸਪਸ਼ਟ ਹੈ। ਖਾੜੀ ਦਾ ਇੱਕ ਛੋਟਾ ਜਿਹਾ ਦੇਸ਼ ਪੈਟਰੋ-ਡਾਲਰ ਦੇ ਬਲਬੂਤੇ ਅਮੀਰ ਬਣਿਆ ਹੈ।

ਇਸ ਤੋਂ ਇਲਾਵਾ ਕਤਰਨ 'Qatran' ਜਾਂ ਕਤਰੁਨ 'Qatrun' ਨੂੰ ਵੀ ਦੇਖਿਆ ਜਾ ਸਕਦਾ ਹੈ, ਇਹ ਦੋਵੇਂ ਸ਼ਬਦ ਅਰਬੀ ਦੇ ਹਨ। ਇਨ੍ਹਾਂ ਵਿੱਚ ਰਾਲ, ਚਿਪਚਿਪੇ ਦ੍ਰਵ ਜਾਂ ਟਪਕਣ ਦੇ ਭਾਵ ਹਨ। ਰਿਸਣਾ ਨਾਲ ਵੀ ਇਹਦੀ ਸਕੀਰੀ ਹੈ। ਮੂਲ ਰੂਪ ਵਿੱਚ ਲਾਰ ਜਾਂ ਰਿਸਣਾ ਇੱਕ ਪਦਾਰਥ ਹੈ, ਜੋ ਖਾਸ ਪੌਦਿਆਂ ਤੇ ਦਰਖਤਾਂ ਵਿੱਚੋਂ ਟਪਕਦਾ ਹੈ। ਇਹਦਾ ਇੱਕ ਰੂਪ ਟਾਰ ਵੀ ਹੈ, ਜਿਸਦਾ ਭਾਵ ਤੇਲ ਹੈ, ਲੁੱਕ ਲਈ ਕੋਲਤਾਰ ਸ਼ਬਦ ਦੀ ਸਕੀਰੀ ਇਸੇ ਟਾਰ ਨਾਲ ਹੈ। ਕੋਲਤਾਰ ਇੱਕ ਤਰ੍ਹਾਂ ਦੀ ਰਾਲ ਹੀ ਹੁੰਦੀ ਹੈ। ਬਰੋਜ਼ਾ, ਗੂੰਦਾਂ ਵੀ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ। 'Qa-tar-an' ਕਤਰਨ ਵਿੱਚ tar ਛੁਪਿਆ ਹੋਇਆ ਹੈ। ਕ਼ਤਰ ਦਜਲਾ-ਫਰਾਤ ਦਰਿਆਵਾਂ ਦੇ ਮੁਹਾਨੇ 'ਤੇ ਵਸਿਆ ਦੇਸ਼ ਹੈ, ਜਿੱਥੇ ਖਣਿਜ ਤੇਲ ਤੇ ਗੈਸ ਦੇ ਵੱਡੇ ਭੰਡਾਰ ਹਨ। ਪੁਰਾਤਨ ਕਾਲ ਵਿੱਚ ਧਰਤੀ 'ਚੋਂ ਰਿਸਦੇ ਕੱਚੇ ਤੇਲ ਦੀ ਵਰਤੋਂ ਸੀਮਤ ਰੂਪ ਵਿੱਚ ਹੁੰਦੀ ਸੀ। ਟਾਲਮੀ ਨੇ ਕ਼ਤਰ ਦੀ ਵਰਤੋਂ ਅਰਬ ਖੇਤਰ ਲਈ ਇਸੇ ਕਰਕੇ ਕੀਤੀ ਕਿ ਇਸ ਖੇਤਰ ਦੇ ਟਾਰ ਦੀ ਪ੍ਰਸਿਧੀ ਗ੍ਰੀਸ, ਰੋਮ ਤੱਕ ਸੀ, 'ਕਤਰ, ਕੁਤਰ, ਕੁਤਰਨ, ਕਤਰਨ' ਸ਼ਬਦ ਭਰੋਪੀ ਅਥਵਾ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦੇ ਕੁਨਬੇ ਵਿੱਚੋਂ ਹਨ। ਕਤਰਨ>ਕਤਰ>ਕਾਤਰ ਭਾਵ ਕੱਪੜੇ ਜਾਂ ਧਾਤ ਦੀ ਚਾਦਰ ਦੇ ਛੋਟੇ-ਛੋਟੇ ਟੁਕੜੇ ਕਰਨੇ; ਕਤਰਨਾ- ਕੈਂਚੀ ਨਾਲ ਕੱਟਣਾ, ਵੇਤਰਣਾ, ਨਿੱਕਾ ਕਰਨਾ; ਕਤਰਨੀ- ਕੈਂਚੀ; ਕਤਰਾਉਣ, ਕਤਰਵਾਈ, ਕਤਰਾ, ਕਤਰਾ-ਕਤਰਾ, ਕਤਰਾਊ, ਕਤਰਾਈ, ਕਤਰਾਨ- ਸਾਰੇ ਇੱਕੋ ਲੜੀ ਦੇ ਸ਼ਬਦ ਹਨ।

ਸੰਸਕ੍ਰਿਤ ਵਿੱਚ ਇੱਕ ਧਾਤੂ ਹੈ- 'ਦ੍ਰੁ' ਜਿਸ ਵਿੱਚ ਦਰਖਤ ਦਾ ਭਾਵ ਹੈ। ਮੂਲ ਰੂਪ ਵਿੱਚ ਇਹ ਗਤੀਵਾਚਕ ਧਾਤੂ ਹੈ- ਇਸ ਤੋਂ ਬਣੇ ਸ਼ਬਦ ਤੀਬਰ, ਫੁਰਤੀਲਾ, ਚੁਸਤ ਆਦਿ ਇਸੇ ਲੜੀ ਦੇ ਹਨ। ਦਰਖਤ ਦੇ ਅਰਥਾਂ ਵਿੱਚ 'ਦ੍ਰੁ' ਧਾਤੂ ਦਾ ਭਾਵ ਤੀਬਰ ਗਤੀ ਵਿੱਚ ਵਾਧਾ ਹੈ। ਪਹਾੜੀ ਦਰਖਤ ਤੇਜ਼ੀ ਨਾਲ ਵਧਦੇ ਹਨ, ਜਦ ਕਿ ਮੈਦਾਨੀ ਇਲਾਕਿਆਂ ਵਿੱਚ ਹੌਲੀ ਹੌਲੀ। ਇਸੇ ਤੋਂ ਬਣਿਆ ਹੈ- 'ਦ੍ਰੁਮ:' ਜਿਸ ਨੂੰ ਕਲਪਦ੍ਰੁਮ ਜਾਂ ਕਲਪ ਬ੍ਰਿਛ ਕਹਿੰਦੇ ਹਨ। 'ਦ੍ਰੁ' ਤੋਂ ਬਣਿਆ ਹੈ 'ਦ੍ਰਵ', ਜਿਸ ਦਾ ਅਰਥ ਹੈ- ਘੋੜੇ ਵਾਂਗ ਭੱਜਣਾ, ਪਿਘਲਨਾ, ਤਰਲ, ਚਾਲ, ਵੇਗ ਆਦਿ। ਸ਼ਤਦਰੂ, ਜੋ ਸਤਲੁਜ ਦਾ ਪੁਰਾਤਨ ਨਾਂ ਹੈ, ਇਸੇ ਤੋਂ ਬਣਿਆ ਹੈ। ਅੰਗਰੇਜ਼ੀ 'ਟ੍ਰੀ' ਤੇ ਫ਼ਾਰਸੀ 'ਦਰਖ਼ਤ' ਵੀ ਇਸੇ ਦੀ ਉਪਜ ਹਨ। ਦ੍ਰਵ ਸ਼ਬਦ ਦੀ ਘਾੜਤ ਵਿੱਚ 'ਦ੍ਰੁਤ' ਦੀ ਗਤੀ ਮਹੱਤਵਪੂਰਨ ਹੈ। ਇਹ ਬੁੱਧੀ ਦੀ ਪ੍ਰਤੀਕ ਹੈ। ਦ੍ਰੁਮ ਵਿੱਚ ਜਦੋਂ ਦਰਖਤ ਦਾ ਭਾਵ ਆਇਆ ਤਾਂ ਉਸਦਾ ਅਰਥ ਹੈ- ਟਪਕਣ ਵਾਲਾ ਜਲ ਜਾਂ ਤਰਲ ਜੋ ਗੂੰਦ, ਰਾਲ ਦੇ ਰੂਪ ਵਿੱਚ ਰਿਸਦਾ ਹੈ। ਇਹੀ ਦ੍ਰਵ ਵੱਖ-ਵੱਖ ਭਾਸ਼ਾਵਾਂ ਵਿੱਚ ਵੱਖ-ਵੱਖ ਰੂਪਾਂ ਵਿੱਚ ਪ੍ਰਚਲਤ ਹੈ।

ਅੰਗਰੇਜ਼ੀ ਵਿੱਚ ਦਰਖ਼ਤ ਲਈ 'ਟ੍ਰੀ' 'ਦ੍ਰੁ' ਤੋਂ ਆ ਰਿਹਾ ਹੈ, ਬੂੰਦ ਦੇ ਅਰਥ ਵਿੱਚ 'ਡ੍ਰਾਪ' ਸ਼ਬਦ ਇਸੇ ਤੋਂ ਬਣਿਆ ਹੈ। ਅੱਥਰੂਆਂ ਲਈ ਅੰਗਰੇਜ਼ੀ ਟੀਅਰ (tear) ਦੀ ਇਹਦੇ ਨਾਲ ਸਕੀਰੀ ਹੈ। ਇਸ ਤਰ੍ਹਾਂ ਕਤਰ, ਕਤਾਰ, ਪੰਕਤੀ, ਲਕੀਰ, ਰੇਖਾ ਦੀ ਸਕੀਰੀ ਹੈ। ਇਸ ਤਰ੍ਹਾਂ ਕਤਰ, ਕਤਾਰ, ਪੰਕਤੀ, ਲਕੀਰ, ਰੇਖਾ ਦੀ ਸਕੀਰੀ ਮੂਲ ਰੂਪ ਵਿੱਚ ਭਰੋਪੀ ਭਾਸ਼ਾ ਪਰਿਵਾਰ ਨਾਲ ਜੁੜਦੀ ਹੈ। ਆਰੀਆ ਜਦੋਂ ਪੱਛਮ ਵੱਲ ਗਏ ਤਾਂ 'ਟ੍ਰੀ, ਟੀਅਰ, ਟਾਰ' ਵਰਗੇ ਸ਼ਬਦਾਂ ਨੂੰ ਉਨ੍ਹਾਂ ਨੇ ਘੜਿਆ। ਰੂਸੀ ਦਰੇਵੋ 'drevo' ਦਾ ਅਰਥ ਰੁੱਖ ਹੈ। ਦੱਖਣ-ਪੂਰਬੀ ਯੂਰਪ ਦੇ ਕਈ ਸ਼ਬਦ ਹਨ, ਜੋ ਇਸ ਮੂਲ ਤੋਂ ਨਿਕਲੇ ਹਨ, ਜਿਨ੍ਹਾਂ ਵਿੱਚ ਪਾਣੀ, ਵਹਾ, ਗਤੀ, ਰੁੱਖ, ਬੂੰਦ, ਤਰਲ ਆਦਿ ਦੇ ਭਾਵ ਹਨ। ਜਿਵੇਂ ਜਰਮਨ ਵਿੱਚ ਥੀਰ (theer), ਲਿਥੂਆਨੀ ਵਿੱਚ darwa, derwa ਵਰਗੇ ਸ਼ਬਦਾਂ ਤੋਂ ਮੂਲ ਭਾਵ ਰਾਲ ਵਾਲੇ ਦਰਖਤ ਹਨ। ਟਾਰ 'tar' ਵੀ ਜਰਮੈਨਿਕ ਦੇ ਪ੍ਰਾਚੀਨ ਰੂਪ ਟਿਊਟਾਨਿਕ ਦੇ terwo ਦਾ ਹੀ ਰੂਪਾਂਤਰ ਹੈ, ਜਿਸਦਾ ਅਰਥ ਹੈ- 'ਰੁਖ ਦ੍ਰਵ।' ਸੈਮੇਟਿਕ ਸ਼ਬਦ 'ਕ੍-ਤਾਰਾ' ਵਿੱਚ ਨਿਹਿਤ ਟਪਕਣ, ਡਿੱਗਣ, ਚੋਣ ਦੇ ਭਾਵ ਇਸ ਤੋਂ ਸਪਸ਼ਟ ਹੋ ਜਾਂਦੇ ਹਨ। ਸਪਸ਼ਟ ਹੈ, ਚਿਪਚਿਪੇ ਦ੍ਰਵ ਜਾਂ ਰਾਲ ਦਾ ਭਾਵ ਟਾਰ ਵਿੱਚ ਹੈ। ਇਸ ਤੋਂ ਅਰਬੀ ਕਤਰਨ, ਕੁਤਰਨ ਵਰਗੇ ਸ਼ਬਦ ਬਣੇ। ਰੁੱਖਾਂ ਵਿੱਚੋਂ ਬੂੰਦ-ਬੂੰਦ ਟਪਕਦੀ ਰਾਲ ਜਾਂ ਦ੍ਰਵ ਬੱਦੂਆਂ ਨੂੰ ਸਰਲ ਰੇਖਾ ਨਜ਼ਰ ਆਈ, ਜਿਸਨੂੰ ਉਨ੍ਹਾਂ ਨੇ ਕਤਾਰਾ ਕਿਹਾ ਤੇ ਤਰਲ ਦੇ ਅਰਥਾਂ ਵਿਚ, ਬੂੰਦ ਦੇ ਅਰਥਾਂ ਵਿੱਚ ਭਰੋਪੀ ਦ੍ਰਵ, ਡ੍ਰਾਪ ਵਰਗੇ ਸ਼ਬਦ ਅਰਬੀ ਵਿੱਚ ਕਤਰਾ ਬਣ ਗਏ। ਕਤਰਾ/ਕਤਰਾ, ਬੂੰਦ/ਬੂੰਦ। ਬੂੰਦ ਹੀ ਬਿੰਦੂ ਹੈ, ਜਿਸ ਤੋਂ ਰੇਖਾ ਬਣਦੀ ਹੈ ਤੇ ਇਹੀ ਕਤਾਰ ਹੈ।

## ਹਰੀ ਕ੍ਰਿਸ਼ਨ ਮਾਇਰ ਦੀ ਬਹੁ-ਮੁਖੀ ਪੁਸਤਕ

ਵੱਖ-ਵੱਖ ਖੋਜਕਾਰਾਂ ਦੀਆਂ ਖੋਜਾਂ ਸੰਬੰਧੀ ਲੇਖਕ ਨੇ ਦਿਲਚਸਪ ਜਾਣਕਾਰੀ ਮੁਹੱਈਆ ਕਰਵਾਈ ਹੈ: "ਡਾ. ਬੀਰਬਲ ਸਾਹਨੀ ਜਦੋਂ ਪੜ੍ਹਦਾ ਸੀ, ਉਹ ਟੈਨਿਸ, ਹਾਕੀ ਅਤੇ ਸ਼ਤਰੰਜ ਖੇਡਣ ਦਾ ਸ਼ੌਕੀਨ ਸੀ। ਉਸ ਦੀ ਦਿਲਚਸਪੀ ਸੰਗੀਤ, ਸਿਤਾਰ ਅਤੇ ਵਾਇਲਨ ਵਜਾਉਣ ਵੱਲ ਸੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ। ਉਹ ਵਧੀਆ ਲਿਖਾਰੀ ਅਤੇ ਪ੍ਰਭਾਵਸ਼ਾਲੀ ਬੁਲਾਰਾ ਵੀ ਸੀ।"

"ਡਾ. ਸ਼ਾਂਤੀ ਸਰੂਪ ਭਟਨਾਗਰ ਨੂੰ ਇੱਕ ਤੇਲ ਕੰਪਨੀ ਦੀ ਸਹਾਇਤਾ ਕਰਨ ਬਦਲੇ ਕੰਪਨੀ ਉਸ ਨੂੰ ਡੇਢ ਲੱਖ ਰੁਪਏ ਦੇਣਾ ਚਾਹੁੰਦੀ ਸੀ, ਪਰ ਉਸ ਨੇ ਇਹ ਪੈਸਾ ਵਿਸ਼ਵ ਵਿਦਿਆਲਿਆ ਨੂੰ ਦੇਣ ਲਈ ਕਿਹਾ ਤਾਂ ਜੋ ਇਸ ਪੈਸੇ ਨਾਲ ਤੇਲ ਅਤੇ ਪੈਟ੍ਰੋਲੀਅਮ ਤੇ ਖੋਜ ਕੀਤੀ ਜਾਵੇ।" "ਡਾ. ਬੈਂਜਾਮਿਨ ਪੀਅਰੀ ਪਾਲ ਨੇ ਅਠਾਰਾਂ ਸਾਲ ਦੀ ਖੋਜ ਬਾਅਦ ਨਵੀਂ ਕਿਸਮ ਦੀ ਕਣਕ ਦੀ ਖੋਜ ਕੀਤੀ, ਜਿਹੜੀ ਕਈ ਰੋਗਾਂ ਦਾ ਟਾਕਰਾ ਕਰ ਸਕਦੀ ਸੀ। ਇਹ ਕਣਕ ਵਿਸ਼ਵ ਭਰ ਵਿੱਚ ਪ੍ਰਸਿੱਧ ਹੋਈ।" "ਪ੍ਰੋ. ਯਸ਼ਪਾਲ ਨੇ ਭਾਰਤ ਵਿੱਚ ਸਭ ਤੋਂ ਪਹਿਲਾਂ 'ਬੋਝ ਤੋਂ ਬਿਨਾਂ ਸਿੱਖਣਾ' ਦਾ ਸੁਝਾਅ ਦਿੱਤਾ ਸੀ।" "ਡਾ. ਦਿਲਬਾਗ ਸਿੰਘ ਅਟਵਾਲ ਨੇ ਭਾਰਤ ਵਿੱਚ ਕਣਕ ਦੀ 'ਕਲਿਆਣ' ਕਿਸਮ ਦੀ ਖੋਜ ਕੀਤੀ, ਜਿਸ ਦੀ ਰੋਟੀ ਸੁੱਕਦੀ ਨਹੀਂ ਸੀ। ਆਪਣੇ ਪਿੰਡ ਕਲਿਆਣ ਪੁਰ ਦੇ ਨਾਂ ਤੇ ਕਣਕ ਦੀ ਇਸ ਨਵੀਂ ਕਿਸਮ ਦਾ ਨਾਂ ਰੱਖਿਆ ਸੀ।" "ਡਾ. ਖੇਮ ਸਿੰਘ ਗਿੱਲ ਨੇ ਜ਼ਿਆਦਾ ਝਾੜ ਦੇਣ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਖੋਜ ਕਰਕੇ ਭਾਰਤ ਨੂੰ 'ਅੰਨ ਦੇ ਭੰਡਾਰ' ਵਜੋਂ ਪ੍ਰਸਿੱਧ ਕੀਤਾ।" "ਡਾ. ਹਰਦੇਵ ਸਿੰਘ ਵਿਰਕ ਨੇ 'ਬ੍ਰਹਿਮੰਡ ਦੀ ਰਚਨਾ' ਪੁਸਤਕ ਰਾਹੀਂ ਗੁਰਬਾਣੀ ਦੀ ਵਿਗਿਆਨਕ ਵਿਆਖਿਆ ਕਰਨ ਦੀ ਸ਼ੁਰੂਆਤ ਕੀਤੀ।"

ਕਿਤਾਬ ਦੇ ਮੁੱਖ ਬੰਦ ਦੇ ਰੂਪ ਵਿੱਚ ਲਿਖੀ 'ਜਾਣ-ਪਛਾਣ' ਵਿੱਚ ਲੇਖਕ ਨੇ ਪੁਸਤਕ ਵਿੱਚ ਦਰਜ ਸਾਰੇ ਵਿਗਿਆਨਕ ਖੋਜੀਆਂ ਬਾਰੇ ਇੱਕ ਦੋ ਸਤਰਾਂ ਲਿਖ ਕੇ ਪਾਠਕਾਂ ਦੇ ਦਿਲ ਵਿੱਚ ਪੁਸਤਕ ਨੂੰ ਪੜ੍ਹਨ ਦੀ ਜਿਗਿਆਸਾ ਪੈਦਾ ਕਰ ਦਿੱਤੀ ਹੈ। ਨਿਰਸੰਦੇਹ ਇਸ ਪੁਸਤਕ ਨਾਲ ਪੰਜਾਬ ਦੀਆਂ ਖੋਜੀ ਸ਼ਖ਼ਸੀਅਤਾਂ ਨਾਲ ਜਾਣ-ਪਛਾਣ ਕਰਵਾ ਕੇ ਪੰਜਾਬੀ ਪਾਠਕਾਂ ਲਈ ਵਧੀਆ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕੁਝ ਲੇਖਾਂ ਵਿੱਚ ਨਿਰੋਲ ਵਿਗਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਪਰ ਉਸ ਲਈ ਲੇਖਕ ਦੀ ਕੋਈ ਗਲਤੀ ਨਹੀਂ ਬਲਕਿ ਪੰਜਾਬੀ ਵਿੱਚ ਵਿਗਿਆਨਕ ਸ਼ਬਦਾਵਲੀ ਦੀ ਹੀ ਘਾਟ ਹੈ। ਇਹ ਪੁਸਤਕ ਬੱਚਿਆਂ ਅਤੇ ਵੱਡਿਆਂ-ਦੋਹਾਂ ਲਈ ਪੜ੍ਹਨਯੋਗ ਹੈ। ਹਰੀ ਕ੍ਰਿਸ਼ਨ ਮਾਇਰ ਪਹਿਲਾਂ ਵੀ ਭਾਰਤ ਦੇ ਵਿਗਿਆਨੀ (ਦੋ ਭਾਗ), ਮਹਾਨ ਖੋਜਕਾਰ, ਭਾਰਤੀ ਖੋਜਕਾਰ ਸਮੇਤ ਜਾਣਕਾਰੀ ਭਰਪੂਰ 12 ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ ਅਤੇ ਤਿੰਨ ਕਿਤਾਬਾਂ ਦਾ ਅਨੁਵਾਦ ਵੀ।

# ਪੰਜਾਬੀ ਰਵਾਇਤੀ ਸੰਗੀਤ ਤੇ ਦੋਗਾਣਾ ਗਾਇਕੀ

ਤਾਨੀਆ ਸੰਘਾ

ਪੰਜਾਬੀ ਦੋਗਾਣੇ ਦੀਆਂ ਜੜ੍ਹਾਂ ਰਵਾਇਤੀ ਲੋਕ ਸੰਗੀਤ ਵਿੱਚ ਹਨ, ਪਰ ਪੰਜਾਬ ਤੋਂ ਬਾਹਰ ਹਮੇਸ਼ਾ ਅਜਿਹਾ ਨਹੀਂ ਰਿਹਾ ਹੈ। 1970 ਅਤੇ 1980 ਦੇ ਦਹਾਕੇ ਨੂੰ ਇਸਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਉਸ ਸਮੇਂ ਮਰਦਾਂ ਤੇ ਔਰਤਾਂ ਦੇ ਦੋਗਾਣੇ ਅਤੇ ਹਾਰਮੋਨੀਅਮ, ਅਕਾਰਡੀਅਨ ਤੇ ਗਿਟਾਰ ਦੀਆਂ ਆਵਾਜ਼ਾਂ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ। ਉਸ ਦੌਰਾਨ ਭੰਗੜੇ ਨੂੰ ਆਧੁਨਿਕ ਸ਼ਹਿਰੀ ਧੁਨਾਂ ਵਿੱਚ ਢਾਲਿਆ ਗਿਆ ਅਤੇ ਮਿਲਾਇਆ ਗਿਆ; ਪਰ ਜਿਉਂ-ਜਿਉਂ ਇਸ ਸ਼ੈਲੀ ਨੇ ਵਿਕਾਸ ਕੀਤਾ, ਇਸ ਦਾ ਮੁਹਾਂਦਰਾ ਘੜਨ ਵਿੱਚ ਮਦਦ ਕਰਨ ਵਾਲੇ ਦੋਗਾਣੇ 'ਪੁਰਾਣੇ' ਜਾਪਣ ਲੱਗੇ; ਸ਼ਾਇਦ ਹੁਣ ਉਹ ਵਾਪਸੀ ਕਰ ਸਕਦੇ ਹਨ।

ਚਰਚਿਤ ਗਾਣੇ 'ਫਾਰਐਵਰ' ਦੇ ਪਿੱਛੇ ਬ੍ਰਿਟਿਸ਼ ਏਸ਼ੀਆਈ ਰਿਕਾਰਡ ਨਿਰਮਾਤਾ ਮਨੀ ਸੰਧੂ ਦਾ ਹੱਥ ਹੈ। ਇਹ ਗੀਤ ਗਾਇਕ ਤੇਗੀ ਪੰਨੂ ਅਤੇ ਪ੍ਰੇਮ ਲਤਾ ਦਾ ਦੋਗਾਣਾ ਹੈ, ਜੋ ਕਿ ਲਗਾਤਾਰ ਪੰਜ ਹਫ਼ਤਿਆਂ ਤੱਕ ਅਧਿਕਾਰਤ ਬ੍ਰਿਟਿਸ਼ ਏਸ਼ੀਅਨ ਚਾਰਟ ਵਿੱਚ ਸਿਖਰ 'ਤੇ ਰਿਹਾ। ਇਹ ਗੀਤਸ ਸਪੌਟੀਫਾਈ ਅਤੇ ਯੂਟਿਊਬ 'ਤੇ ਕੁੱਲ ਮਿਲਾ ਕੇ ਤਿੰਨ ਕਰੋੜ ਤੋਂ ਵੱਧ ਵਾਰ ਵੱਜਿਆ ਅਤੇ ਗਲੋਬਲ ਏਸ਼ੀਅਨ ਮਿਊਜ਼ਿਕ ਚਾਰਟ ਵਿੱਚ ਦੂਜੇ ਨੰਬਰ 'ਤੇ ਰਿਹਾ ਹੈ।

ਮਨੀ ਅਨੁਸਾਰ ਦੋਗਾਣਾ ਗਾਇਕੀ ਦਾ ਦੌਰ ਯਕੀਨਨ ਵਾਪਸ ਆ ਰਿਹਾ ਹੈ। 'ਫਾਰਐਵਰ' ਦੀ ਪ੍ਰਸਿਧੀ ਉਸ ਤਰ੍ਹਾਂ ਦੇ ਪੰਜਾਬੀ ਲੋਕ ਸੰਗੀਤ ਪ੍ਰਤੀ ਵੱਧਦੀ ਚਾਹਤ ਦੇ ਕਾਰਨ ਹੈ, ਜੋ ਕਈ ਦਹਾਕਿਆਂ ਪਹਿਲਾਂ ਬਹੁਤ ਪਸੰਦ ਕੀਤੀ ਜਾਂਦੀ ਸੀ। ਸਾਡੀ ਸਨਅਤ ਯਕੀਨੀ ਤੌਰ 'ਤੇ ਇੱਕ ਅਜਿਹੇ ਦੌਰ ਵਿੱਚੋਂ ਲੰਘੀ ਹੈ, ਜਿੱਥੇ ਅਸੀਂ ਪੱਛਮ ਦੀ ਨਕਲ ਕਰਨ ਅਤੇ ਉਸ ਵਰਗਾ ਬਣਨ ਦੀ ਕੋਸ਼ਿਸ਼ ਕਰ ਰਹੇ ਸੀ। ਹਾਲ ਹੀ ਵਿੱਚ ਜੋ ਸੰਗੀਤ ਸਾਹਮਣੇ ਆਇਆ ਹੈ, ਉਸ ਵਿੱਚ ਨਿਸ਼ਚਤ ਤੌਰ 'ਤੇ ਜ਼ਿਆਦਾ ਰਵਾਇਤੀ ਧੁਨਾਂ ਹਨ। 'ਫਾਰਐਵਰ' ਦੀਆਂ ਧੁਨਾਂ 'ਥੋੜ੍ਹੀਆਂ ਸ਼ਹਿਰੀ' ਹਨ, ਪਰ ਗਾਇਕੀ ਅਤੇ ਬੋਲਾਂ ਵਿੱਚ 'ਪ੍ਰਮਾਣਿਕ ਪੁਰਾਣਾ ਪੰਜਾਬੀ ਸੰਗੀਤ' ਮੌਜੂਦ ਹੈ। ਇਸ ਦੀਆਂ ਮੂਲ ਲੋਕ ਧੁਨਾਂ ਅਮਰ ਸਿੰਘ ਚਮਕੀਲਾ ਤੋਂ ਕਾਫ਼ੀ ਪ੍ਰਭਾਵਿਤ ਸਨ, ਜਿਸ ਨੂੰ 1980 ਦੇ ਦਹਾਕੇ ਵਿੱਚ 'ਪੰਜਾਬ ਦਾ ਐਲਵਿਸ' ਕਿਹਾ ਜਾਂਦਾ ਸੀ। ਅਮਰ ਸਿੰਘ ਚਮਕੀਲਾ ਦੇ ਬਹੁਤ ਸਾਰੇ ਹਿੱਟ ਗੀਤ ਅਮਰਜੋਤ ਨਾਲ ਦੋਗਾਣੇ ਸਨ। ਰੈਪਰ ਅਤੇ ਗੀਤਕਾਰ ਰਾਜਾ ਕੁਮਾਰੀ ਨੇ ਗੁਰੂ ਰੰਧਾਵਾ ਦੇ ਨਾਲ ਇੱਕ ਰਵਾਇਤੀ ਦੋਗਾਣਾ ਸ਼ੈਲੀ ਦਾ ਗੀਤ 'ਇਨ ਲਵ' ਕੱਢਿਆ। ਇਸ ਮਿਊਜ਼ਿਕ ਵੀਡੀਓ ਦੀ ਸ਼ੂਟਿੰਗ ਪੰਜਾਬ 'ਚ ਕੀਤੀ ਗਈ ਅਤੇ ਯੂਟਿਊਬ 'ਤੇ ਇਸ ਨੂੰ 37 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

ਭਾਰਤੀ ਮੂਲ ਦੀ ਅਮਰੀਕੀ ਰਾਜਾ ਕੁਮਾਰੀ ਨੇ ਇਸ ਤੋਂ ਪਹਿਲਾਂ ਇੱਗੀ ਅਜ਼ਾਲੀਆ, ਫਿਫਥ ਹਾਰਮਨੀ, ਸਿੱਧੂ ਮੂਸੇਵਾਲਾ ਅਤੇ ਫਾਲ ਆਊਟ ਬੋਇ ਵਰਗੇ ਕਲਾਕਾਰਾਂ ਨਾਲ ਕੰਮ ਕੀਤਾ ਹੈ, ਪਰ ਉਸ ਦਾ ਕਹਿਣਾ ਹੈ ਕਿ ਹਰ ਕੋਈ ਹਮੇਸ਼ਾ ਆਪਣੀਆਂ ਜੜ੍ਹਾਂ ਵੱਲ ਪਰਤਣ ਦੀ ਕੋਸ਼ਿਸ਼ ਕਰਦਾ ਹੈ। ਇਸ ਗੀਤ ਲਈ ਪੰਜਾਬੀ ਭਾਈਚਾਰੇ ਵੱਲੋਂ ਜੋ ਮੈਨੂੰ ਪਿਆਰ ਮਿਲਿਆ ਹੈ, ਉਸ ਤੋਂ ਮੈਨੂੰ ਹੋਰ ਜ਼ਿਆਦਾ ਕੋਸ਼ਿਸ਼ ਕਰਨ ਦੀ ਪ੍ਰੇਰਨਾ ਮਿਲਦੀ ਹੈ। ਉਸ ਦਾ ਮੰਨਣਾ ਹੈ ਕਿ ਨੌਜਵਾਨ ਸਰੋਤਿਆਂ ਲਈ ਮੂਲ ਧੁਨਾਂ ਨੂੰ ਸਾਂਭ ਕੇ ਰੱਖਣਾ ਮਹੱਤਵਪੂਰਨ ਹੈ। ਉਮੀਦ ਹੈ ਕਿ ਜਦੋਂ ਲੋਕ ਇਨ੍ਹਾਂ ਆਧੁਨਿਕ ਜੋੜੀਆਂ ਨੂੰ ਦੇਖਣਗੇ, ਤਾਂ ਇਹ ਉਨ੍ਹਾਂ ਨੂੰ ਪਿੱਛੇ ਜਾ ਕੇ ਸਮਝਣ ਲਈ ਮਜਬੂਰ ਕਰਨਗੇ, ਜਿੱਥੋਂ ਇਹ ਆਇਆ ਹੈ। ਇਹ ਪੁਨਰ-ਉਥਾਨ ਮੁੱਖ ਧਾਰਾ ਦੇ ਸੰਗੀਤ ਤੱਕ ਹੀ ਸੀਮਿਤ ਨਹੀਂ ਹੈ।

ਬੈਂਗਰ ਅਤੇ ਸੈਮੀ, ਜਿਨ੍ਹਾਂ ਦੀ ਜੋੜੀ ਦਾ ਨਾਂ 'ਸਾਡੀ ਜੋੜੀ' ਹੈ, ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਭਾਰਤ ਵਿੱਚ ਸ਼ੋਅ ਕੀਤਾ ਤਾਂ ਉਨ੍ਹਾਂ ਦੀ ਪ੍ਰਸਿਧੀ ਵਿੱਚ ਜ਼ਿਕਰਯੋਗ ਵਾਧਾ ਹੋਇਆ। ਬੈਂਗਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਥਾਵਾਂ ਤੋਂ ਬੁਕਿੰਗ ਮਿਲ ਰਹੀ ਹੈ, ਜਿੱਥੇ ਚਮਕੀਲੇ ਨੇ ਅਸਲ ਵਿੱਚ ਪੇਸ਼ਕਾਰੀ ਦਿੱਤੀ ਸੀ।

ਪੀ.ਆਰ.ਐੱਸ. ਫਾਰ ਮਿਊਜ਼ਿਕ ਗਰੁੱਪ ਦੀ ਰੁਪਿੰਦਰ ਵਿਰਦੀ ਅਨੁਸਾਰ, ਕਿਸੇ ਵੀ ਹੋਰ ਸ਼ੈਲੀ ਦੀ ਤਰ੍ਹਾਂ, ਇਸ ਵਿੱਚ ਵੀ 'ਉਚਾਣ ਅਤੇ ਨਿਵਾਣ' ਹਨ, ਪਰ ਇਸ ਸ਼ੈਲੀ ਦੇ ਮੂਲ ਰੂਪ ਵਿੱਚ ਵੱਡੇ ਪ੍ਰਸ਼ੰਸਕ ਨਿਰੰਤਰ ਬਣੇ ਹੋਏ ਹਨ। ਹਾਲ ਹੀ ਵਿੱਚ ਪੰਜਾਬੀ ਸੰਗੀਤ ਵਿੱਚ ਵਧੇਰੇ ਦਿਲਚਸਪੀ ਲਈ ਕੁਝ ਕਾਰਕ ਜ਼ਿੰਮੇਵਾਰ ਹਨ, ਜਿਨ੍ਹਾਂ ਵਿੱਚੋਂ ਇੱਕ ਹੈ ਵਿਸ਼ਵ ਪੱਧਰ 'ਤੇ ਪੰਜਾਬੀ ਸੰਗੀਤ 'ਤੇ ਵਧ ਰਿਹਾ ਧਿਆਨ। ਅਸੀਂ ਲਾਈਵ ਸ਼ੋਅ'ਜ਼ ਲਈ ਗਲਾਸਟਨਬਰੀ, ਕੋਚੇਲਾ, ਹਾਲ ਹੀ ਵਿੱਚ ਲੈਟੀਚਿਊਡ ਅਤੇ ਲੋਲਾਪਾਲੂਜ਼ਾ ਵਰਗੇ ਵਿਆਪਕ ਮੰਚਾਂ 'ਤੇ ਪੰਜਾਬੀ ਕਲਾਕਾਰਾਂ ਨੂੰ ਸ਼ਾਮਲ ਹੁੰਦੇ ਦੇਖ ਰਹੇ ਹਾਂ। ਸਟ੍ਰੀਮਿੰਗ ਅਤੇ ਪਬਲਿਸ਼ਿੰਗ ਦੇ ਮਾਮਲੇ ਵਿੱਚ ਭਾਰਤ ਵਿੱਚ ਸੰਗੀਤ ਦਾ ਵਿਕਾਸ ਹੋਇਆ ਹੈ, ਜਿਸ ਨਾਲ ਦੇਸ਼ ਦੀ ਉਭਰਦੀ ਆਰਥਿਕ ਸ਼ਕਤੀ ਦੀ ਸਥਿਤੀ ਨੂੰ ਦੇਖਦੇ ਹੋਏ ਇਸ ਸ਼ੈਲੀ ਦੇ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਫੈਲਾਉਣ ਵਿੱਚ ਮਦਦ ਮਿਲ ਰਹੀ ਹੈ। ਪ੍ਰੋਡਕਸ਼ਨ, ਬੀਟਸ ਅਤੇ ਭਾਸ਼ਾ ਪੱਖੋਂ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ; ਤੇ ਸਾਨੂੰ ਪੰਜਾਬੀ ਸੰਗੀਤ ਸੱਭਿਆਚਾਰ 'ਤੇ ਮਾਣ ਹੈ, ਜਿਸਦੀ ਸ਼ਲਾਘਾ ਕੀਤੀ ਜਾ ਰਹੀ ਹੈ। ਭਾਸ਼ਾ ਸੰਬੰਧੀ ਰੁਕਾਵਟਾਂ ਦੇ ਬਾਵਜੂਦ ਜ਼ਿਆਦਾ ਲੋਕ ਧੁਨਾਂ ਪ੍ਰਤੀ ਖੁੱਲ੍ਹੇ ਸੁਭਾਅ ਦੇ ਹਨ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਦਿਲਬਾਗ ਹੁਣ ਬਦਲੇ ਵਾਲੀ ਕਾਰਵਾਈ ਨੂੰ ਨੇਪਰੇ ਚਾੜ੍ਹਨ ਵੱਲ ਜੁਟ ਗਿਆ। ਉਸ ਨੇ ਯੂ.ਪੀ. ਦੇ ਤਰਾਈ ਇਲਾਕੇ ਦੀ ਰੈਕੀ ਕਰਨ ਦੀ ਡਿਊਟੀ ਸਭ ਤੋਂ ਛੋਟੇ ਗੋਲੂ ਦੀ ਲਗਾਈ। ਉਹ ਮਜ਼ਬੀ ਸਿੱਖਾਂ ਦਾ ਮੁੰਡਾ ਸੀ। ਰੰਗ ਰੂਪ ਪੱਖੋਂ ਉਹ ਸਥਾਨਕ ਲੋਕਾਂ ਵਿੱਚ ਰਚ ਮਿਚ ਸਕਦਾ ਸੀ। ਉਹ ਇਲਾਕਾ ਜਿੱਥੇ ਕਿਸਾਨਾਂ 'ਤੇ ਗੱਡੀ ਚੜ੍ਹਾਈ ਸੀ, ਦਿਲਬਾਗ ਨੇ ਆਪ ਜਾ ਕੇ ਵੀ ਵੇਖਿਆ। ਗੋਲੂ ਕਿਸਾਨ ਸੰਘਰਸ਼ ਵਿੱਚੋਂ ਗੁਜ਼ਰ ਕੇ ਕਾਫੀ ਸਿਆਣਾ ਹੋ ਗਿਆ ਸੀ। ਉਸ ਵਿੱਚ ਸਰੀਰਕ ਫੁਰਤੀ ਅਤੇ ਹੱਡਾਂ ਦੀ ਸਖਤਾਈ ਤਾਂ ਪਹਿਲਾਂ ਹੀ ਸੀ, ਸੂਝ ਉਸ ਦੀ ਵਿਕਸਤ ਹੋ ਰਹੀ ਸੀ। ਦਿਲਬਾਗ ਨੂੰ ਭਰੋਸਾ ਸੀ ਕਿ ਇਹ ਮੁੰਡਾ ਕਿਸਾਨਾਂ 'ਤੇ ਗੱਡੀ ਚੜ੍ਹਾਉਣ ਵਾਲੇ ਉਸ ਛੋਕਰੇ ਦੀ ਸੂਹ ਕੱਢ ਸਕਦਾ ਹੈ। ਇਹ ਪਤਾ ਕਰਨਾ ਵੀ ਜ਼ਰੂਰੀ ਸੀ ਕਿ ਕਦੋਂ ਉਹ ਇਕੱਲਾ ਸੈਰ ਵਗੈਰਾ ਲਈ ਨਿਕਲਦਾ ਹੈ। ਉਸ ਦੇ ਗੋਲੀ ਮਾਰ ਕੇ ਮਾਰਨਾ ਤਾਂ ਆਸਾਨ ਕੰਮ ਸੀ, ਪਰ ਦਿਲਬਾਗ ਉਸ ਨੂੰ ਗੱਡੀ ਥੱਲੇ ਦਰੜ ਕੇ ਮਾਰਨਾ ਚਾਹੁੰਦਾ ਸੀ, ਜਿਵੇਂ ਉਸ ਨੇ ਕਿਸਾਨ ਦਰੜ ਕੇ ਮਾਰੇ ਸਨ। ਜਿੰਨਾ ਦਿਲਬਾਗ ਸੋਚਦਾ ਸੀ, ਗੋਲੂ ਉਸ ਤੋਂ ਵੀ ਤੇਜ਼ ਨਿਕਲਿਆ। ਉਹ ਪੰਜਾਬੀ ਮਿਕਸ ਹਿੰਦੀ ਤੋਂ ਸਥਾਨਕ ਲੋਕਾਂ ਦੀ ਲੋਕਲ ਭਾਸ਼ਾ ਵੀ ਬੋਲਣ ਲੱਗਾ। ਛੇ ਕੁ ਮਹੀਨੇ ਗੁਜ਼ਰਨ ਬਾਅਦ ਲਗਦਾ ਹੀ ਨਹੀਂ ਸੀ ਕਿ ਇਹ ਉਹੋ ਗੁਲਵਿੰਦਰ (ਗੋਲੂ) ਹੈ, ਜਿਸ ਨੂੰ ਉਹ ਭੋਲੇ ਪਾਤਸ਼ਾਹ ਸਮਝਦੇ ਸਨ। ਉਹ ਆਪਣੇ ਨਿਸ਼ਾਨੇ ਦੀ ਪੈੜ ਵੀ ਨੱਪਣ ਲੱਗਾ, ਪਰ ਉਸ ਨੇ ਕਦੀ ਉਸ ਨੂੰ ਭਾਰੀ ਸਿਕਿਉਰਿਟੀ ਤੋਂ ਬਿਨਾ ਨਹੀਂ ਸੀ ਵੇਖਿਆ। ਉਸ ਨੂੰ ਜੇ ਸਿੱਧਾ ਗੋਲੀ ਮਾਰ ਕੇ ਮਾਰਨਾ ਹੁੰਦਾ ਤਾਂ ਦਿਲਬਾਗ ਹੋਰੀਂ ਉਸ ਨੂੰ ਸਿਕਿਉਰਿਟੀ ਸਮੇਤ ਮਾਰਨ ਦਾ ਖਤਰਾ ਵੀ ਉਠਾ ਸਕਦੇ ਸਨ, ਪਰ ਇਹ ਉਨ੍ਹਾਂ ਦਾ ਨਿਸ਼ਾਨਾ ਨਹੀਂ ਸੀ। ਇਸ ਦਰਮਿਆਨ ਇੱਕ ਮੁਸਲਿਮ ਮੁੰਡਾ ਗੋਲੂ ਦਾ ਦੋਸਤ ਬਣ ਗਿਆ। ਉਹ ਉਸ ਕਸਬਾਨੁਮਾ ਪਿੰਡ ਦਾ ਵਾਸੀ ਸੀ, ਜਿਸ ਪਿੰਡ ਦਾ ਮੰਤਰੀ ਦਾ ਮੁੰਡਾ ਵਸਨੀਕ ਸੀ। ਗੱਲਾਂ-ਗੱਲਾਂ 'ਚ ਉਸ ਨੇ ਦੱਸਿਆ ਕਿ ਸਿਰਫ ਹੋਲੀ ਵਾਲੇ ਦਿਨ ਇਹ ਲੋਕ ਸਿਕਿਉਰਿਟੀ ਤੋਂ ਲਾਪ੍ਰਵਾਹ ਹੁੰਦੇ ਹਨ। ਗੋਲੂ ਨੇ ਇਹ ਗੱਲ ਦਿਲਬਾਗ ਨਾਲ ਬੈਠ ਕੇ ਸਾਂਝੀ ਕੀਤੀ। ਹੋਲੀ ਹਾਲੇ ਕਾਫੀ ਦੂਰ ਸੀ। ਮੁੰਡੇ ਪੂਰੀ ਤਿਆਰੀ ਨਾਲ ਹਮਲਾ ਕਰ ਸਕਦੇ ਸਨ। ਦਿਲਬਾਗ ਨੇ ਆਪ ਵੀ ਸਾਰੇ ਇਲਾਕੇ ਦੇ ਚੱਪੇ ਚੱਪੇ ਦੀ ਰੈਕੀ ਕੀਤੀ। ਸਲੀਮ ਬਖਸ਼ ਨੇ ਦੱਸਿਆ ਸੀ ਕਿ ਇਹ ਲਾਗੇ ਵਗਦੀ ਇੱਕ ਨਦੀ 'ਦੇ ਕਿਨਾਰੇ ਜਾ ਕੇ ਹੋਲੀ ਖੇਡਦੇ ਹਨ। ਉਥੇ ਚੰਗਾ ਇਕੱਠ ਹੋ ਜਾਂਦੈ। ਬਹੁਤੀਆਂ ਔਰਤਾਂ ਹੁੰਦੀਆਂ ਹਨ। ਹੋਲੀ ਇੰਨਾ ਮਸਤੀ ਭਰਿਆ ਤਿਉਹਾਰ ਬਣ ਜਾਂਦਾ ਕਿ ਸੁਰੱਖਿਆ ਵਾਲਾ ਮਸਲਾ ਭੁੱਲ-ਭੁਲਾ ਜਾਂਦੇ ਹਨ। ਦਿਲਬਾਗ ਨੇ ਯੂ.ਪੀ. ਅਸੈਂਬਲੀ ਦੇ ਉਸ ਮਨਿਸਟਰ ਦੇ ਘਰ ਦਾ ਆਲਾ-ਦੁਆਲਾ ਚੰਗੀ ਤਰ੍ਹਾਂ ਵਾਚਿਆ, ਜਿਸ ਨੇ ਕਿਸਾਨਾਂ ਨੂੰ ਦਰੜਨ ਵਾਲੇ ਲੋਕਾਂ ਦੀ ਅਗਵਾਈ ਕੀਤੀ ਸੀ। ਕੈਮਰਿਆਂ ਤੋਂ ਬਚਾਅ ਲਈ ਉਸ ਨੇ ਮਾਸਕ ਪਹਿਨ ਲਿਆ ਸੀ। ਨਦੀ ਵੱਲ ਨੂੰ ਜਾਂਦੇ-ਆਉਂਦੇ ਰਾਹ ਉਸ ਨੇ ਚੰਗੀ ਤਰ੍ਹਾਂ ਗਾਹੇ। ਇੱਥੇ ਘਟਨਾ ਤੋਂ ਬਾਅਦ ਕਿਵੇਂ ਤੇ ਕਿੱਧਰ ਨੂੰ ਉਹ ਬਚ ਕੇ ਨਿਕਲ ਸਕਦੇ ਹਨ, ਇਹਦੇ ਕਾਗਜ਼ਾਂ 'ਤੇ ਨਕਸ਼ੇ ਬਣਾਏ, ਆਪਣੇ ਬੰਦਿਆਂ ਨੂੰ ਸਮਝਾਏ। ਹਰ ਇੱਕ ਨੂੰ ਨਕਸ਼ੇ ਦੀ ਇੱਕ ਇੱਕ ਕਾਪੀ ਦਿੱਤੀ। ਉਹ ਥਾਵਾਂ ਨਕਸ਼ੇ 'ਤੇ ਦਰਸਾਈਆਂ, ਜਿੱਥੇ ਐਕਸ਼ਨ ਤੋਂ ਬਾਅਦ ਸਾਰਿਆਂ ਨੇ ਇਕੱਠੇ ਹੋਣਾ ਸੀ। ਫਿਰ ਉਸ ਨੂੰ ਲੱਗਾ ਕਿ ਇਸ ਮੌਕੇ ਉਹ ਕਿਸੇ ਇਕੱਠ ਦੇ ਦਰਮਿਆਨ ਹੋਵੇਗਾ ਅਤੇ ਉਸ ਨੂੰ ਆਸਾਨੀ ਨਾਲ ਨਿਸ਼ਾਨਾ ਨਹੀਂ ਬਣਾਇਆ ਜਾ ਸਕਦਾ। ਇਸ ਕੰਮ ਲਈ ਦਿਲਬਾਗ ਨੇ ਆਪਣੀਆਂ ਦੋ ਵੱਡੀਆਂ ਗੱਡੀਆਂ ਤਿਆਰ ਕੀਤੀਆਂ। ਇੱਕ ਫੋਰ ਬਾਈ ਫੋਰ ਪਿੱਕੇ ਨੂੰ ਬੁਲਟ ਪਰੂਫ ਗੱਡੀ ਵਿੱਚ ਬਦਲਿਆ। ਵਧੀਆ ਕੁਆਲਟੀ ਦੇ ਛੋਟੇ ਹਥਿਆਰ ਖਰੀਦੇ। ਇਕ ਬਾਰਾਂ ਬੋਰ ਦੀ ਦੋਨਾਲੀ ਰਾਈਫਲ ਦੀ ਪਾਈਪ ਕੱਟ ਕੇ ਪਿਸਤੌਲ ਦੀ ਸ਼ਕਲ ਦੇ ਲਈ। ਇਸ ਤੋਂ ਇਲਾਵਾ ਤਿੰਨਾਂ ਲਈ ਇੱਕੋ ਜਿਹੇ ਪਿਸਤੌਲ ਅਤੇ ਗੋਲੀਆਂ ਦਾ ਪੂਰਾ ਬਕਸਾ ਖਰੀਦਿਆ। ਦਿਲਬਾਗ ਤਿਆਰੀ ਇਸ ਤਰ੍ਹਾਂ ਕਰ ਰਿਹਾ ਸੀ ਕਿ ਸ਼ਿਕਾਰ ਕਿਸੇ ਵੀ ਤਰ੍ਹਾਂ ਬਚ ਕੇ ਨਾ ਨਿਕਲੇ। ਉਹਨੇ ਆਪ ਹਿੰਦੀ ਭਾਸ਼ਾ ਬੋਲਣ ਵਿੱਚ ਮੁਹਾਰਤ ਹਾਸਲ ਕੀਤੀ। ਨਾਲ ਦੇ ਮੁੰਡਿਆਂ ਨੂੰ ਇਸ ਵਿੱਚ ਮਾਸਟਰ ਕੀਤਾ ਤਾਂ ਕਿ ਕਿਤੇ ਵੀ ਸਧਾਰਨ ਨਾਕੇ ਵਗੈਰਾ 'ਤੇ ਇਉਂ ਨਾ ਲੱਗੇ ਮੁੰਡੇ ਕਿਸੇ ਬਾਹਰਲੀ ਸਟੇਟ ਤੋਂ ਆਏ ਹਨ।

---

ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਦਿਲਬਾਗ ਪੰਜਾਬ ਆ ਗਿਆ। ਉਹ ਕਈ ਦਿਨਾਂ ਤੋਂ ਬਘੇਲੇ ਬਾਰੇ ਫਿਕਰਮੰਦ ਸੀ। ਜਦੋਂ ਦਾ ਉਹ ਉਹਦੇ ਘਰ ਹੋ ਕੇ ਆਇਆ ਸੀ, ਉਸ ਨੇ ਬਘੇਲੇ ਦਾ ਪਤਾ ਨਹੀਂ ਸੀ ਕੀਤਾ। ਫਿਲੌਰ ਲਾਗੇ ਨਗਰ ਪਿੰਡ ਦੇ ਨੇੜੇ ਉਨ੍ਹਾਂ ਦਾ ਖੇਤਾਂ ਵਿੱਚ ਘਰ ਸੀ। ਦਿਲਬਾਗ ਜਦੋਂ ਬਘੇਲੇ ਦੇ ਘਰ ਪੁੱਜਾ ਤਾਂ ਉਸ ਦੀ ਭੈਣ ਅਤੇ ਮਾਂ ਦਿਲਬਾਗ ਨੂੰ ਬੜੇ ਨਿੱਘ ਨਾਲ ਮਿਲੀਆਂ। ਬਘੇਲੇ ਦਾ ਚਿਹਰਾ ਪਹਿਲਾਂ ਨਾਲੋਂ ਨਿਖਰ ਆਇਆ ਸੀ। ਪੇਟ ਵੀ ਘਟ ਗਿਆ ਸੀ। ਉਹਦਾ ਸਰੀਰ ਹੁਣ ਗੇੜ 'ਚ ਲੱਗਣ ਲੱਗਾ। ਹੱਥ-ਪੈਰ ਵੀ ਪਹਿਲਾਂ ਨਾਲੋਂ ਤੰਦਰੁਸਤ ਸਨ। ਦਿਲਬਾਗ ਨੂੰ ਵੇਖ ਕੇ ਉਹਨੂੰ ਖੁਸ਼ੀ ਹੋਈ। ਬਘੇਲੇ ਦੀ ਮਾਂ ਦੱਸਣ ਲੱਗੀ, ਅਸੀਂ ਤੇਰੇ ਜਾਣ ਪਿੱਛੋਂ ਪਹਿਲੀ ਗੱਲ ਇਹ ਕੀਤੀ ਕਿ ਇਹਨੂੰ ਦਇਆਨੰਦ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਕੁਝ ਡਾਕਟਰਾਂ ਨਾਲ ਇਹਦੀ ਮਿੱਤਰਤਾ ਬਣ ਗਈ। ਕਈਆਂ ਨੇ ਇਸ ਨੂੰ ਜੇ.ਸੀ.ਟੀ. ਵੱਲੋਂ ਖੇਡਦਾ ਵੀ ਵੇਖਿਆ ਸੀ। ਬੜੀ ਚੰਗੀ ਕੇਅਰ ਕੀਤੀ। ਉਹਦੀ ਭੈਣ ਹੁਣ ਐਮ.ਏ. ਸਾਈਕੋਲੋਜੀ ਕਰਦੀ ਸੀ। ਆਖਣ ਲੱਗੀ, 'ਵੀਰ ਇਹਦਾ ਜ਼ਿੰਦਗੀ 'ਚੋਂ ਵਿਸ਼ਵਾਸ਼ ਟੁੱਟ ਗਿਆ ਸੀ, ਜਿਸ ਦਿਨ ਤੁਸੀਂ ਆਏ, ਉਸ ਤੋਂ ਬਾਅਦ ਇਹਦਾ ਜ਼ਿੰਦਗੀ ਵਿੱਚ ਜਿਵੇਂ ਮੁੜ ਭਰੋਸਾ ਬਣਨ ਲੱਗਾ। ਫਿਰ ਦਇਆਨੰਦ ਵਾਲੇ ਡਾਕਟਰਾਂ ਦੀ ਟੀਮ ਨੇ ਇਸ ਨੂੰ ਬਹੁਤ ਉਤਸ਼ਾਹਿਤ ਕੀਤਾ। ਹੁਣ ਤਾਂ ਕਈ ਵਾਰ ਇਹ ਸਾਨੂੰ ਮੱਤਾਂ ਦੇਣ ਲੱਗ ਪੈਂਦਾ।' ਬਘੇਲਾ ਇਸ ਵਾਰ ਦਿਲਬਾਗ ਨੂੰ ਜੱਫੀ ਪਾ ਕੇ ਮਿਲਿਆ। ਉਹਨੇ ਦਿਲਬਾਗ ਨੂੰ ਕਿੰਨੀ ਦੇਰ ਜੱਫੀ ਵਿੱਚੋਂ ਨਾ ਛੱਡਿਆ। ਜਦੋਂ ਛੱਡਿਆ ਤਾਂ ਅੱਖਾਂ ਨੀਵੀਆਂ ਕਰ ਲਈਆਂ। ਦਿਲਬਾਗ ਨੇ ਜਦੋਂ ਉਹਦਾ ਮੂੰਹ ਉਤਾਂਹ ਚੁੱਕਿਆ ਤਾਂ ਉਹਦੀਆਂ ਅੱਖਾਂ ਸਿੱਲ੍ਹੀਆਂ ਸਨ। ਇਹ ਬਘੇਲੇ ਦਾ ਦਿਲਬਾਗ ਲਈ ਇੱਕ ਕਿਸਮ ਦਾ ਸ਼ੁਕਰਾਨਾ ਸੀ। ਦਿਲਬਾਗ ਨੇ ਉਸ ਨੂੰ ਇੱਕ ਵਾਰ ਫਿਰ ਜੱਫੀ ਵਿੱਚ ਘੁੱਟਿਆ ਤੇ ਆਖਿਆ, 'ਇਹ ਤੇ ਗੱਲ ਈ ਕੁਸ਼ ਨੀ ਯਾਰ, ਤੂੰ ਹੋਰ ਦੱਸ ਤੇਰੇ ਲਈ ਅਸੀਂ ਕੀ ਕਰ ਸਕਦੇ ਆਂ।'

'ਬਸ ਤੂੰ ਮਿਲਦਾ-ਗਿਲਦਾ ਰਿਹਾ ਕਰ ਭਾਅ' ਬਘੇਲੇ ਨੇ ਭਰੇ ਮਨ ਨਾਲ ਬਸ ਇੰਨੀ ਗੱਲ ਕਹੀ। ਉਹਦੀ ਮਾਂ ਨੇ ਦੱਸਿਆ ਕਿ ਹੁਣ ਇਹ ਨਸ਼ੇ ਤੋਂ ਤਾਂ ਮੁਕਤ ਹੋ ਚੁੱਕਾ, ਪਰ ਡਾਕਟਰਾਂ ਵਲੋਂ ਦਿੱਤੀਆਂ ਕੁਝ ਦਵਾਈਆਂ ਹਾਲੇ ਦਿਨੇ ਹਾਂ।



'ਕੋਈ ਚਿੰਤਾ ਨਾ ਕਰੋ ਮਾਤਾ, ਠੀਕ ਹੋ ਜਾਣਾ ਇਹਨੇ, ਨਾਲੇ ਹਾਲੇ ਤਾਂ ਆਪਾਂ ਫੁੱਟਬਾਲ ਅਕੈਡਮੀ ਬਣਾਉਣੀ, ਜੀਹਦਾ ਇਹਨੂੰ ਮੁੱਖ ਕੋਚ ਬਣਾਉਣਾ।' ਦਿਲਬਾਗ ਨੇ ਬਘੇਲੇ ਨੂੰ ਦਿਲਾਸਾ ਦਿੱਤਾ। ਉਹ ਉਸ ਨੂੰ ਜ਼ਿੰਦਗੀ ਦੇ ਗਹਿਗੱਚ ਮੇਲੇ ਵਿੱਚ ਖਿੱਚ ਲਿਆਉਣਾ ਚਾਹੁੰਦਾ ਸੀ। ਸਰਸਰੀ ਦਿਲਬਾਗ ਨੇ ਬਘੇਲੇ ਤੋਂ ਤਲਵਿੰਦਰ ਬਾਰੇ ਪੁੱਛਿਆ ਜਿਹੜਾ ਉਹਦੇ ਨਾਲ ਕੌਮੀ ਟੀਮ ਵਿੱਚ ਸਲੈਕਟ ਹੋਇਆ ਸੀ।

'ਉਹਦੀ ਏਅਰ ਫੋਰਸ ਵਿੱਚ ਸਲੈਕਸ਼ਨ ਹੋ ਗਈ ਸੀ' ਬਘੇਲੇ ਨੇ ਦੱਸਿਆ।

'ਉਹਦਾ ਫੋਨ ਆਇਆ ਸੀ ਇੱਕ ਦਿਨ, ਮੈਂ ਨੰਬਰ ਫੀਡ ਕੀਤਾ ਹੋਇਆ। ਕਹੇਂ ਤਾਂ ਤੇਰੀ ਗੱਲ ਕਰਾਵਾਂ?' ਬਘੇਲੇ ਨੇ ਪੁਛਿਆ।

'ਕਰਵਾ ਦੇ ਯਾਰ, ਬੰਦੇ ਮਿਲਦੇ-ਗਿਲਦੇ ਹੀ ਚੰਗੇ ਆ।' ਦਿਲਬਾਗ ਨੇ ਜਲਦੀ ਨਾਲ ਕਿਹਾ। ਬਘੇਲੇ ਨੇ ਫੋਨ ਕੀਤਾ, ਅੱਗੋਂ ਫੋਨ ਬੰਦ ਆ ਰਿਹਾ ਸੀ। ਬਘੇਲੇ ਨੇ ਦਿਲਬਾਗ ਨੂੰ ਉਹਦਾ ਫੋਨ ਨੰਬਰ ਨੋਟ ਕਰਵਾ ਦਿੱਤਾ। ਦਿਲਬਾਗ ਸ਼ਾਮ ਨੂੰ ਆਪਣੇ ਟਿਕਾਣੇ 'ਤੇ ਆ ਗਿਆ। ਅੰਬਾ ਉਸ ਤੋਂ ਪਹਿਲਾਂ ਘਰ ਪਹੁੰਚ ਗਿਆ ਸੀ। ਉਹ ਕਈ ਦੇਰ ਬਾਅਦ ਇਕੱਠੇ ਹੋਏ ਸਨ। ਸਕੂਲ ਲੱਗਣ ਲੱਗ ਪਏ ਸਨ। ਅੱਧੇ ਬੱਚੇ ਇੱਕ ਦਿਨ ਸੱਦੇ ਜਾਂਦੇ, ਅੱਧੇ ਅਗਲੇ ਦਿਨ। ਇੰਜ ਹੀ ਅੱਧੇ ਟੀਚਰ ਇੱਕ ਦਿਨ ਸੱਦੇ ਜਾਂਦੇ ਅਤੇ ਅੱਧੇ ਅਗਲੇ ਦਿਨ। ਸਿਮਰਨ ਹੁਣ ਇੱਕ ਦਿਨ ਛੱਡ ਕੇ ਆਉਣ ਲੱਗ ਪਈ ਸੀ। ਦਿਲਬਾਗ ਦੂਜੇ ਦਿਨ ਸਵੇਰੇ ਉਸ ਨੂੰ ਉਡੀਕਣ ਲੱਗਾ, ਪਰ ਸਿਮਰਨ ਦੀ ਛੁੱਟੀ ਸੀ। ਉਹਦੇ ਨਾ ਆਉਣ 'ਤੇ ਦਿਲਬਾਗ ਨੂੰ ਨਿਰਾਸ਼ਾ ਜਿਹੀ ਹੋਈ, ਪਰ ਉਹਨੇ ਜਲਦੀ ਇਸ ਨੂੰ ਛੱਡ ਦਿੱਤਾ। ਅਗਲੇ ਦਿਨ ਸਿਮਰਨ ਆਪਣੇ ਐਕਟਿਵਾ 'ਤੇ ਸਕੂਲ ਪੁੱਜੀ। ਇਸ ਵਾਰ ਵੀ ਉਨ੍ਹਾਂ ਦੀਆਂ ਨਜ਼ਰਾਂ ਮਿਲੀਆਂ ਤੇ ਫਿਰ ਮੂੰਹ ਪਾਸੇ ਹੋ ਗਏ। ਵੀਰਦੀਪ ਦਾ ਵਾਅਦਾ ਉਨ੍ਹਾਂ ਨੂੰ ਇਕਦਮ ਯਾਦ ਆ ਗਿਆ ਸੀ। ਹੁਣ ਦਿਲਬਾਗ ਸਰੂਰ ਵਿੱਚ ਸੀ। ਉਸ ਦਾ ਸਾਰਾ ਦਿਨ ਚੜ੍ਹਦੀ ਕਲਾ ਵਿੱਚ ਨਿਕਲਿਆ। ਇੰਨੇ ਨੂੰ ਅੰਬਾ ਕੱਖ ਕੰਡੇ ਤੋਂ ਵਿਹਲਾ ਹੋ ਚੁੱਕਾ ਸੀ। ਉਹ ਹੁਣ ਵੀਰਦੀਪ ਦੀ ਸਿਮਰਨ ਵਾਸਤੇ ਉਡੀਕ ਨੂੰ ਨੋਟ ਕਰਨ ਲੱਗਾ ਸੀ। ਇੱਕ ਦਿਨ ਉਹ ਦਿਲਬਾਗ ਨੂੰ ਟੋਹਣ ਲੱਗਾ, 'ਦਿਲਬਾਗ ਬਾਈ ਯਾਰ ਵਿਆਹ ਵਿਹੂ ਈ ਕਰਵਾ ਲੋ ਕੋਈ ਜਣਾ, ਰੋਟੀ ਟੁੱਕ ਦਾ ਕੰਮ ਤਾਂ ਸੌਖਾ ਹੋ ਜੇ। ਊਂ ਵੀ ਲੋਕ ਸਾਲੇ ਕੁਨੱਖੇ ਜੇ ਝਾਕਦੇ ਬਈ 'ਕੱਲੇ ਮੁੰਡੇ ਜਿਹੇ ਈ ਰਹੀ ਜਾਂਦੇ, ਪਤਾ ਨੀ ਕੀ ਕਰਦੇ।'

'ਆਪਾਂ ਵਿਆਹ ਵਾਲਾ ਕੋਈ ਕੰਮ ਕਰਦੇ? ਆਪਾਂ ਨੂੰ ਕਿਹੜਾ ਕੁੜੀ ਦੇ ਦੂ?' ਦਿਲਬਾਗ ਮੱਠਾ ਜਿਹਾ ਹੱਸਿਆ।

'ਕੱਢ ਕੁਢ ਈ ਲਿਆਈਏ ਕੋਈ ਮਿਰਜ਼ੇ ਵਾਂਗੂੰ, ਅਗਲਾ ਤਾਂ ਤੀਰਾਂ ਦੇ ਸਿਰ 'ਤੇ ਘੋੜੀ 'ਤੇ ਬਿਠਾ ਲਿਆਇਆ ਸੀ, ਆਪਣੇ ਕੋਲ ਘੋੜੀਆਂ ਵੀ ਖੜ੍ਹੀਆਂ ਤੇ ਸੁੱਖ ਨਾਲ ਹਿੱਕ ਫੂਕਣੀਆਂ ਵੀ ਪਈਆਂ' ਅੰਬੇ ਨੂੰ ਹੁਣ ਗੱਲਾਂ ਆਉਣ ਲੱਗੀਆਂ ਸਨ। ਉਹ ਦਿਲਬਾਗ ਦਾ ਦਿਲ ਵੀ ਵੇਖਣਾ ਚਾਹੁੰਦਾ ਸੀ।

'ਇਹੋ ਜੇ ਕੰਮਾਂ ਲਈ ਨੀ ਆਪਾਂ ਘਰ ਛੱਡੇ ਅੰਬੇ, ਆਪਾਂ ਕਿਸੇ ਹੋਰ ਨਿਸ਼ਾਨੇ 'ਤੇ ਪਹੁੰਚਣਾ' ਦਿਲਬਾਗ ਆਖਣ ਲੱਗਾ।

'ਇਹਾ ਜਿਆ ਨਿਸ਼ਾਨਾ ਕਿੱਥੇ ਆ, ਜਿੱਥੇ ਆਪਾਂ ਪਹੁੰਚਣਾ?' ਮੁੰਡੇ ਨੇ ਸਹਿ-ਸੁਭਾਅ ਪੁੱਛਿਆ।

'ਇਹਦੇ ਬਾਰੇ ਬਹੁਤਾ ਕੁਝ ਤਾਂ ਆਪਣਾ ਵਕੀਲ ਵੀਰਦੀਪ ਈ ਦੱਸ ਸਕਦਾ' ਦਿਲਬਾਗ ਨੇ ਗੱਲ ਟਾਲੀ।

'ਤੈਨੂੰ ਵੀ ਤਾਂ ਪਤਾ ਈ ਹੋਣਾ ਬਾਈ' ਅੰਬਾ ਹੁਣ ਭੋਲਾ ਪੰਛੀ ਲੱਗ ਰਿਹਾ ਸੀ। ਗੱਲ ਉਸ ਦੀ ਸਮਝ ਤੋਂ ਬਾਹਰ ਹੋ ਗਈ।

'ਇਹੋ ਜਿਹੀਆਂ ਗੱਲਾਂ ਸਮਝਣ ਲਈ ਵਕੀਲ ਚਾਹੀਦੇ ਆ ਅਮਰਜੀਤ ਸਿਆਂ। ਵੀਰਦੀਪ ਆਪਣਾ ਵਕੀਲ ਈ ਤਾਂ ਹੈ। ਇੰਨੀ ਗੱਲ ਆਖ ਕੇ ਦਿਲਬਾਗ ਮੁਸਕਰਾ ਪਿਆ। ਉਹ ਗੱਲ ਟਾਲਣ ਵਿੱਚ ਸਫਲ ਹੋ ਗਿਆ ਸੀ।

---

ਹੋਲੀ ਵਿੱਚ ਹਾਲੇ ਦੇਰ ਸੀ, ਦਿਲਬਾਗ ਸੋਚਣ ਲੱਗਾ ਕਿਉਂ ਨਾ ਗੋਲੂ ਨੂੰ ਵੀ ਇੱਥੇ ਹੀ ਬੁਲਾ ਲਈਏ। ਫਿਰ ਉਸ ਦੇ ਦਿਮਾਗ ਵਿੱਚ ਆਇਆ ਪਈ ਉਹਨੂੰ ਯੂ.ਪੀ. ਹੀ ਰਹਿਣ ਦੇਨੇ ਆਂ, ਕੋਈ ਨਾ ਕੋਈ ਹੋਰ ਸੂਹ ਕੱਢੇਗਾ, ਫਿਰ ਤੁਰ ਕੇ ਇਲਾਕਾ ਵੇਖਦਾ ਰਹੇਗਾ। ਇਲਾਕੇ ਦੀ ਚੰਗੀ ਤਰ੍ਹਾਂ ਵਾਕਫੀਅਤ ਵੀ ਹੋ ਜਾਵੇਗੀ। ਇਹ ਵੀ ਇਤਫਾਕ ਹੀ ਸੀ ਕਿ ਖੂਨੀ ਛੋਕਰੇ ਦੇ ਪਿੰਡ ਦਾ ਮੁੰਡਾ ਸਲੀਮ ਬਖਸ਼ ਹਰ ਆਏ ਦਿਨ ਗੋਲੂ ਦੇ ਨਜ਼ਦੀਕ ਆ ਰਿਹਾ ਸੀ। ਉਹ ਨੇਤਾ ਦੇ ਪਰਿਵਾਰ ਬਾਰੇ ਨਵੀਆਂ ਨਵੀਆਂ ਗੱਲਾਂ ਗੋਲੂ ਨੂੰ ਦੱਸਦਾ ਰਹਿੰਦਾ। ਗੋਲੂ ਕਈ ਵਾਰ ਸਲੀਮ ਨਾਲ ਉਹਦੇ ਪਿੰਡ ਵੀ ਚਲਾ ਜਾਂਦਾ। ਇੰਜ ਉਹ ਨੇਤਾ ਜੀ ਦੇ ਪਿੰਡ ਦੇ ਰਾਹਾਂ, ਖੂਹਾਂ, ਚੋਆਂ ਅਤੇ ਪਗਡੰਡੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਿਆ ਸੀ। ਜਦੋਂ ਵੀ ਦਿਲਬਾਗ ਮਿਲਦਾ ਤਾਂ ਉਹ ਉਹਦੇ ਨਾਲ ਇਸ ਸਭ ਕੁਝ ਬਾਰੇ ਬਾਰੀਕੀ ਵਿੱਚ ਗੱਲਾਂ ਕਰਦਾ। ਦਿਲਬਾਗ ਗੋਲੂ ਦੀ ਵਿਕਸਤ ਹੋ ਰਹੀ ਸੂਝ-ਬੂਝ ਤੋਂ ਹੈਰਾਨ ਸੀ। ਉਸ ਨੂੰ ਉਸ ਇਲਾਕੇ ਦੀ ਜਿਉਗਰਾਫੀ, ਰਹਿਣ-ਸਹਿਣ, ਆਦਤਾਂ ਅਤੇ ਬੋਲਬਾਣੀ ਬਾਰੇ ਕਾਫੀ ਜਾਣਕਾਰੀ ਹਾਸਲ ਹੋ ਗਈ ਸੀ। ਉਸ ਨੇ ਆਪਣੇ ਆਪ ਨੂੰ ਇਸ ਰੰਗ ਵਿੱਚ ਰਚਾ ਵੀ ਲਿਆ ਸੀ। ਲਗਦਾ ਹੀ ਨਹੀਂ ਸੀ ਕਿ ਉਹ ਉੱਤਰ ਪ੍ਰਦੇਸ਼ ਦੇ ਇਸ ਇਲਾਕੇ ਦਾ ਰਹਿਣ ਵਾਲਾ ਨਹੀਂ ਹੈ। ਇਧਰ ਦਿਲਬਾਗ ਨੂੰ ਹੁਣ ਆਪਣੇ ਟਿਕਾਣੇ 'ਤੇ ਕਿਸੇ ਔਰਤ ਦੀ ਹੋਂਦ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ ਸੀ। ਪਹਿਲਾਂ ਉਹ ਸੋਚਣ ਲੱਗਾ ਕਿ ਚਲੋ ਬੀਬੀ ਨੂੰ ਚੁੱਕ ਕੇ ਇੱਥੇ ਲੈ ਆਉਂਦੇ ਹਾਂ; ਪਰ ਉਹਦੀ ਮਾਤਾ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ। ਫਿਰ ਸਿਮਰਨ ਬਾਰੇ ਖਿਆਲ ਉਹਦੇ ਮਨ 'ਚ ਆਇਆ, ਪਰ ਉਹ ਇੱਥੇ ਰਹਿ ਹੀ ਨਹੀਂ ਸੀ ਸਕਦੀ। ਇਹਦੇ ਨਾਲ ਉਨ੍ਹਾਂ ਦੀ ਆਪਣੀ ਸੁਰੱਖਿਆ ਖਤਰੇ ਵਿੱਚ ਪੈ ਜਾਣੀ ਸੀ। ਅਖੀਰ ਉਹ ਅੰਬੇ ਨਾਲ ਸੁਲਾਹ ਮਾਰਨ ਲੱਗਾ, 'ਅੰਬੇ ਯਾਰ ਜੇ ਤੇਰਾ ਵਿਆਹ ਕਰ ਲਈਏ ਭਲਾਂ ਕਿਵੇਂ ਲੱਗੂ!'

'ਬੜੇ ਭਾਈ ਦੇ ਹੁੰਦਿਆਂ ਛੋਟੇ ਭਲਾਂ ਕਿਵੇਂ ਵਿਆਹੇ ਜਾ ਸਕਦੇ' ਅੰਬੇ ਨੇ ਪਿਆਰ ਨਾਲ ਉੱਤਰ ਦਿੱਤਾ।

'ਬੜੇ ਭਾਈ ਨੇ ਤਾਂ ਵਿਆਹ ਕਰਵਾਉਣਾ ਨੀ' ਦਿਲਬਾਗ ਨੇ ਦੋ ਟੁੱਕ ਜਵਾਬ ਦਿੱਤਾ।

'ਇਹ ਤੇ ਬਾਈ ਕੋਈ ਗੱਲ ਨਾ ਹੋਈ' ਅੰਬਾ ਆਖਣ ਲੱਗਾ।

'ਇਹੀ ਗੱਲ ਪੱਕੀ ਆ ਅੰਬਾ ਸਿਆਂ' ਦਿਲਬਾਗ ਨੇ ਆਪਣੀ ਕਥਨੀ ਇੱਟ ਵਾਂਗ ਪੱਕੀ ਕੀਤੀ।

'ਉਦਾਂ ਬਾਈ ਇੱਕ ਅੱਧੀ ਔਰਤ ਤਾਂ ਚਾਹੀਦੀ ਘਰ 'ਚ ਤੁਰੀ ਫਿਰਦੀ।'

'ਚਲ ਵੇਖਦੇ ਆਂ' ਇੰਨਾ ਆਖ ਕੇ ਦਿਲਬਾਗ ਚੁੱਪ ਕਰ ਗਿਆ।

ਥੋੜ੍ਹੀ ਦੇਰ ਬਾਅਦ ਦਿਲਬਾਗ ਨੇ ਉਸ ਪੂਰਬੀਏ ਨੂੰ ਬੁਲਾਇਆ, ਜਿਹੜਾ ਉਨ੍ਹਾਂ ਦੀਆਂ ਮੱਝਾਂ ਤੇ ਘੋੜਿਆਂ ਦਾ ਪੱਠਾ ਦੱਥਾ ਸਾਂਭਦਾ ਸੀ।

'ਆਪ ਯਹਾਂ ਹਮਾਰੇ ਸਾਥ ਰਹਿ ਸਕਤੇ ਹੋ ਪਰਿਵਾਰ ਕੇ ਸਾਥ' ਦਿਲਬਾਗ ਨੇ ਭੱਈਏ ਨਾਲ ਗੱਲ ਕੀਤੀ। ਭੱਈਆ ਸਾਫ ਮੁੱਕਰ ਗਿਆ। 'ਮੈਂ ਤੋ ਸਰਦਾਰ ਜੀ ਦਿਨ ਭਰ ਬਸ ਦਿਹਾੜੀ ਕਰ ਸਕਤਾ ਹੂੰ।' ਪੂਰਬੀਏ ਨੂੰ ਲੱਗਾ ਬਈ ਇਉਂ ਤਾਂ ਇਹ ਮੈਨੂੰ ਚੌਵੀ ਘੰਟੇ ਦਾ ਨੌਕਰ ਬਣਾ ਲੈਣਗੇ। ਦਿਲਬਾਗ ਨੂੰ ਸੀ ਕਿ ਹੋਲੀ ਵਾਲੇ ਐਕਸ਼ਨ ਵਿੱਚ ਕੁਝ ਦਿਨ ਲੱਗ ਸਕਦੇ ਹਨ। ਉਦੋਂ ਤਿੰਨਾਂ ਜਣਿਆਂ ਦੀ ਉਥੇ ਲੋੜ ਵੀ ਹੋਵੇਗੀ। ਇੱਥੇ ਰਹਿਣ ਲਈ ਵੀ ਕੋਈ ਚਾਹੀਦਾ ਹੈ। ਕਿਸੇ ਸੁਲਝੇ ਹੋਏ ਜਰਨੈਲ ਵਾਂਗ ਦਿਲਬਾਗ ਸਾਰੇ ਕੁਝ ਦਾ ਪਹਿਲਾਂ ਪ੍ਰਬੰਧ ਕਰ ਲੈਣਾ ਚਾਹੁੰਦਾ ਸੀ। ਕਿਸੇ ਸਥਿਤੀ ਵਿੱਚ ਘਿਰ ਜਾਣ 'ਤੇ ਨਿਕਲਣ ਲਈ ਉਸ ਨੇ ਸਾਈਨਾਈਡ ਵਾਲੇ ਤਵੀਤਾਂ ਦਾ ਵੀ ਪ੍ਰਬੰਧ ਕਰ ਲਿਆ ਸੀ। ਜਿਸ ਕਿਸਮ ਦਾ ਐਕਸ਼ਨ ਉਹ ਉਲੀਕ ਰਹੇ ਸਨ, ਉਸ ਵਿੱਚ ਖਰਚ ਕੋਈ ਅਹਿਮੀਅਤ ਨਹੀਂ ਸੀ ਰੱਖਦਾ। ਉਨ੍ਹਾਂ ਇਸ ਐਕਸ਼ਨ ਲਈ ਫੋਰ ਬਾਈ ਫੋਰ ਦੀਆਂ ਦੋ ਸੈਕੰਡ ਹੈਂਡ ਹੈਵੀ ਗੱਡੀਆਂ ਖਰੀਦੀਆਂ। ਆਪ ਉਨ੍ਹਾਂ ਨੂੰ ਚਲਾਉਣ ਵਿੱਚ ਚੰਗੀ ਤਰ੍ਹਾਂ ਟਰੇਂਡ ਹੋਇਆ। ਗੋਲੂ ਨੂੰ ਕੁਝ ਦਿਨਾਂ ਲਈ ਉਸ ਨੇ ਵਾਪਸ ਸੱਦ ਲਿਆ। ਉਸ ਨੂੰ ਵੀ ਨਵੀਆਂ ਗੱਡੀਆਂ ਚਲਾਉਣ ਵਿੱਚ ਟਰੇਂਡ ਕੀਤਾ। ਕਿਤੇ ਖਾਲੀ ਵਾਹਣ ਵੇਖ ਕੇ ਉਹ ਗੱਡੀਆਂ ਨੂੰ ਵਾਹਣ 'ਚ ਸੁੱਟ ਲੈਂਦੇ। ਉੱਚੇ-ਨੀਵੇਂ, ਗਿੱਲੇ-ਸੁੱਕੇ ਥਾਵਾਂ ਵਿੱਚ ਦੀ ਕੱਢਦੇ। ਥੋੜ੍ਹੇ ਮੋਟੇ ਪਾਣੀ ਵਾਲੇ ਛੱਪੜ ਵਿੱਚ ਦੀ ਕੱਢਦੇ। ਯੂ.ਪੀ. ਦੇ ਨੰਬਰਾਂ ਵਾਲੀਆਂ ਨਕਲੀ ਨੰਬਰ ਪਲੇਟਾਂ ਤਿਆਰ ਕੀਤੀਆਂ। ਗੱਡੀਆਂ ਦੇ ਯੂ.ਪੀ. ਰਾਜ ਦੇ ਨਕਲੀ ਕਾਗਜ਼ ਪੱਤਰ ਤਿਆਰ ਕੀਤੇ। ਗੋਲੂ ਦਾ ਆਧਾਰ ਕਾਰਡ ਯੂ.ਪੀ. ਦਾ ਬਣਾਇਆ, ਜਿੱਥੇ ਉਹ ਰਹਿੰਦਾ ਸੀ। ਫਿਰ ਆਪਣੇ ਨਕਲੀ ਆਧਾਰ ਕਾਰਡ ਯੂ.ਪੀ. ਦੇ ਬਣਵਾਏ।

ਇੱਕ ਦਿਨ ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਮਹਿਲਪੁਰ ਵਿੱਚੋਂ ਲੰਘ ਰਹੇ ਸਨ। ਭੀੜ ਨਾਲ ਗੱਡੀ ਸਲੋਅ ਹੋ ਗਈ। ਜਿਸ ਸਾਈਡ 'ਤੇ ਦਿਲਬਾਗ ਬੈਠਾ ਸੀ, ਉਸੇ ਪਾਸੇ ਕਸਬੇ ਦੀ ਮਸ਼ਹੂਰ ਮਠਿਆਈਆਂ ਦੀ ਦੁਕਾਨ 'ਤੇ ਇੱਕ ਬਰੀਜਾ ਗੱਡੀ ਵਿੱਚੋਂ ਫਿਰੋਜ਼ੀ ਜਿਹੀ ਪੱਗ ਬੰਨ੍ਹੀ ਇੱਕ ਜਵਾਨ ਮੁੰਡਾ ਉਤਰਿਆ। ਦਿਲਬਾਗ ਨੇ ਧਿਆਨ ਨਾਲ ਵੇਖਿਆ, ਇਹ ਤਲਵਿੰਦਰ ਸੀ। ਦਿਲਬਾਗ ਨੇ ਗੱਡੀ ਰੁਕਵਾਈ। ਉਹਨੇ ਹੌਲੀ ਜਿਹੇ ਪਿਛੋਂ ਜਾ ਕੇ ਤਲਵਿੰਦਰ ਨੂੰ ਜੱਫੀ ਪਾ ਲਈ। ਮੁੰਡੇ ਨੇ ਮੁੜ ਕੇ ਵੇਖਿਆ। ਦਿਲਬਾਗ ਦਾ ਹੱਸਦਾ ਚਿਹਰਾ ਵੇਖ ਕੇ ਉਹ ਹੈਰਾਨ ਰਹਿ ਗਿਆ। ਉਹ ਬੜੇ ਨਿੱਘ ਨਾਲ ਮਿਲੇ। ਉਹਦੀ ਘਰਵਾਲੀ ਤੇ ਬੱਚਾ ਵੀ ਨਾਲ ਸਨ। ਤਲਵਿੰਦਰ ਹਾਲੇ ਪਹਿਲਾਂ ਵਰਗਾ ਹੀ ਲਗਦਾ ਸੀ; 'ਬੱਲੇ ਅੱਜ ਤਾਂ ਬਈ ਰੱਬ ਨੇੜੇ ਹੋ ਕੇ ਬਹੁੜਿਆ' ਤਲਵਿੰਦਰ ਅਸਚਰਜ ਭਰੀ ਖੁਸ਼ੀ ਨਾਲ ਬੋਲਿਆ। 'ਕੀ ਕਾਰੋਬਾਰ ਰੱਖਿਆ ਫਿਰ ਅੱਜ ਕੱਲ੍ਹ?' ਤਲਵਿੰਦਰ ਨੇ ਪੈਂਦੀ ਸੱਟੇ ਪੁੱਛਿਆ। 'ਮੱਝਾਂ ਦਾ ਵਪਾਰ ਕਰਦਾਂ, ਹੋਰ ਆਪਾਂ ਕੀ ਕਰਨਾ, ਘਾਈਆਂ ਦੇ ਪੁੱਤਾਂ ਨੇ ਘਾਹ ਹੀ ਖੋਤਣਾਂ', ਦਿਲਬਾਗ ਨੇ ਬਣੀ ਬਣਾਈ ਗੱਲ ਅੱਗੇ ਵਧਾਈ। ਇੱਥੋਂ ਨਜ਼ਦੀਕ ਹੀ ਤਲਵਿੰਦਰ ਦਾ ਜੱਦੀ ਪਿੰਡ ਸੀ। ਉਹ ਦਿਲਬਾਗ 'ਤੇ ਪਿੰਡ ਜਾਣ ਲਈ ਜ਼ੋਰ ਪਾਉਣ ਲੱਗਾ, ਪਰ ਉਹ ਮੰਨਿਆ ਨਾ। ਕਦੀ ਆਉਣੇ ਹੋਏ ਤਾਂ ਆਵੀਂ ਯੂ.ਪੀ., ਤਲਵਿੰਦਰ ਨੇ ਹੋਰ ਸੁਲ੍ਹਾ ਮਾਰੀ।

'ਹਾਲੇ ਪੱਕਾ ਨੀ, ਪਰ ਸ਼ਾਇਦ ਹੋਲੀ ਦੇ ਨੇੜੇ ਗੇੜਾ ਮਾਰੀਏ, ਉਥੇ ਇੱਕ ਮੇਰਾ ਹੋਰ ਯਾਰ ਰਹਿੰਦਾ ਆਗਰੇ, ਉਹਨੇ ਬੁਲਾਇਆ ਹੋਇਆ ਹੋਲੀ ਦੇ ਤਿਉਹਾਰ 'ਤੇ, ਆਏ ਤਾਂ ਤੇਰੇ ਵੱਲ ਵੀ ਗੇੜਾ ਮਾਰਾਂਗੇ।' ਦਿਲਬਾਗ ਨੇ ਕੈਜ਼ੂਅਲ ਜਿਹੀ ਗੱਲ ਕੀਤੀ।

'ਊਂ ਹਾਲੇ ਕੱਚਾ ਪੱਕਾ ਜਿਹਾ ਈ ਆ, ਪਰ ਜੇ ਆਏ ਤਾਂ ਜ਼ਰੂਰ ਮਿਲਾਂਗੇ' ਦਿਲਬਾਗ ਨੇ ਜਾਣ ਲਈ ਹੱਥ ਮਿਲਾਉਂਦਿਆਂ ਕਿਹਾ।

'ਆ ਜਾ ਬਹਿ ਜਾ ਯਾਰ ਦਿਲਬਾਗ ਕਿੰਨੀ ਦੇਰ ਬਾਅਦ ਮਿਲਿਆਂ, ਨੈਸ਼ਨਲ ਟੀਮ ਵਿੱਚ ਸਲੈਕਸ਼ਨ ਵੇਲੇ ਹੀ ਮਿਲੇ ਸਾਂ ਆਪਾਂ। ਮੈਨੂੰ ਦਿਲਬਾਗ ਤੇਰੇ ਰਹਿ ਜਾਣ 'ਤੇ ਸਾਲੀ ਬੜੀ ਤਕਲੀਫ ਹੋਈ।' ਤਲਵਿੰਦਰ ਦਾ ਇਹ ਅਫਸੋਸ ਰਸਮੀ ਨਹੀਂ ਸੀ, ਉਹ ਦਿਲੋਂ ਆਖ ਰਿਹਾ ਸੀ।

'ਚਲ ਛੱਡ ਹੁਣ ਪਰੇ ਯਾਰ ਇਹ ਗੱਲਾਂ, ਵਕਤ ਬੜਾ ਦੂਰ ਲੈ ਗਿਆ ਹੁਣ ਆਪਾਂ ਨੂੰ।' ਦਿਲਬਾਗ ਨੇ ਹੱਸਦਿਆਂ ਕਿਹਾ।

'ਜੇ ਆਪਾਂ ਮਿਲਣਾ ਚਾਹੀਏ ਤਾਂ ਵਕਤ ਕਿਤੇ ਨੀ ਲਿਜਾ ਸਕਦਾ ਸਾਨੂੰ। ਤੂੰ ਆਈਂ ਯਾਰ ਹੋਲੀ ਵੇਲੇ ਉਥੇ, ਇੱਥੇ ਹੋਰ ਬੜੇ ਕੰਮ ਨੇ, ਉਥੇ ਕਰਾਂਗੇ ਆਪਾਂ ਰੱਜ ਕੇ ਗੱਲਾਂਬਾਤਾਂ।' ਤਲਵਿੰਦਰ ਨੇ ਇੰਨਾ ਇੱਕ ਵਾਰ ਫਿਰ ਕਿਹਾ ਤੇ ਦਿਲਬਾਗ ਨੇ ਉਸ ਤੋਂ ਵਿਦਾ ਲੈ ਲਈ।

ਤਲਵਿੰਦਰ ਨੂੰ ਮਿਲਣ ਤੋਂ ਬਾਅਦ ਦਿਲਬਾਗ ਨੂੰ ਲੱਗਾ ਕਿ ਉਸ ਦੀ ਯੋਜਨਾ ਹੁਣ ਮੁਕੰਮਲ ਹੋ ਗਈ ਹੈ। ਉਸ ਨੂੰ ਇਹ ਫਿਕਰ ਸੀ ਕਿ ਘਟਨਾ ਤੋਂ ਬਾਅਦ ਗਾਇਬ ਹੋਣ ਲਈ ਉਨ੍ਹਾਂ ਨੂੰ ਸਥਾਨਕ ਲਿੰਕ ਚਾਹੀਦੇ ਹਨ। ਪ੍ਰਭਾਵਤ ਕਿਸਾਨਾਂ ਦੇ ਉਹ ਜਾ ਨਹੀਂ ਸਨ ਸਕਦੇ, ਇਸ ਨਾਲ ਉਨ੍ਹਾਂ ਨਿਗਾਹ ਵਿੱਚ ਆ ਜਾਣਾ ਸੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਬੱਬਰਾਂ ਦਾ ਬੂੰਗਾ ਧਾਮੀਆਂ ਕਲਾਂ

## ਪਿੰਡ ਵਸਿਆ (9)



**ਵਿਜੈ ਬੰਬੇਲੀ**
**ਫੋਨ: +91-9463439075**

*ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਧਾਮੀਆਂ ਕਲਾਂ ਬਾਰੇ ਸੰਖੇਪ ਵੇਰਵਾ...*

ਵਾਜਬ-ਉਲ-ਅਰਜ਼/ਵਜਾਹ ਤਕਸੀਮ ਦੇਹ ਹਜ਼ਾ ਅਨੁਸਾਰ ਧਾਮੀਆਂ ਕਲਾਂ (ਸ਼ਾਮ ਚੌਰਾਸੀ) ਪਿੰਡ ਦਾ ਬਾਨੀ ਸੁਬਾਨੀ ਇੱਕ ਧਾਮੀ ਜੱਟ ਸੀ, ਜਿਹੜਾ ਆਪਣੇ ਸਕੇ-ਸੋਧਰਿਆਂ ਨਾਲ ਪਿੰਡ ਪਿੱਪਲਾਂਵਾਲਾ (ਹੁਸ਼ਿਆਰਪੁਰ) ਤੋਂ ਉੱਠ ਕੇ ਇੱਥੇ, ਬਹੀਦੀ ਨਾਂ ਦੇ ਇੱਕ ਬੇਚਰਾਗ ਪਿੰਡ ਆ ਬਿਰਾਜਮਾਨ ਹੋਇਆ। ਪੁਰਾਤਨ ਦਸਤਾਵੇਜ਼ਾਂ ਅਨੁਸਾਰ ਇੱਥੋਂ ਦੇ ਲੋਕ ਬੜੇ ਮਾਰਖੋਰੇ, ਪਰ ਮੋਹਵੰਤੇ ਸਨ। ਇੱਕ ਗਾਥਾ ਅਨੁਸਾਰ ਰਾਣਾ ਸੰਗਰਾਮ ਦੇ ਜਿਹੜੇ ਸਿਪਾਹੀ ਬਾਬਰ ਨਾਲ ਅਹਿਦਨਾਮੇ ਸਮੇਂ ਅਫਗਾਨਿਸਤਾਨ ਤੋਂ ਪਾਰਲੇ ਖਿੱਤਿਆ ਵੱਲ ਬਾਰੂਦ ਅਤੇ ਆਤਸ਼ੀ ਹਥਿਆਰਾਂ ਦੀ ਸਿਖਲਾਈ ਹਿੱਤ ਗਏ, ਉਨ੍ਹਾਂ ਵਿੱਚੋਂ ਬਹੁਤੇ ਦੋਹਾਂ ਧਿਰਾਂ ਦੀ ਅਣ-ਬਣ ਦਰਮਿਆਨ ਆਪਣਾ ਧੰਦਾ ਛੱਡ ਕਾਸ਼ਤਕਾਰੀ ਵੱਲ ਅਹੁਲ ਪਏ।

ਖੇਤੀ ਵੱਲ ਆਉਣ ਦਾ ਕਾਰਨ ਇਹ ਵੀ ਸੀ ਕਿ ਵਾਪਸੀ ਸਮੇਂ ਇੱਧਰਲੀਆਂ ਤੀਵੀਆਂ ਨਾਲ ਵਿਆਹ ਕਰਵਾਉਣ ਕਰਕੇ ਉਹ ਰਾਜਪੂਤਾਂ ਵਿੱਚੋਂ ਛੇਕੇ ਗਏ, ਪਰ ਉਨ੍ਹਾਂ ਉਚੇਰੇ ਪਹਾੜਾਂ ਨੂੰ ਚੜ੍ਹੇ ਅਤੇ ਸ਼ਿਮਲੇ ਕੰਨੀ ਆਪਣੀ ਧਾਮੀ ਰਿਆਸਤ ਦਾ ਪਿੜ ਬੰਨਣ ਵਾਲੇ ਯੋਧਿਆਂ ਦੀ ਧਾਮੀ ਅੱਲ ਨਹੀਂ ਤਿਆਗੀ। 1857 ਦੇ ਗ਼ਦਰ ਉਪਰੰਤ ਇਨ੍ਹਾਂ ਵਿੱਚੋਂ ਕੁਝ ਨੇ ਪੰਜਾਬ ਦੀ ਲੋਅਰ ਸ਼ਿਵਾਲਕ ਤਲਹਟੀ ਦੇ ਪੈਰਾਂ 'ਚ ਪੈਂਦੇ ਬਜਵਾੜਾ-ਮਲੋਤ-ਸ਼ਾਮਚੌਰਾਸੀ ਦੇ ਖਿੱਤੇ ਵਿੱਚ ਆਪਣੇ ਧਾਮੀ ਪਿੰਡ ਵਸਾਏ, ਜਿਸ ਵਿੱਚ ਆਪਣੀ ਪ੍ਰਾਚੀਨਤਾ ਕਾਰਨ ਪਿੱਪਲਾਂਵਾਲਾ ਅਤੇ ਬਦੌਲਤ ਬੱਬਰ ਅਕਾਲੀ ਲਹਿਰ ਧਾਮੀਆਂ ਕਲਾਂ ਬੜਾ ਮਸ਼ਹੂਰ ਹੋਇਆ।

ਉਂਜ ਹੁਸ਼ਿਆਰਪੁਰ ਜ਼ਿਲ੍ਹੇ 'ਚ ਤਿੰਨ ਧਾਮੀਆਂ ਹਨ: ਧਾਮੀਆਂ ਬਹੀਦੀ ਉਰਫ ਧਾਮੀਆਂ ਕਲਾਂ ਅੱਲ ਧਾਮੀਆਂ ਬੱਬਰਾਂ, ਧਾਮੀਆਂ ਖੁਰਦ (ਨੰਦਾਚੌਰ) ਅਤੇ ਧਾਮੀਆਂ ਭੱਦਾਂ (ਮੁਕੇਰੀਆਂ)। ਧਾਮੀਆਂ ਬਹੀਦੀ/ਕਲਾਂ ਕਿਉਂਕਿ ਇਹ ਪਿੰਡ ਪ੍ਰਾਚੀਨ ਬਹੀਦੀ ਨਗਰ, ਜਿਸ ਦੇ ਥੇਹ ਅਜੇ ਵੀ ਧਾਮੀਆਂ ਲਾਗੇ ਮੌਜੂਦ ਹਨ, ਦੇ ਉਜੜੇਵੇਂ ਉਪਰੰਤ ਮੁੜ ਵਸਿਆ। ਇਸ ਕਾਰਨ ਇਹ ਮਾਲ-ਰਿਕਾਰਡ ਦੇ ਦਸਤਾਵੇਜ਼ਾਂ ਵਿੱਚ ਅਜੇ ਵੀ ਬਹੀਦੀ ਧਾਮੀਆਂ ਵਜੋਂ ਦਰਜ ਹੈ, ਭਾਵੇਂ ਕਿ ਲੋਕ 'ਵਾਜ਼ 'ਚ ਇਹ ਧਾਮੀਆਂ ਕਲਾਂ ਨਹੀਂ, ਧਾਮੀਆਂ ਬੱਬਰਾਂ ਵਜੋਂ ਮਕਬੂਲ ਹੈ।




■ ਧਾਮੀਆਂ ਕਲਾਂ ਵਿਖੇ ਸ਼ਹੀਦ ਬੱਬਰਾਂ ਦੀ ਯਾਦ ਵਿੱਚ ਬਣਾਇਆ ਗਿਆ ਗੇਟ

1884 ਦੇ ਬੰਦੋਬਸਤ ਵੇਲੇ ਇਸ ਪਿੰਡ ਦੇ ਤਿੰਨ ਮੋਹਤਬਰਾਂ ਤਹਿਤ ਤਿੰਨ ਪੱਤੀਆਂ ਤਸਲੀਮ ਹੋਈਆਂ: 'ਪੱਤੀ ਸੰਗਤ' (ਆਗੂ ਬਜ਼ੁਰਗ ਸੰਗਤ, ਤਰਫ ਚੜਦਾ, ਆਬਾਦੀ ਸ਼ਾਹੂਕਾਰ, ਪ੍ਰੋਹਿਤ ਅਤੇ ਸ਼ਿਲਪੀ, ਭੋਇੰ ਅੱਵਲ, ਮਾਲਕੀ ਸੋਲਾਂ ਆਨੇ 'ਚੋਂ ਸਾਢੇ ਤਿੰਨ ਆਨੇ), 'ਪੱਤੀ ਜੀਵਨ' (ਮੋਹਤਬਰਾਨ ਜੀਵਨ, ਗੱਭਲੀ ਪੱਤੀ, ਵਸੋਂ ਧਾਮੀ ਜੱਟ, ਜ਼ਮੀਨ ਹਰ ਕਿਸਮ, ਮਾਲਕੀ 9 ਆਨੇ) ਅਤੇ 'ਪੱਤੀ ਸਰਮੁੱਖ' (ਬਜ਼ੁਰਗਵਾਰ ਸਰਮੁੱਖ, ਤਰਫ ਲਹਿੰਦਾ, ਵਸੋਂ ਕੰਮੀ-ਕਮੀਣ, ਮਾਲਕੀ ਸਾਢੇ ਤਿੰਨ ਆਨੇ)। ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਦੰਦ ਕਥਾ ਅਨੁਸਾਰ ਤਿੰਨੋਂ ਆਗੂ ਬੜੇ ਨਜੂਮ ਅਤੇ ਧੜੱਲੇਦਾਰ ਸਨ, ਪਰ ਜੀਵਨ ਕੁਝ ਜ਼ਿਆਦਾ ਉੱਭਰਵਾਂ ਅਤੇ ਦਾਨਾ ਸੀ। ਉਸ ਦੀ ਵੱਧ ਮਾਲਕੀ ਦਾ ਕਾਰਨ ਉਸ ਵੱਲੋਂ ਅੜੀ ਕਰਕੇ ਲਿਆ ਵੱਧ ਰਕਬੇ ਦਾ ਅਸਲ ਮਾਜਰਾ ਇਹ ਸੀ ਕਿ ਉਹ ਤਾਅ-ਜਾਤਾਂ ਧਰਮਾਂ ਦੀ ਆਪਸੀ ਸਾਂਝ ਕਾਰਨ ਉਨ੍ਹਾਂ ਸਭ ਨੂੰ ਮਾਲਕੀ ਹੱਕ ਦੇਣਾ ਚਾਹੁੰਦਾ ਸੀ, ਜਿਹੜੇ ਉਸਨੇ ਆਪਣੇ ਹਿੱਸੇ ਵਿੱਚੋਂ ਦਿੱਤੇ ਵੀ, ਜਿਸ ਕਾਰਨ ਦੂਸਰੇ ਦੋਹਾਂ ਨੇ ਆਪਣਾ ਹਿੱਸਾ 7 ਆਨੇ ਮਨਜ਼ੂਰ ਕਰ ਲਿਆ।

ਪਹਿਲ-ਪਲੱਕੜਿਆਂ ਵਿੱਚ ਇੱਥੋਂ ਦੇ ਕਿਰਤੀ-ਸ਼ਿਲਪੀ ਵੀ ਬੜੇ ਉੱਘੇ ਸਨ; ਲਲਾਰੀ ਅਤੇ ਮੁਸਲਿਮ ਜੁਲਾਹੇ, ਘੁਮਿਹਾਰ ਅਤੇ ਲੁਹਾਰ ਜਿਹੜੇ ਪ੍ਰਸਿੱਧ ਨਕਸ਼ਦਾਰ ਅਤੇ ਠੇਕੇਦਾਰਾਂ ਵਜੋਂ ਪ੍ਰਸਿੱਧ ਹੋਏ, ਉਨ੍ਹਾਂ ਨੇ ਕੋਟੇ-ਬਲੋਚ (ਹੁਣ ਪਾਕਿਸਤਾਨ) ਤਰਫ ਬੜਾ ਨਾਮ ਅਤੇ ਨਾਮਾਂ ਖੱਟਿਆ। ਪੱਛਮੀ ਪੰਜਾਬ ਦੀਆਂ ਤਿੰਨ ਤਰੱਕੀ ਬਖ਼ਸ਼ ਨਹਿਰਾਂ: 'ਅਪਰ ਜੇਹਲਮ', 'ਅਪਰ ਚਨਾਬ' ਅਤੇ 'ਲੋਇਰ ਬਾਰੀ ਦੁਆਬ' ਦੀ ਠੇਕੇਦਾਰੀ ਸਮੇਂ ਇਨ੍ਹਾਂ ਬੜੀ ਸ਼ੋਹਰਤ ਕਮਾਈ। ਇਸੇ ਪੈਸੇ ਅਤੇ ਹੁਨਰ ਬਦੌਲਤ 'ਬੱਲੋਕੀ ਹੈੱਡ' (ਪਾਕਿਸਤਾਨ) ਉੱਤੇ ਬਣੀਆਂ ਆਹਲਾ ਕੋਠੀਆਂ ਦੇ ਨਮੂਨੇ 'ਤੇ ਇਨ੍ਹਾਂ ਆਪਣੇ ਪਿਤਾ-ਪੁਰਖੀ ਪਿੰਡ ਵਿੱਚ ਵੀ ਇੱਕ ਲਾਜਵਾਬ ਕੋਠੀ ਉਸਾਰੀ, ਜਿਸਨੇ ਸ਼ਾਮ ਚੌਰਾਸੀ ਦੇ ਘਰਾਣੀ-ਗਵੱਈਆਂ, ਮੁਸਲਿਮ ਜਗੀਰਦਾਰਾਂ ਅਤੇ ਹਿੰਦੂ ਸ਼ਾਹੂਕਾਰਾਂ ਦੀਆਂ ਧੜਵੈਲ ਇਮਾਰਤਾਂ ਨੂੰ ਝੁੰਬਿਆ ਦਿੱਤਾ। ਬੇਹਤਰੀਨ ਸਹੂਲਤਾਂ ਨਾਲ ਲਬਰੇਜ਼ ਇਸ ਸੁਲੱਖਣੀ ਕੋਠੀ ਉੱਤੇ ਬੱਬਰਾਂ ਦੀ ਭਾਲ 'ਚ ਹਰਲ-ਹਰਲ ਫਿਰਦੇ ਗੋਰੇ ਅਹਿਲਕਾਰਾਂ ਦੀ ਅਜਿਹੀ ਅੱਖ ਟਿਕੀ ਕਿ 1925 ਦੀ ਪ੍ਰਥਮ ਬੱਬਰ ਅਕਾਲੀ ਲਹਿਰ ਤੋਂ ਲੈ ਕੇ ਤੋੜ 1941, ਯੁੱਗ ਪਲਟਾਓ ਦਲ ਦੀ ਢਲਦੀ ਸ਼ਾਮ ਤੀਕ, ਹਥਿਆਰਬੰਦ ਪਲਟਣਾਂ ਨੇ ਇਸਦਾ ਕਬਜ਼ਾ ਨਾ ਛੱਡਿਆ। ਬੱਬਰ ਅਕਾਲੀ ਲਹਿਰ ਦੀ ਸੂਹੀ ਗਵਾਹੀ ਭਰਦੀ ਇਹ ਕੋਠੀ ਅਜੇ ਵੀ ਹਿੱਕ ਤਾਣੀ ਖੜ੍ਹੀ ਹੈ।

ਇਸ ਖ਼ਿੱਤੇ, ਜਿਸਨੇ ਸੁਤੰਤਰਤਾ ਸੰਗਰਾਮ 'ਚ ਘੋਰ ਸੰਤਾਪ ਝੱਲਿਆ ਪਰ ਡਗਮਗਾਇਆ ਨਹੀਂ, ਦੇ ਇਹ ਸਪੂਤ ਬੜੇ ਸਿਰਲੱਥ ਸਿੱਧ ਹੋਏ: ਜਿੱਥੇ ਬੱਬਰ ਪਿਆਰਾ ਸਿੰਘ-ਭੋਲਾ ਸਿੰਘ-ਧਰਮ ਸਿੰਘ ਨੇ ਘਰ-ਘਾਟ ਜ਼ਬਤ/ਬਾ-ਮੁਸ਼ੱਕਤ ਕੈਦਾਂ ਭੁਗਤੀਆਂ, ਉਥੇ ਬੱਬਰ ਜੀਵੇ ਘੁਮਿਹਾਰ ਦੀ ਕੁਰਬਾਨੀ ਬੜੀ ਹੈਰਤਅੰਗੇਜ਼ ਹੈ। ਕੀ ਤੁਹਾਨੂੰ ਪਤੈ ਕਿ ਬੱਬਰ ਦਲੀਪ ਸਿੰਘ ਉਰਫ ਦਲੀਪਾ ਭੁਝੰਗੀ ਮਹਿਜ਼ 18 ਸਾਲਾਂ ਦੀ ਗਭਰੇਟ ਉਮਰੇ ਫਾਂਸੀ ਚੜ੍ਹਿਆ ਸੀ ਅਤੇ ਬੰਤਾ ਸਿੰਘ ਨੇ 25ਵੇਂ ਵਰ੍ਹੇ ਸ਼ਹੀਦੀ ਜਾਮ ਪੀਤਾ ਸੀ। ਇਹੀ ਨਹੀਂ; ਜਿੱਥੇ ਬਾਬੂ ਦਲੀਪ ਸਿੰਘ ਕੈਦ-ਤਨਹਾਈ ਦੌਰਾਨ ਫੌਤ ਹੋਇਆ ਸੀ, ਉੱਥੇ ਇਸੇ ਪਿੰਡ ਦਾ ਯੁੱਗ ਪਲਟਾਊਆ ਮਾਸਟਰ ਉਜਾਗਰ ਸਿੰਘ ਇੱਕ ਸ਼ੱਕੀ ਮੁਕਾਬਲੇ ਵਿੱਚ ਆਹਲਾ ਵਤਨ ਲਈ ਕੁਰਬਾਨ ਹੋ ਗਿਆ ਸੀ। ਮੁੱਕਦੀ ਗੱਲ, ਕੀ ਸਾਨੂੰ ਖਾਸ ਕਰ ਹਾਕਮ ਜਮਾਤਾਂ ਨੂੰ, ਕਦੇ ਬੱਬਰ ਤਵਾਰੀਖ 'ਚ 'ਬੱਬਰਾਂ ਦਾ ਬੂੰਗਾ' ਵਜੋਂ ਚਰਚਤਿ, ਇਸ ਨਗਰ ਦੀ ਜੰਗ-ਏ-ਆਜ਼ਾਦੀ ਵਿੱਚ ਪਾਏ ਯੋਗਦਾਨ ਦੀ ਯਾਦ ਆਈ ਹੈ? ਨਿਰਸੰਦੇਹ! ਨਹੀਂ।

## ਵਿਸ਼ੇਸ਼



**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**

# ਬਾਬਾ ਸਾਹਿਬ ਸਿੰਘ ਕਲਾਧਾਰੀ

ਬਾਬਾ ਸਾਹਿਬ ਸਿੰਘ ਕਲਾਧਾਰੀ ਬੁੱਢਾ ਦਲ ਦੇ 11ਵੇਂ ਜਥੇਦਾਰ ਸਨ। ਉਨ੍ਹਾਂ ਦਾ ਜਨਮ ਮਾਤਾ ਅਤਰ ਕੌਰ ਦੀ ਕੁੱਖੋਂ ਪਿਤਾ ਸ. ਕਿਸ਼ਨ ਸਿੰਘ ਕੰਗ ਦੇ ਗ੍ਰਹਿ ਪਿੰਡ ਭੜੀ ਵਿੱਚ 1876 ਈ: ਨੂੰ ਹੋਇਆ। ਮੁੱਢਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਬੀ.ਏ. ਲਾਹੌਰ 'ਚ ਪਾਸ ਕੀਤੀ। ਉਨ੍ਹਾਂ ਨੇ ਨਰਵਾਣਾ ਰਿਆਸਤ ਜੀਂਦ, ਸੰਗਰੂਰ ਵਿੱਚ ਕੁਝ ਸਮਾਂ ਬਤੌਰ ਤਹਿਸੀਲਦਾਰ ਨੌਕਰੀ ਕੀਤੀ। ਕੁਝ ਸਮੇਂ ਬਾਅਦ ਤਹਿਸੀਲਦਾਰੀ ਛੱਡ ਕੇ ਪਟਿਆਲੇ (ਨਿਹੰਗ ਸਿੰਘਾਂ ਦੀ ਛਾਉਣੀ) ਬਗੀਚੀ ਬਾਬਾ ਬੰਬਾ ਸਿੰਘ ਵਿਖੇ ਨਿਹੰਗ ਸਿੰਘਾਂ ਨਾਲ ਮੇਲ-ਮਿਲਾਪ ਹੋਣ ਕਾਰਨ, ਨੌਕਰੀ ਦੀ ਭਾਵਨਾ ਤਿਆਗ ਕੇ ਨਿਹੰਗ ਸਿੰਘ ਸਜ ਗਏ। ਉਨ੍ਹਾਂ ਨੇ ਬੁੱਢੇ ਦਲ ਵਿੱਚ 12 ਸਾਲ ਬੜੀ ਕਠਿਨ ਘਾਲ ਘਾਲੀ। ਇਸ ਘਾਲ ਕਮਾਈ ਦਾ ਸਦਕਾ ਅਕਾਲ ਪੁਰਖ ਨੇ ਅਨੇਕਾਂ ਕਲਾ ਬਖ਼ਸ਼ਸ਼ ਕੀਤੀਆਂ ਤੇ ਇਨ੍ਹਾਂ ਨੂੰ ਕਲਾਧਾਰੀ ਦੇ ਨਾਮ ਨਾਲ ਪੁਕਾਰਿਆ ਜਾਣ ਲੱਗਾ।

ਸੰਨ 1942 ਈ: ਵਿਸਾਖੀ ਦਾ ਪੁਰਬ ਸ੍ਰੀ ਦਮਦਮਾ ਸਾਹਿਬ ਮਨਾਉਣ ਉਪਰੰਤ ਜਥੇਦਾਰ ਬਾਬਾ ਸਾਹਿਬ ਸਿੰਘ, ਪੰਥ ਵਹੀਰ ਚਲਾਉਣ ਦੀ ਜ਼ਿੰਮੇਵਾਰੀ ਬਾਬਾ ਚੇਤ ਸਿੰਘ ਨੂੰ ਸੌਂਪ ਕੇ ਉਹ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਕਈ ਛਾਉਣੀਆਂ ਦੇ ਚਲਦੇ ਮੁਕੱਦਮਿਆਂ ਦੀ ਪੈਰਵਾਈ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ। ਬਾਬਾ ਸਾਹਿਬ ਸਿੰਘ ਸਿੱਖ ਧਰਮ ਵਿਰੁੱਧ ਹੋ ਰਹੀਆਂ ਕੁਰੀਤੀਆਂ ਦੇ ਸਖ਼ਤ ਵਿਰੁੱਧ ਸਨ। ਉਹ ਮੋਹਪ੍ਰਸਤ ਲੀਡਰਾਂ ਤੇ ਅੰਗਰੇਜ਼ਾਂ ਦੀ ਬਦਮਜਾਜੀ ਤੋਂ ਵੀ ਪ੍ਰੇਸ਼ਾਨ ਤਾਂ ਸਨ, ਪਰ ਨਿਗ੍ਰਾਬਾਨ ਵੀ ਸਨ। ਮੁਸਲਮ-ਲੀਗ ਨੇ ਜਮਾਤ ਬੇਲਚਿਆਂ ਵਾਲੀ ਤਿਆਰ ਕਰ ਲਈ ਸੀ। ਅਕਾਲੀ ਦਲ ਨੇ 'ਅਕਾਲ ਰਜਮੈਂਟ' ਤਲਵਾਰਾਂ ਨਾਲ ਲੈਸ ਫੋਰਸ ਬਣਾ ਲਈ; ਪਰ ਅੰਗਰੇਜ਼ ਹਾਕਮਾਂ ਨੂੰ ਅਸਲ ਡਰ ਤਾਂ ਨਿਹੰਗ-ਸਿੰਘਾਂ ਤੋਂ ਸੀ। ਫੌਰੀ ਇਹ ਚਾਲ ਚੱਲੀ ਗਈ ਕਿ ਜਿਹੜੇ ਨਿਹੰਗ ਸਿੰਘਾਂ ਪਾਸ ਬਰਛੇ ਤੇ ਸ਼ਸਤ੍ਰ ਹਨ, ਉਨ੍ਹਾਂ ਨੂੰ ਪਕੜ ਲਿਆ ਜਾਵੇ। ਇਸ ਫੜੋ-ਫੜੀ ਤੇ ਗ੍ਰਿਫਤਾਰੀਆਂ ਪਿਛੋਂ ਹਾਈ ਕੋਰਟ ਲਾਹੌਰ ਮੁਕੱਦਮੇ ਵਿੱਚ ਫੈਸਲਾ ਹੋਇਆ ਕਿ ਨਿਹੰਗ ਸਿੰਘ ਪੰਜ ਸ਼ਸਤ੍ਰ ਧਾਰਨ ਕਰ ਸਕਦੇ ਹਨ (ਜੋ ਹੁਣ ਬੁੱਢਾ ਦਲ ਦੇ ਲਾਇਸੈਂਸ ਵਿੱਚ ਫੈਸਲੇ ਦੀ ਨਕਲ ਦਰਜ ਕੀਤੀ ਜਾਂਦੀ ਹੈ) ਇਸੇ ਕਾਰਨ ਹੀ ਡੀ.ਸੀ., ਅੰਮ੍ਰਿਤਸਰ ਨਾਲ ਪਹਾੜੀਏ ਕਰਮ ਸਿੰਘ ਨੇ ਸਲਾਹ ਕੀਤੀ ਕਿ ਜੇ ਬੁੱਢੇ ਦਲ ਦੇ ਜਥੇਦਾਰ ਕਲਾਧਾਰੀ ਬਾਬਾ ਸਾਹਿਬ ਸਿੰਘ ਮੰਨ ਜਾਵਣ ਤਾਂ ਇਹ ਕੰਮ ਬਹੁਤ ਸੁਖਾਲਾ ਹੋ ਜਾਵੇਗਾ।

ਬਾਬਾ ਸਾਹਿਬ ਸਿੰਘ ਕਲਾਧਾਰੀ ਮੁਕੱਦਮਿਆਂ ਦੀ ਪੈਰਵਾਈ ਕਰਨ ਲਈ ਅੰਮ੍ਰਿਤਸਰ ਆਏ, ਤਾਂ ਡੀ.ਸੀ. ਅੰਮ੍ਰਿਤਸਰ ਨੇ ਲੰਮੀ ਚੌੜੀ ਵਿਚਾਰ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਨਾਲ ਕੀਤੀ ਕਿ ਨਿਹੰਗ ਸਿੰਘ, ਜੋ ਬੁੱਢੇ ਦਲ ਤੋਂ ਸਜਦੇ ਹਨ, ਅਸੀਂ ਚਾਹੁੰਦੇ ਹਾਂ ਉਨ੍ਹਾਂ ਦੀ ਗਿਣਤੀ ਦੀ ਫਰਿਸਤ ਬਣਵਾ ਦਿਓ। ਉਸ ਲਿਸਟ ਨੂੰ ਅਸੀਂ ਥਾਣੇ ਦੇ ਆਧਾਰ 'ਤੇ ਭੇਜ ਦਿਆਂਗੇ। ਪੁਲੀਸ ਉਨ੍ਹਾਂ ਨਿਹੰਗ ਸਿੰਘ ਨੂੰ ਨਹੀਂ ਫੜੇਗੀ; ਨਾਜਾਇਜ਼ ਹਥਿਆਰਾਂ ਵਾਲੇ ਪਕੜੇ ਜਾਣਗੇ। ਅੰਗਰੇਜ਼ ਦੀ ਚਾਲ ਸਿੰਘਾਂ ਨੂੰ ਗਿਣਤੀ-ਮਿਣਤੀ ਵਿੱਚ ਲਿਆ ਕੇ ਜ਼ਲੀਲ ਕਰਨਾ ਚਾਹੁੰਦੀ ਸੀ। ਉਸ ਵਕਤ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਅੰਮ੍ਰਿਤਸਰ ਦਾ ਥਾਪਿਆ ਹੋਇਆ ਪਹਿਰੇਦਾਰ ਕਰਮ ਸਿੰਘ ਪਹਾੜੀਆ ਦਗੇਬਾਜ਼ ਨਿਕਲਿਆ। ਉਸ ਨੇ ਅੰਗਰੇਜ਼ ਨਾਲ ਸਾਂਢ-ਗਾਂਢ ਕਰ ਲਈ ਤੇ ਪਿੱਤਲ ਦੇ ਟੋਕਨ 'ਲੈਸੰਸ' ਨਿਹੰਗ ਸਿੰਘਾਂ ਨੂੰ ਜਾਰੀ ਕਰ ਦਿੱਤੇ। ਇਹ ਅਸਲ ਚਾਲ ਮੁਸਲਿਮ ਲੀਗ ਦੀ ਸੀ; ਕਿਉਂਕਿ ਸਾਰੇ ਹਿੰਦੁਸਤਾਨ ਦੀ ਮਰਦਮਸ਼ੁਮਾਰੀ ਤੋਂ ਹਿੰਦੂ ਤੇ ਮੁਸਲਮਾਨਾਂ ਦੀ ਗਿਣਤੀ ਤਾਂ ਸਾਹਮਣੇ ਸੀ, ਪਰ ਨਿਹੰਗ ਸਿੰਘਾਂ ਬਾਰੇ ਉਹ ਅਸਲ ਗਿਣਤੀ ਜਾਨਣੀ ਚਾਹੁੰਦਾ ਸੀ। ਉਸ ਨੂੰ ਡਰ ਸੀ ਕਿ ਪੰਜਾਬ ਦੇਸ਼ ਦੀ ਵੰਡ ਵੇਲੇ ਇਹ ਗੁਰੂ ਦੀ ਲਾਡਲੀ ਫੌਜ ਸਾਰੀ ਲੀਡਰਸ਼ਿਪ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਹਦੂਦ ਵਾਲਾ ਸਿੱਖ ਰਾਜ ਪ੍ਰਾਪਤ ਕਰਨ ਲਈ ਮਜਬੂਰ ਨਾ ਕਰ ਦੇਵੇ।

ਜਥੇਦਾਰ ਬੁੱਢਾ ਦਲ ਸਰਕਾਰ ਦੀ ਇਸ ਚਾਲ ਨੂੰ ਜਾਣ ਗਏ। ਜਥੇਦਾਰ ਕਲਾਧਾਰੀ ਖੁਦ ਭੀ ਤਹਿਸੀਲਦਾਰ ਰਹਿ ਚੁੱਕੇ ਸਨ ਤੇ ਰਾਜਨੀਤੀ ਦੇ ਦਾਅਪੇਚਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹ ਬੁੱਢੇ ਦਲ ਦੀ ਮਰਯਾਦਾ ਨੂੰ ਵੀ ਭਲੀ ਭਾਂਤ ਕਾਇਮ ਰੱਖਣਾ ਜਾਣਦੇ ਸਨ। ਗੁਰੂ ਕਲਗੀਧਰ ਜੀ ਨੇ ਗੁਰੂ ਪੰਥ ਖਾਲਸਾ ਸਾਜਣ ਕੀਤਾ ਹੈ, ਇਹ ਕਿਸੇ ਹਕੂਮਤ ਦੇ ਅਧੀਨ ਨਹੀਂ ਰਹੇ। ਦੁੱਖਾਂ-ਕਲੇਸ਼ਾਂ ਵਿੱਚੋਂ ਗੁਜ਼ਰ ਕੇ ਜੰਗਲਾਂ, ਉਜਾੜਾਂ ਵਿੱਚ ਹੀ ਸਮਾਂ ਬਤਾ ਲੈਂਦੇ ਰਹੇ ਹਨ, ਪਰ ਇਹ ਕਿਸੇ ਦੀ ਈਨ ਨਹੀਂ ਮੰਨਦੇ। ਗੁਰੂ ਕੀ ਲਾਡਲੀ ਫੌਜ ਨੂੰ ਅੰਗਰੇਜ਼ ਸਰਕਾਰ ਦੇ ਅਧੀਨ ਕਰ ਕੇ, ਗੁਰੂ ਕਲਗੀਧਰ ਪਾਤਸ਼ਾਹ ਦੀ ਦਰਗਾਹੇ ਗੁਨਾਹਗਾਰ ਬਣ ਕੀ ਜਵਾਬ ਦਿਆਂਗਾ। ਕਲਾਧਾਰੀ ਜੀ ਨੇ ਡੀ.ਸੀ. ਨੂੰ ਮੂੰਹ ਤੋੜ ਜਵਾਬ ਦੇ ਦਿੱਤਾ ਕਿ ਮੈਂ ਕਲਗੀਧਰ ਦੀ ਫੌਜ ਨੂੰ ਜੋ ਖੁੱਲ੍ਹੇ ਖੁਲਾਸੇ ਫਿਰਦੇ ਹਨ, ਕਿਸੇ ਬੰਧਨ ਵਿੱਚ ਨਹੀਂ ਪਾ ਸਕਦਾ।



ਬੁੱਢਾ ਦਲ ਦੇ ਇਸ ਜਥੇਦਾਰ ਨੇ ਕੌਮ ਦੇ ਪੰਥਕ ਆਗੂਆਂ ਨੂੰ ਅਕਾਲੀ ਲਹਿਰ, ਅਕਾਲੀ ਮੋਰਚੇ, ਪੰਜਾਬੀ ਸੂਬਾ ਅੰਦੋਲਨ ਤਥਾ ਹੋਰ ਔਕੜ ਸਮੇਂ ਵਿੱਚ ਪੂਰਾ ਵੱਧ ਚੜ੍ਹ ਕੇ ਸਾਥ ਦਿੱਤਾ। ਦੱਸਿਆ ਜਾਂਦਾ ਹੈ ਕਿ ਇੱਕ ਸਮੇਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਬੁੱਢਾ ਦਲ ਦਾ ਪੜਾਓ ਸੀ। ਬਾਬਾ ਚੇਤ ਸਿੰਘ ਉਸ ਸਮੇਂ ਨਿਗਰਾਚੀ ਸਿੰਘ ਦਾ ਪਹਿਰਾ ਦਿਆ ਕਰਦੇ ਸਨ, ਸਾਰੇ ਦਲ ਨੂੰ ਅੰਗਰੇਜ਼ ਸਰਕਾਰ ਨੇ ਘੇਰੇ ਵਿੱਚ ਲੈ ਲਿਆ, ਬਾਬਾ ਚੇਤ ਸਿੰਘ ਸਰਕਾਰੀ ਕਰਮਚਾਰੀਆਂ ਨਾਲ ਜੂਝਣ ਲਈ ਤਿਆਰ ਹੋ ਗਏ। ਦਲ ਦੇ ਜਥੇਦਾਰ ਕਲਾਧਾਰੀ ਜੀ ਨੇ ਫੌਰੀ ਤੌਰ 'ਤੇ ਰੋਕ ਦਿੱਤੇ। ਬਾਬਾ ਜੀ ਦਲ ਸਮੇਤ ਬੋਸਟਰ ਜੇਲ੍ਹ ਵਲਾਇਤ ਵਿਖੇ ਭੇਜ ਦਿੱਤੇ ਗਏ। ਗਿਆਨੀ ਸ਼ੇਰ ਸਿੰਘ ਪ੍ਰਸਿੱਧ ਅਕਾਲੀ ਲੀਡਰ, ਕਲਾਧਾਰੀ ਜੀ ਦੇ ਖਾਸ ਮਿੱਤਰਾਂ ਵਿੱਚੋਂ ਸਨ, ਦੀ ਪ੍ਰੇਰਨਾ ਨਾਲ ਸਰ ਸੁੰਦਰ ਸਿੰਘ ਮਜੀਠੀਆ, ਸਰ ਜੋਗਿੰਦਰ ਸਿੰਘ ਆਦਿ ਦੇ ਜ਼ੋਰ ਦੇਣ ਕਰਕੇ ਪੰਜਾਬ ਦੇ ਗਵਰਨਰ ਨੇ ਦਲ ਦੇ ਸਾਰੇ ਸਿੰਘਾਂ ਨੂੰ ਰਿਹਾਅ ਕਰ ਦਿੱਤਾ। ਦਲ ਤੋਂ ਬਾਹਰ ਰਹੇ ਜਿਹੜੇ ਸਿੰਘਾਂ ਨੇ ਦਲ ਪੰਥ ਦੇ ਘੋੜਿਆਂ ਦੀ ਬਹੁਤ ਹੀ ਮਿਹਨਤ ਤੇ ਇਮਾਨਦਾਰੀ ਨਾਲ ਸਾਂਭ-ਸੰਭਾਲ ਕੀਤੀ, ਉਨ੍ਹਾਂ ਬਾਰੇ ਅਕਸਰ ਹੀ ਬਾਬਾ ਸਾਹਿਬ ਸਿੰਘ ਜੀ ਬੜੇ ਪ੍ਰੇਮ ਨਾਲ ਗੱਲ ਕਰਦੇ ਤੇ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਸਨ।

ਰਾਜ ਜੋਗ-ਦੀ ਪ੍ਰਾਪਤੀ ਦਾ ਮੂਲ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਨ, ਉਥੇ ਰਾਜ ਲਈ ਸ਼ਕਤੀ-ਕਮਾਈ, ਬਹੁ-ਬਲ, ਜੋਸ਼ ਅਤੇ ਸ਼ਸਤ੍ਰਾਂ ਦੇ ਚਲਾਉਣ ਦੀ ਸ਼ਕਤੀ ਦੀ ਪ੍ਰਾਪਤੀ ਦਾ ਮੂਲ-ਦਸਮੇਸ਼ ਜੀ ਦੀ ਬਾਣੀ ਹੈ। ਪਿਛਲੇ ਸਮਿਆਂ ਵਿੱਚ ਸ਼ਸਤ੍ਰਾਂ ਦੀ ਸ਼ਕਤੀ, ਵੇਦ ਮੰਤ੍ਰ ਜਾਂ ਦੇਵਤਿਆਂ ਦੀ ਅਰਾਧਨਾ ਕਰਨ ਨਾਲ ਪ੍ਰਾਪਤ ਹੋ ਜਾਂਦੀ ਸੀ; ਜਿਨ੍ਹਾਂ ਪਾਸ ਉਹ ਸਸਤ੍ਰ ਹੁੰਦੇ ਸਨ-ਜਿਵੇਂ ਅਗਨ ਬਾਣ, ਮੇਘ ਬਾਣ ਆਦਿ। ਸ੍ਰੀ ਗੁਰੂ ਕਲਗੀਧਰ ਜੀ ਨੇ ਖਾਲਸਾ ਪੰਥ ਨੂੰ ਹਰ ਤਰ੍ਹਾਂ ਭਰਪੂਰ ਸਰਬ ਗੁਣ ਨਿਧਾਨ ਬਣਾ ਕੇ ਸੰਸਾਰਕ ਤੇ ਪ੍ਰਮਾਰਥਕ ਸ਼ਕਤੀ ਲਈ ਗੁਰੂ ਬਾਣੀਆਂ ਦਾ ਧਾਰਨੀ ਵੀ ਬਣਾਇਆ ਹੈ।

ਸਾਰੇ ਤਖ਼ਤਾਂ ਤੇ ਆਦਿ ਸਰੂਪ ਨਾਲ ਹੀ ਦਸਮ ਦਾ ਪ੍ਰਕਾਸ਼ ਵੀ ਹੁੰਦਾ ਸੀ। ਸੰਨ 1940-41 ਵਿੱਚ ਅਕਾਲ ਤਖਤ ਸਾਹਿਬ 'ਤੇ ਦਸਮ ਗ੍ਰੰਥ ਸਾਹਿਬ ਦੇ 101 ਅਖੰਡ ਪਾਠਾਂ ਦੀ ਅਰਦਾਸ ਕਰ ਕੇ ਸ਼੍ਰੋਮਣੀ ਕਮੇਟੀ ਵਲੋਂ ਆਰੰਭ ਕੀਤੇ ਗਏ; ਪਰ ਪੰਜ ਛੇ ਅਖੰਡ ਪਾਠ ਹੋ ਜਾਣ 'ਤੇ ਅਰਦਾਸ ਭੰਗ ਕਰ ਕੇ ਅਖੰਡ ਪਾਠਾਂ ਦੀ ਚੱਲ ਰਹੀ ਲੜੀ ਬੰਦ ਕਰਵਾ ਦਿੱਤੀ ਗਈ। ਉਸ ਵਕਤ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਬੁੱਢਾ ਦਲ ਦੀ ਛਾਉਣੀ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਆਏ ਹੋਏ ਸਨ। ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਅਰਦਾਸ ਤਾਂ ਸ਼੍ਰੋਮਣੀ ਕਮੇਟੀ ਨੇ ਭੰਗ ਕਰ ਦਿੱਤੀ ਹੈ, ਤਾਂ ਉਸੇ ਵਕਤ ਜਥੇਦਾਰ ਬਾਬਾ ਸਾਹਿਬ ਸਿੰਘ ਨੇ ਇਸ ਅਰਦਾਸ ਨੂੰ ਭੰਗ ਕਰਨ ਤੇ ਦਸਮ ਦਾ ਅਖੰਡ ਪਾਠ ਬੰਦ ਕਰਨ ਦਾ ਕਾਰਨ ਪੁੱਛਣ ਲਈ, ਪੰਜ ਸਿੰਘਾਂ ਨੂੰ ਵਿਚਾਰ-ਵਟਾਂਦਰੇ ਲਈ ਭੇਜਿਆ, ਪਰ ਇਨ੍ਹਾਂ ਸਿੰਘਾਂ ਦੇ ਪ੍ਰਸ਼ਨਾਂ ਦਾ ਉੱਤਰ ਗਿਆਨੀ ਅੱਛਰ ਸਿੰਘ ਬਾਦਲੀਨ ਨਾ ਦੇ ਸਕੇ। ਬਾਬਾ ਜੀ ਬਿਮਾਰ ਰਹਿਣ ਲੱਗ ਪਏ। ਅਖੀਰ 66 ਕੁ ਸਾਲ ਦੀ ਆਯੂ ਭੋਗ 12 ਸਾਲ ਬੁੱਢੇ ਦਲ ਦੀ ਜਥੇਦਾਰੀ ਕਰ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਇਹ ਪੰਥ ਸੇਵਕ 15 ਸਾਵਨ ਸੰਮਤ 1999 ਸੰਨ 1942 ਨੂੰ ਅੰਮ੍ਰਿਤ ਵੇਲੇ ਜਪੁਜੀ ਅਤੇ ਜਾਪ ਦਾ ਪਾਠ ਕਰ ਕੇ ਜੋਤੀ-ਜੋਤਿ ਜਾ ਰਲੇ; ਜਿਨ੍ਹਾਂ ਦਾ ਅੰਗੀਠਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਪਹਾੜ ਸਾਹਮਣੇ ਤੇ ਗੁਰ ਅਸਥਾਨ ਪਾਤਸ਼ਾਹੀ ਛੇਵੀਂ ਮਲ-ਅਖਾੜੇ ਤੋਂ ਲਹਿੰਦੇ ਪਾਸੇ ਹੈ, ਤੇ ਨੀਲੇ ਫਰਰੇ ਵਾਲਾ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ। ਉਨ੍ਹਾਂ ਦੀ 82ਵੀਂ ਬਰਸੀ 30 ਜੁਲਾਈ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਪੂਰਨ ਸ਼ਰਧਾ ਸਤਿਕਾਰ ਨਾਲ ਮਨਾਈ ਗਈ।

# Elite Pro Solutions

- Trucking Permits
- MC ■DOT ■EIN
- Filling name with the state
- Fuel Permit ■Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

The application process can vary by state and type of permit.

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

**ਸਾਡੀ ਮੁਹਾਰਤ***

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

**ਸਾਡੀ ਪਹੁੰਚ**

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**






17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

## ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**

Onsite Tandoor Service For Fresh Naan & KABABS and Onsite Fresh DOSA Service.

**ਫੋਨ: 262-894-0913**
**ਜਾਂ 414-588-3325**